# ਕੈਨੇਡਾ ਦਰਪਣ

ਜੁਲਾਈ 1, 1983

**July 1, 1983**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

EAST INDIAN COMMUNITY NEWSPAPER

25¢

Out Of Greater Vancouver 40¢

2ND CLASS MAIL-REG. PENDING

# ਕੈਨੇਡਾ ਦਰਪਣ

ਭਾਰਤੀ ਕਮਿਊਨਿਟੀ ਸਮਾਚਾਰ ਪੱਤਰ

ADDRESS:
P.O. BOX 67344 STN. 'O'
VANCOUVER, B.C. V5W 3T1
CANADA

Publisher: ASIA BOOK COMPANY LTD.
VOL. 2, NO. 13 July 1, 1983
PHONE: 324-6111

THE CANADA DARPAN
PUNJABI FORTNIGHTLY
Chief Editor(Hon.) : DARSHAN GILL
Editor : HARBHAJAN SINGH DEOL

# ਪੰਜਾਬ ਵਿਚ ਮਘ ਰਹੀ ਫਿਰਕੂ ਅੱਗ ਨੇ ਪੰਜ ਹੋਰ ਸਾੜ ਦਿੱਤੇ

ਪ੍ਰਾਪਤ ਖਬਰਾਂ ਅਨੁਸਾਰ 27 ਜੂਨ ਨੂੰ ਪੰਜਾਬ ਵਿਚ ਫਿਰਕੂ ਫਸਾਦ ਭੜਕ ਪਏ ਹਨ, ਜਿਨਾਂ ਕਾਰਨ ਪੰਜ ਵਿਅਕਤੀ ਹਲਾਕ ਹੋ ਗਏ ਹਨ। 27 ਜੂਨ ਨੂੰ ਹਿੰਦੂ ਸੁਰਖਸ਼ਾ ਸੰਮਤੀ ਵਲੋਂ ਸਾਰੇ ਪੰਜਾਬ ਵਿਚ ਹੜਤਾਲ ਦਾ ਸੱਦਾ ਦਿੱਤਾ ਗਿਆ ਸੀ। ਐਸੋਸੀਏਟਿਡ ਪਰੈਸ ਏਜੰਸੀ ਦੀ ਖਬਰ ਅਨੁਸਾਰ ਸਿਖ ਅਤਿਵਾਦੀਆਂ ਨੇ ਦੋ ਜ਼ਿਲਿਆਂ ਵਿਚ ਹਿੰਦੂ ਮੰਦਰਾਂ ਤੇ ਹਮਲੇ ਕੀਤੇ ਜਿਨਾਂ ਕਾਰਨ ਇਕ ਪੁਜਾਰੀ ਮਾਰਿਆ ਗਿਆ ਇਕ ਜ਼ਖਮੀ ਹੋਇਆ ਅਤੇ ਇਕ ਨੌਜਵਾਨ ਦੇ ਛੁਰੇ ਮਾਰੇ ਗਏ।

ਜਲੰਧਰ ਅਤੇ ਕਪੂਰਥਲੇ ਵਿਚ ਐਤਵਾਰ ਨੂੰ ਹੋਈਆਂ ਘਟਨਾਵਾਂ ਕਾਰਨ ਪੈਰਾ ਮਿਲਟਰੀ ਦਸਤੇ ਭੇਜੇ ਗਏ ਹਨ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਕ ਮੰਦਰ ਨੂੰ ਘੇਰਿਆ ਗਿਆ ਅਤੇ ਤਲਵਾਰਾਂ ਦੀ ਵਰਤੋਂ ਕੀਤੀ ਗਈ ਅਤੇ ਇਕ ਪੂਜਾ ਕਰਦੇ ਪੁਜਾਰੀ ਨੂੰ ਸ਼ਰੇਆਮ ਕਤਲ ਕਰ ਦਿੱਤਾ ਗਿਆ।

ਕੁਝ ਸੂਤਰਾਂ ਅਨੁਸਾਰ ਪੰਜਾਬ ਦੇ ਕੁਝ ਸ਼ਹਿਰਾਂ ਵਿਚ ਕਰਫਿਊ ਲਗਾਇਆ ਗਿਆ ਹੈ। ਸਾਰੇ ਪੰਜਾਬ ਵਿਚ ਦਫਾ 144 ਲਾਏ ਜਾਣ ਦੀਆਂ ਖਬਰਾਂ ਵੀ ਆਈਆਂ ਹਨ ਪਰ ਇਹਨਾਂ ਦੀ ਪੁਸ਼ਟੀ ਨਹੀਂ ਹੋ ਸਕੀ।

## ਭਾਰਤ ਅਤੇ ਇਟਲੀ ਰਲ ਕੇ ਰੈਡਾਰ ਬਣਾਉਣਗੇ

ਨਵੀਂ ਦਿੱਲੀ—ਆਂਧਰਾ ਪ੍ਰਦੇਸ਼ ਦੀ ਸਰਕਾਰ ਅਤੇ ਇਟਲੀ ਦੀ ਇਕ ਫਰਮ ਵਲੋਂ ਇਕ ਸਮਝੌਤੇ ਤੇ ਦਸਖਤ ਹੋਏ ਹਨ ਜਿਸ ਵਿਚ ਵਿਸ਼ਾਖਾਪਟਮ ਵਿਚ ਰੈਡਾਰ ਬਣਾਏ ਜਾਣਗੇ ਅਤੇ ਨਵੀਂ ਤਕਨੀਕੀ ਸਾਇਸ ਦੇ ਪ੍ਰਬੰਧ ਹੋਣਗੇ। ਇਸ ਸਮੇਂ ਭਾਰਤ ਅਜਿਹੇ ਰੈਡਾਰ ਬਾਹਰੋਂ ਮੰਗਵਾਉਂਦਾ ਹੈ।

## ਰੇਗਨ ਦੀ ਅਮਰੀਕਨ ਭਾਰਤੀਆਂ ਨੂੰ ਫੂਕ

ਅਮਰੀਕਾ ਦੇ ਪ੍ਰਧਾਨ ਰੇਗਨ ਨੇ 19 ਜੂਨ ਨੂੰ ਨਿਊਯਾਰਕ ਵਿਚ ਇਕ ਸੰਦੇਸ਼ ਵਿਚ ਕਿਹਾ ਕਿ ਅਮਰੀਕਨ ਭਾਰਤੀਆਂ ਨੇ ਅਮਰੀਕਾ ਨੂੰ ਵਧੀਆ ਥਾਂ ਬਣਾਉਣ ਵਿਚ ਮਦਦ ਦਿਤੀ ਹੈ। ਉਸ ਨੇ ਇਹ ਵੀ ਕਿਹਾ ਕਿ ਭਾਰਤ ਨੂੰ ਅਮਰੀਕਾ ਨਾਲ ਚੰਗੇਰਾ ਸਾਥ ਦਿੱਤਾ ਹੈ। ਬਹੁਤ ਸਾਰੇ ਸੈਨੇਟਰ ਤੇ ਨਿਊਯਾਰਕ ਦਾ ਮੇਅਰ ਵੀ ਉਸ ਸਮੇਂ ਸ਼ਾਮਲ ਸੀ।

## ਸ੍ਰੀਮਤੀ ਇੰਦਰਾ ਗਾਂਧੀ ਦੀ ਨੂੰਹ ਗ੍ਰਿਫਤਾਰ ਕਰ ਲਈ ਗਈ

21 ਜੂਨ ਨੂੰ ਪਟਿਆਲੇ ਵਿਚ ਅਮਨ ਮਾਰਚ ਦੀ ਅਗਵਾਈ ਕਰਦਿਆਂ ਸ੍ਰੀ ਮਤੀ ਮੇਨਕਾ ਗਾਂਧੀ ਨੂੰ ਗਿਰਫਤਾਰ ਕਰ ਲਿਆ ਗਿਆ। ਸੰਜੇ ਮੰਚ ਦੇ 50 ਹੋਰ ਵਿਅਕਤੀ ਵੀ ਪਕੜ ਲਏ ਗਏ। ਪੁਲੀਸ ਵਲੋਂ ਲਾਠੀ ਚਾਰਜ ਵੀ ਹੋਇਆ।

ਮਗਰੋਂ ਗੋਬਿੰਦ ਗੜ ਲੈ ਜਾ ਕੇ ਮੇਨਕਾ ਗਾਂਧੀ ਰਿਹਾ ਕਰ ਦਿੱਤੀ ਗਈ।

## ਗੁਜਰਾਤ ਵਿਚ ਹੜ੍ਹਾਂ ਕਾਰਨ ਤਬਾਹੀ 800 ਜਾਨਾਂ ਦਾ ਨੁਕਸਾਨ

ਭਾਰਤ ਦੇ ਗੁਜਰਾਤ ਸੂਬੇ ਵਿਚ ਪਿਛਲੇ ਹਫਤੇ ਆਏ ਹੜ੍ਹਾਂ ਕਾਰਨ 800 ਬੰਦੇ ਮਾਰੇ ਗਏ ਹਨ। ਪੀ. ਟੀ. ਆਈ. ਦੀ ਰਿਪੋਰਟ ਅਨੁਸਾਰ ਜਾਨੀ ਨੁਕਸਾਨ ਦੀ ਠੀਕ ਗਿਣਤੀ ਹੋਰ ਵੀ ਵਧ ਜਾਣ ਦੀ ਸੰਭਾਵਨਾ ਹੈ! ਜੂਨਾਗੜ੍ਹ ਵਿਚ ਕਈ ਪਿੰਡ ਹਾਲੇ ਵੀ ਪਾਣੀ ਵਿਚ ਹਨ। ਲਗਪਗ 60000 ਗਊਆਂ ਵੀ ਹੜ੍ਹ ਦਾ ਸ਼ਿਕਾਰ ਹੋ ਗਈਆਂ ਹਨ ਅਤੇ 50000 ਘਰਾਂ ਦਾ ਨੁਕਸਾਨ ਹੋ ਚੁਕਾ ਹੈ। 30000 ਬੰਦੇ ਅਜੇ ਵੀ ਜੂਨਾਗੜ੍ਹ ਦੇ ਇਲਾਕੇ ਵਿਚ ਪਾਣੀ ਵਿਚ ਘਿਰੇ ਹੋਏ ਹਨ।

ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਹੜ੍ਹ ਪੀੜਤਾਂ ਨਾਲ ਹਮਦਰਦੀ ਪ੍ਰਗਟਾਉਂਦਿਆਂ ਉਸ ਇਲਾਕੇ ਦਾ ਦੌਰਾ ਕੀਤਾ। ਸੈਨਾ ਅਤੇ ਜਲ ਸੈਨਾ ਦੀਆਂ ਕਿਸ਼ਤੀਆਂ ਤੇ ਹੈਲੀਕੌਪਟਰ ਬਚਾਓ ਦੇ ਉਪਰਾਲਿਆਂ ਵਿਚ ਲੱਗੇ ਹੋਏ ਹਨ ਅਤੇ ਖੁਰਾਕ ਆਦਿ ਪੁਚਾ ਰਹੇ ਹਨ।

## "ਗੱਲ ਜਿੱਤ, ਹਾਰ ਦੀ ਨਹੀਂ ਗੱਲ ਤੋੜ ਫੋੜ ਤੇ ਹਿੰਸਾ ਦੀ ਹੈ"— ਇੰਦਰਾ ਗਾਂਧੀ

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਜਿੱਤ ਜਾਂ ਹਾਰ ਵਿਚ ਵਿਸ਼ਵਾਸ਼ ਨਹੀਂ ਕਰਦੇ ਪਰ ਅਕਾਲੀਆਂ ਵਲੋਂ ਚਲਾਈ ਜਾ ਰਹੀ ਐਜੀਟੇਸ਼ਨ ਵਿਚ ਹਿੰਸਾ ਅਤੇ ਤੋੜ ਭੰਨ ਦੀਆਂ ਕਾਰਵਾਈਆਂ ਤੇ ਕਤਲਾਂ ਦੀ ਭਰਮਾਰ ਦੀ ਚਿੰਤਾ ਕੀਤੀ ਜਾਣੀ ਚਾਹੀਦੀ ਹੈ। ਉਹ ਇਕ ਪੱਤਰਕਾਰ ਦੇ ਇਸ ਸਵਾਲ ਦਾ ਜਵਾਬ ਦੇ ਰਹੇ ਸਨ ਕਿ ਅਕਾਲੀਆਂ ਵਲੋਂ ਰੇਲ ਰੋਕੋ ਐਜੀਟੇਸ਼ਨ 17 ਜੂਨ ਨੂੰ ਸਫਲ ਰਹੀ।

ਸ੍ਰੀਮਤੀ ਇੰਦਰਾ ਗਾਂਧੀ ਨੇ ਵਿਰੋਧੀ ਪਾਰਟੀਆਂ ਤੇ ਦੋਸ਼ ਲਾਇਆ ਕਿ ਉਹ ਤਾਂ ਹਰ ਐਜੀਟੇਸ਼ਨ ਦੀ ਹੀ ਸਪੋਰਟ ਕਰਦੀਆਂ ਹਨ ਅਤੇ ਇਹਨਾਂ ਦੇ ਸਿੱਟਿਆਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੀਆਂ। ਇੰਦਰਾ ਗਾਂਧੀ ਨੇ ਕਿਹਾ ਕਿ ਰੌਲਾ ਪੰਜਾਬ ਵਿਚ ਪਾਣੀਆਂ ਦਾ ਨਹੀਂ ਬੁਨਿਆਦੀ ਗੱਲ ਤਾਂ ਇਹ ਹੈ ਕਿ ਜਨਤਾ ਸਰਕਾਰ ਵੇਲੇ ਤਿੰਨ ਸਾਲ ਇਸ ਮਸਲੇ ਨੂੰ ਕਿਉਂ ਨਾ ਸੁਲਝਾਇਆ ਗਿਆ। ਜਦ ਕਿ ਅਕਾਲੀ ਆਪ ਉਸ ਵਿਚ ਭਾਈਵਾਲ ਸਨ।

## ਐਡਮਿੰਟਨ ਤੇ ਸੈਸਕਾਟੂਨ ਵਿਚ ਭਾਰੀ ਹੜ੍ਹ

ਪਿਛਲੇ ਹਫਤੇ ਐਡਮਿੰਟਨ ਵਿਚ ਭਾਰੀ ਬਾਰਿਸ਼ ਹੋਣ ਕਾਰਨ ਮਿਲ ਵੁਡਜ ਇਲਾਕੇ ਵਿਚ ਇਕ ਦੁਰਘਟਨਾ ਵਿਚ ਇਕ ਦਸ ਸਾਲਾ ਬੱਚੇ ਦੀ ਮੌਤ ਹੋ ਗਈ। ਤੇਜ ਬਹਾਅ ਕਾਰਨ ਮੈਨ ਹੋਲ ਦਾ ਢੱਕਣ ਉਠਣ ਨਾਲ ਇਸ ਬੱਚੇ ਨੂੰ ਪਾਣੀ ਦੇ ਤੇਜ਼ ਵਹਾ ਨੇ ਖਿਚ ਲਿਆ।

ਸੈਸਕਾ ਟੂਨ ਵਿਚ ਵੀ ਹੜ੍ਹਾਂ ਨੇ ਤਬਾਹੀ ਮਚਾਈ ਜਿਸ ਕਾਰਨ ਲੱਖਾਂ ਡਾਲਰਾਂ ਦਾ ਨੁਕਸਾਨ ਹੋਣ ਦੀਆਂ ਖਬਰਾਂ ਹਨ।

ਅੰਦਰ ਪੜ੍ਹੋ —

ਵਿਸ਼ੇਸ਼ ਪ੍ਰਤੀਨਿਧ ਵਲੋਂ ਪੰਜਾਬ ਦੀ ਰਾਜਨੀਤਕ ਸਥਿਤੀ ਤੇ ਵੱਖ ਵੱਖ ਪਾਰਟੀਆਂ ਦਾ ਰੋਲ

## ਖਾਲਿਸਤਾਨ ਬਾਰੇ ਅਮਰੀਕੀ ਰਾਜਦੂਤ ਦੀ ਟਿੱਪਣੀ

## ਅਮਰੀਕਾ ਸਾਡੇ ਅੰਦਰੂਨੀ ਮਾਮਲਿਆਂ ਵਿਚ ਦਖਲ ਅੰਦਾਜ਼ੀ ਕਰ ਰਿਹਾ ਹੈ —

ਦੇਸ ਪ੍ਰਦੇਸ ਅਨੁਸਾਰ ਕਾਂਗਰਸ (ਏ) ਦੇ ਜਨਰਲ ਸਕੱਤਰ ਅਤੇ ਲੋਕ ਸਭਾ ਦੇ ਮੈਂਬਰ ਸ੍ਰੀ ਰਾਜੀਵ ਗਾਂਧੀ ਨੇ ਭਾਰਤ ਸਥਿਤ ਅਮਰੀਕੀ ਰਾਜਦੂਤ ਦੀ "ਖਾਲਿਸਤਾਨ" ਦੇ ਸਬੰਧ ਵਿਚ ਕੀਤੀ ਗਈ ਟਿਪਣੀ ਨੂੰ ਵਿਦੇਸ਼ੀ ਹੱਥ ਨਾਲ ਤੁਲਨਾ ਦਿੱਤੀ ਹੈ।

ਦਿੱਲੀ ਨਗਰ ਨਿਗਮ ਦੁਆਰਾ ਮਹਾਰਾਣਾ ਪ੍ਰਤਾਪ ਦੀ 444ਵੀਂ ਜਯੰਤੀ ਦੇ ਅਵਸਰ ਤੇ ਆਯੋਜਤ ਇਕ ਸਮਾਰੋਹ ਨੂੰ ਸੰਬੋਧਨ ਕਰਦਿਆਂ ਸ੍ਰੀ ਰਾਜੀਵ ਗਾਂਧੀ ਨੇ ਆਖਿਆ, "ਜਦ ਵੀ ਵਿਦੇਸ਼ੀ ਤਾਕਤ ਦੇ ਹੱਥ ਦੀ ਗੱਲ ਕੀਤੀ ਜਾਂਦੀ ਹੈ ਤਾਂ ਅਖਬਾਰਾਂ ਵਾਲੇ ਮਖੌਲ ਕਰਦੇ ਹਨ। ਉਹਨਾਂ ਆਖਿਆ ਕਿ ਅਮਰੀਕਨ ਰਾਜਦੂਤ ਦੀ ਟਿਪਣੀ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਅੰਦਾਜ਼ੀ ਨਹੀਂ ਤਾਂ ਹੋਰ ਕੀ ਹੈ। ਉਹਨਾਂ ਆਖਿਆ ਕਿ ਜੇ ਅਮਰੀਕਾ ਖਾਲਿਸਤਾਨ ਨੂੰ ਸਮਰਥਨ ਨਹੀਂ ਦੇ ਰਿਹਾ ਤਾਂ ਉਸ ਦੇ ਰਾਜਦੂਤ ਨੂੰ ਇਸ ਟਿਪਣੀ ਤੋਂ ਇਨਕਾਰ ਕਰਨਾ ਚਾਹੀਦਾ ਹੈ। ਪਰ ਉਹਨਾਂ ਨੇ ਖਾਲਿਸਤਾਨ ਅੰਦੋਲਨ ਦੀ ਤੁਲਨਾ "ਫਿਓਰਿਟੋ ਰਿਕ" ਦੇ ਸਵਤੰਤਰਤਾ ਅੰਦੋਲਨ ਨਾਲ ਕੀਤੀ ਜਿਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਵਿਦੇਸ਼ੀ ਤਾਕਤਾਂ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਅੰਦਾਜ਼ੀ ਕਰ ਰਹੀਆਂ ਹਨ।

ਸ੍ਰੀ ਰਾਜੀਵ ਗਾਂਧੀ ਨੇ ਆਖਿਆ, "ਪੰਜਾਬ ਵਿਚ ਜਿਸ ਤਰ੍ਹਾਂ ਦੇ ਹਥਿਆਰਾਂ ਦੀ ਵਰਤੋਂ ਕੀਤੀ ਜਾ ਰਹੀ ਉਸ ਤੋਂ ਵੀ ਵਿਦੇਸ਼ੀ ਤਾਕਤਾਂ ਦੇ ਸਰਗਰਮ ਹੋਣ ਦਾ ਪਤਾ ਲੱਗਦਾ ਹੈ। ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਕ ਬਿਆਨ ਵਿਚ ਆਖਿਆ ਕਿ ਵੱਖਵਾਦੀ ਸਿੱਖਾਂ ਵਲੋਂ ਜਿਹੜੀ ਮੁਹਿਮ ਚਲਾਈ ਜਾ ਰਹੀ ਹੈ ਉਸ ਦਾ ਹੈਡ ਕੁਆਰਟਰ ਅਮਰੀਕਾ ਵਿਚ ਹੈ ਅਤੇ ਇਸ ਪ੍ਰਕਾਰ ਦੀ ਕੋਈ ਮੁਹਿਮ ਭਾਰਤ ਵਿਚ ਨਹੀਂ ਹੈ।

ਸ੍ਰੀਮਤੀ ਇੰਦਰਾ ਗਾਂਧੀ ਅਮਰੀਕੀ ਰਾਜਦੂਤ ਹੈਰੀ ਬਾਰਨਜ਼ ਵਲੋਂ "ਖਾਲਿਸਤਾਨ" ਦੇ ਸਵੈ ਸਜੇ ਪ੍ਰਧਾਨ ਡਾ. ਜਗਜੀਤ ਸਿੰਘ ਚੌਹਾਨ ਨੂੰ ਅਮਰੀਕਾ ਜਾਣ ਦੀ ਆਗਿਆ ਦੇਣ ਦੇ ਬਾਰੇ ਟਿਪਣੀ ਕਰ ਰਹੀ ਸੀ।

ਯਾਦ ਰਹੇ ਭਾਰਤੀ ਸਰਕਾਰ ਨੇ ਡਾ. ਜਗਜੀਤ ਸਿੰਘ ਦੀ ਭਾਰਤੀ ਨਾਗਰਿਕਤਾ ਮਨਸੂਖ ਕੀਤੀ ਹੋਈ ਹੈ ਅਤੇ ਉਹਨਾਂ ਦਾ ਪਾਸਪੋਰਟ ਵੀ ਕੈਂਸਲ ਕੀਤਾ ਹੋਇਆ ਹੈ।

ਯਾਦ ਰਹੇ ਕਿ ਸਫੀਰ ਮਿ: ਬਾਰਨਜ਼ ਨੇ ਇਕ ਇੰਟਰਵਿਊ ਵਿਚ ਆਖਿਆ ਸੀ ਕਿ ਡਾ: ਜਗਜੀਤ ਸਿੰਘ ਨੂੰ ਅਮਰੀਕਾ ਜਾਣ ਦੀ ਇਜਾਜ਼ਤ ਦੇਣ ਬਾਰੇ ਭਾਰਤ ਦਾ ਪ੍ਰਤੀਕਰਮ ਦਰੁਸਤ ਨਹੀਂ ਸੀ। ਉਹਨਾਂ ਦੀ ਇਸ ਟਿਪਣੀ ਉਤੇ ਅਮਰੀਕੀ ਸਿਫਾਰਤਖਾਨੇ ਦੇ ਬਾਹਰ ਵਿਖਾਵਾ ਹੋਇਆ ਸੀ, ਅਤੇ ਚਾਰ ਭਾਰਤੀ ਲੋਕ ਸਭਾ ਮੈਂਬਰ ਨੇ ਦੋਸ਼ ਲਾਇਆ ਸੀ ਕਿ ਅਮਰੀਕਾ ਭਾਰਤ ਦੇ ਅੰਦਰੂਨੀ ਮੁਆਮਲਿਆਂ ਵਿਚ ਦਖਲ ਅੰਦਾਜ਼ੀ ਕਰ ਰਿਹਾ ਹੈ।

Bombay Sweet Manufacturer Inc.

ਬੰਬੇ ਸਵੀਟ ਮਠਿਆਈ ਵਿਚ ਵਧੀਆ ਹੀ ਨਹੀਂ, ਸਗੋਂ ਸਭ ਤੋਂ ਵੱਡਾ ਵੀ ਹੈ

HEAD OFFICE
4405 Main St. (at 28th Ave)
Vancouver, B.C. V5V 3R2
Ph. (604) 874-5722

ਬੰਬੇ ਸਵੀਟ ਮੈਨੂਫੈਕਚਰਰ ਇ:

BRANCH
6545 Main St.(at 49th Ave)
Vancouver, B.C. V5X 3H1
Ph.(604) 321-1414

# ਸੇਠੀ ਵਲੋਂ ਅਕਾਲੀ ਮੰਗਾਂ ਲਈ ਟ੍ਰਿਬੂਨਲ ਬਨਾਉਣ ਲਈ ਰਜ਼ਾਮੰਦੀ

ਸਰਕਾਰੀ ਸੂਤਰਾਂ ਅਨੁਸਾਰ ਭਾਰਤੀ ਗ੍ਰਹਿ ਮੰਤਰੀ ਸ੍ਰੀ ਸੇਠੀ ਨੇ ਪੰਜਾਬ ਅਤੇ ਹਰਿਆਣੇ ਵਿਚਕਾਰ ਚਲ ਰਹੇ ਰਾਵੀ-ਬਿਆਸ ਪਾਣੀ ਅਤੇ ਇਲਾਕਾਈ ਝਗੜਿਆਂ ਨੂੰ ਟ੍ਰਿਬੂਨਲ ਨੂੰ ਦੇਣ ਦੀ ਸਰਕਾਰ ਦੀ ਰਜਾਮੰਦੀ ਜਾਹਿਰ ਕੀਤੀ ਹੈ।

22 ਜੂਨ ਨੂੰ ਦਿੱਲੀ ਵਿਚ ਉਹਨਾਂ ਕਿਹਾ ਸਰਕਾਰ ਨੂੰ ਅਕਾਲੀਆਂ ਤੋਂ ਇਹ ਆਸ ਹੈ ਕਿ ਉਹ ਦਰਬਾਰ ਸਾਹਿਬ ਅਤੇ ਹੋਰ ਪਵਿਤਰ ਗੁਰਧਾਮਾਂ ਨੂੰ ਹਥਿਆਰਾਂ ਦੇ ਭੰਡਾਰਾਂ ਤੇ ਤੌਰ ਤੇ ਅਤੇ ਜਿਨਾਂ ਬੰਦਿਆਂ ਦੀ ਸਰਕਾਰ Law and order ਦੀ ਮਸ਼ੀਨਰੀ ਨੂੰ ਲੋੜ ਹੈ। ਉਨਾਂ ਦੇ ਛੁਪਣ ਸਥਾਨ ਦੇ ਤੌਰ ਤੇ ਨਹੀਂ ਵਰਤਣ ਦੇਣਗੇ। ਉਨ੍ਹਾਂ ਸਰਕਾਰ ਦੇ ਅਕਾਲੀ ਦਲ ਨੂੰ ਇਹ ਸੁਝਾਉ ਵੀ ਦਿਤਾ ਹੈ ਕਿ ਸਿੱਖਾਂ ਦੀ ਪੰਜ ਮੈਂਬਰੀ ਕਮੇਟੀ ਸਰਕਾਰ ਅਤੇ ਅਕਾਲੀ ਦਲ ਵਲੋਂ ਬਣਾਈ ਜਾਵੇ। ਜੋ ਇਸ ਸਮੇਂ ਗੁਰਧਾਮਾਂ ਵਿਚ ਰਹਿ ਰਹੇ ਸਿੱਖਾਂ ਦੀ ਪੜਚੋਲ ਕਰ ਸਕੇ ਕਿ ਕੀ ਇਨਾਂ ਵਿਚੋਂ ਤਾਂ ਕਾਨੂੰਨ ਨੂੰ ਕਿਸੇ ਦੀ ਲੋੜ ਨਹੀਂ ਹੈ। ਅਕਾਲੀਆਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਪੰਜਾਬ ਵਿਚ ਅਮਨ ਅਤੇ ਸ਼ਕਤੀ ਸਥਾਪਤ ਕਰਨ ਲਈ ਉਹ ਛੇਤੀ ਹੀ ਨਿਰੰਕਾਰੀਆਂ ਨਾਲ ਸ਼ਾਂਤੀ ਪੂਰਬਕ ਆਪਣੇ ਮਤਭੇਦ ਦੂਰ ਕਰ ਲੈਣ।

ਉਨ੍ਹਾਂ ਆਸ ਪਰਗਟ ਕੀਤੀ ਕਿ ਅਕਾਲੀ ਦਲ ਛੇਤੀ ਹੀ ਸਰਕਾਰ ਨਾਲ ਇਸ ਵਿਸ਼ੇ ਤੇ ਵਿਚਾਰ ਲਈ ਸਹਿਮਤ ਹੋ ਜਾਵੇਗਾ।

ਉਨ੍ਹਾਂ ਇਹ ਵੀ ਕਿਹਾ ਕਿ ਸਿੱਖਾਂ ਦੀਆਂ ਕੁਝ ਧਾਰਮਿਕ ਮੰਗਾਂ ਦੀ ਪ੍ਰਵਾਨਗੀ ਦੇ ਦਿਤੀ ਗਈ ਹੈ ਪਰ ਅਕਾਲੀ ਦਲ ਦਾ ਸਹਿਯੋਗ ਨਾ ਮਿਲਣ ਕਰਕੇ ਉਨ੍ਹਾਂ ਨੂੰ ਪੂਰਨ ਰੂਪ ਨਹੀਂ ਦਿਤਾ ਜਾ ਸਕਿਆ। ਜਿਵੇਂ ਕਿ ਸਵੇਰੇ 5 ਵਜੇ ਤੋਂ 1 ਘੰਟੇ ਤੋਂ ਡੇਢ ਘੰਟੇ ਤੱਕ ਅਤੇ ਸ਼ਾਮ ਨੂੰ ਅੱਧੇ ਘੰਟੇ ਲਈ ਕੀਰਤਨ ਨੂੰ ਰੇਡੀਓ ਤੇ ਨਸ਼ਰ ਕਰਨਾ ਜਬਾਨੀ ਜਬਾਨੀ ਅਕਾਲੀ ਦਲ ਇਹ ਗੱਲ ਮੰਨ ਵੀ ਗਿਆ ਸੀ ਪਰ ਮਗਰੋਂ ਉਨਾਂ ਇਹ ਜਿਦ ਕੀਤੀ ਕਿ ਸਵੇਰੇ ਦੋ ਘੰਟੇ ਅਤੇ ਸ਼ਾਮ ਨੂੰ ਇਕੱ ਘੰਟਾ ਕੀਰਤਨ ਨਸ਼ਰ ਹੋਣਾ ਚਾਹੀਦਾ ਹੈ। ਸਰਕਾਰ ਇਸ ਗੱਲ ਨੂੰ ਵਿਚਾਰਣ ਲਈ ਤਿਆਰ ਹੈ ਪਰ ਸ਼ੁਰੂ ਕਰਨ ਲਈ ਹਾਲੇ ਗੌਰਮਿੰਟ ਦੇ ਪ੍ਰਵਾਨ ਕੀਤੇ ਟਾਈਮ ਅਨੁਸਾਰ ਨਸ਼ਰੀਅਤ ਕਰਣੀਆਂ ਚਾਹੀਦੀਆਂ ਹਨ।

# ਕੈਨੇਡਾ ਦੀ ਬੀਮਾ ਕੰਪਨੀ ਭੰਬਲਭੂਸੇ ਵਿਚ, ਦਲੀਪ ਕੌਰ ਦੀ ਮੌਤ ਭੇਤ ਬਣ ਕੇ ਰਹਿ ਗਈ

ਦੇਸ ਪ੍ਰਦੇਸ ਅਨੁਸਾਰ ਸ੍ਰੀਮਤੀ ਦਲੀਪ ਕੌਰ ਦੀ ਮ੍ਰਿਤੂ ਹਾਦਸੇ ਕਾਰਨ ਹੋਈ ਜਾਂ ਉਸ ਦਾ ਕਤਲ ਕੀਤਾ ਗਿਆ? ਇਹ ਸਵਾਲ ਕੈਨੇਡਾ ਦੀ ਇਕ ਬੀਮਾ ਕੰਪਨੀ ਅਤੇ ਪੰਜਾਬ ਪੁਲੀਸ ਅੱਗੇ ਘੁੰਮ ਰਿਹਾ ਹੈ।

ਦਲੀਪ ਕੌਰ (25) ਸਿੰਘਾਪੁਰ ਦੀ ਨਾਗਰਿਕ ਬਣ ਚੁੱਕੀ ਸੀ ਅਤੇ ਪੱਟੀ ਸਬ ਡਵੀਜ਼ਨ ਦੇ ਇਕ ਵਸਨੀਕ ਗੁਰਮੀਤ ਸਿੰਘ ਦੀ ਦੂਜੀ ਵਹੁਟੀ ਸੀ ਤੇ ਪਿਛਲੇ ਬਹੁਤ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਹੀ ਸੀ। ਗੁਰਮੀਤ ਸਿੰਘ ਦੀ ਪਹਿਲੀ ਪਤਨੀ ਪੰਜਾਬ ਵਿਚ ਰਹਿੰਦੀ ਹੈ।

ਦਲੀਪ ਕੌਰ ਦੀ ਸ਼ਾਦੀ ਸਿੰਘਾਪੁਰ 'ਚ ਹੋਈ ਤੇ ਉਥੋਂ ਉਹ ਆਪਣੇ ਪਤੀ ਨਾਲ ਕੈਨੇਡਾ ਆ ਗਈ। ਇਥੇ ਉਹਨਾ ਬੀਮਾ ਕਰਵਾਇਆ ਨਵੰਬਰ 1980 ਵਿਚ ਇਹ ਜੋੜਾ ਪੰਜਾਬ ਗਿਆ ਤੇ ਪਤੀ ਦੇ ਕਹਿਣ ਮੁਤਾਬਿਕ ਦਲੀਪ ਕੌਰ ਨਵੰਬਰ 1980 ਨੂੰ ਦਲੀਪ ਕੌਰ ਦੀ ਟਰੈਕਟਰ ਤੋਂ ਡਿਗ ਪੈਣ ਕਾਰਨ ਮ੍ਰਿਤੂ ਹੋ ਗਈ। ਪੱਟੀ ਦੇ ਇਕ ਡਾਕਟਰ ਦੇ ਕੋਲ ਉਸ ਦੇ ਮ੍ਰਿਤਕ ਕਰਾਰ ਦਿਤੇ ਜਾਣ ਦਾ ਵੇਰਵਾ ਹੈ ਤੇ ਪੱਟੀ ਥਾਣੇ 'ਚ ਵੀ ਇਹ ਵੇਰਵਾ ਦਰਜ ਹੈ।

ਪਤੀ ਨੇ ਕੈਨੇਡਾ ਪਰਤ ਕੇ ਦਲੀਪ ਕੌਰ ਦੀ ਮ੍ਰਿਤੂ ਸਬੰਧੀ ਸਰਟੀਫਿਕੇਟ ਬੀਮਾ ਕੰਪਨੀ ਅੱਗੇ ਪੇਸ਼ ਕੀਤੇ। ਪਰ ਕੰਪਨੀ ਨੇ ਇਸ ਮਾਮਲੇ ਦੀ ਜਾਂਚ ਪੜਤਾਲ ਕਰਨੀ ਆਰੰਭ ਕੀਤੀ ਅਤੇ ਇਸ ਸਬੰਧ 'ਚ ਪੰਜਾਬ ਪੁਲੀਸ ਦੀ ਵੀ ਮਦਦ ਮੰਗੀ। ਇਸ ਉਪਰੰਤ ਡੀ. ਆਈ. ਜੀ.(ਸੀ. ਆਈ. ਡੀ.) ਪੰਜਾਬ ਨੇ ਸ੍ਰੀ ਏ. ਪੀ. ਪਾਂਡੇ ਐਸ. ਪੀ. (ਡੀਟੈਕਟਿਵ) ਦੀ ਜਾਂਚ ਕਰਨ ਲਈ ਡਿਊਟੀ ਲਗਾਈ। ਜਾਂਚ ਰੀਪੋਰਟ ਮੁਤਾਬਿਕ ਦਲੀਪ ਕੌਰ ਦੀ ਮ੍ਰਿਤੂ ਹਾਦਸੇ 'ਚ ਨਹੀਂ ਹੋਈ। ਸ੍ਰੀ ਪਾਂਡੇ ਦੀਆਂ ਹਦਾਇਤਾਂ ਦੇ ਅਧਾਰ ਤੇ ਗੁਰਮੀਤ ਸਿੰਘ ਅਤੇ ਹੋਰਨਾਂ ਵਿਰੁਧ ਇਕ ਕੇਸ ਦਰਜ ਕੀਤਾ ਗਿਆ ਹੈ ਅਤੇ ਜਾਂਚ-ਪੜਤਾਲ ਕੀਤੀ ਜਾ ਰਹੀ ਹੈ।

"ਆਂਖ ਬਰਸੀ ਹੈ ਤੇਰੇ ਨਾਮ ਪੇ ਸਾਵਨ ਦੀ ਤਰਹ
ਜਿਸਮ ਸੁਲਘਾ ਹੈ ਤੇਰੀ ਯਾਦ ਮੇਂ ਈਂਧਨ ਕੀ ਤਰਹ
ਇਸ ਬੁਲੰਦੀ ਸੇ ਮੁਜੇ ਤੂ ਨੇ ਨਵਾਜ਼ਾ ਕਯੂੰ ਥਾ
ਗਿਰ ਕੇ ਮੈਂ ਟੂਟ ਗਯਾ ਕਾਂਚ ਕੇ ਬਰਤਨ ਕੀ ਤਰਹ"

# ਭਿੰਡਰਾਂਵਾਲੇ ਗਰੁੱਪ ਤੇ ਅਕਾਲੀ ਦਲ ਦੇ ਸਕੱਤਰ ਦੇ ਧੜੇ ਵਲੋਂ ਇਕ ਦੂਜੇ ਤੇ ਫਾਇਰ

ਅੰਮ੍ਰਿਤਸਰ—ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਮਾਰਤ ਦੇ ਅਹਾਤੇ ਵਿਚ ਅਕਾਲੀ ਦਲ ਦੇ ਸਕੱਤਰ ਸ੍ਰੀ ਗੁਰਚਰਨ ਸਿੰਘ ਦੇ ਹਥਿਆਰਬੰਦ ਹਮਾਇਤੀਆਂ ਨੇ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਹਮਾਇਤੀਆਂ ਨੂੰ ਆਪਣੀ ਤਾਕਤ ਦਾ ਮੁਜ਼ਾਹਰਾ ਕਰਦਿਆਂ ਦੋ ਗੋਲੀਆਂ ਹਵਾ ਵਿਚ ਚਲਾਈਆਂ।

ਬਾਅਦ ਵਿਚ ਦੋਹਾਂ ਧੜਿਆਂ ਵਿਚਾਲੇ ਨਾਅਰੇਬਾਜ਼ੀ ਵੀ ਹੋਈ। ਗਬਚਰਨ ਸਿੰਘ ਉਤੇ 10 ਜੂਨ ਨੂੰ ਦਰਬਾਰ ਸਾਹਿਬ ਦੇ ਅਹਾਤੇ ਵਿਚ ਕੁਝ ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰ ਦਿਤਾ ਸੀ ਅਤੇ ਸ਼ਰੋਮਣੀ ਕਮੇਟੀ ਦੇ ਸੇਵਾਦਾਰ ਨੇ ਹਮਲਾ ਕਰਨ ਵਾਲਿਆਂ ਨੂੰ ਡਰਾਣ ਲਈ ਹਵਾ ਵਿਚ ਦੋ ਫਾਇਰ ਕੀਤੇ ਸਨ। ਬਾਅਦ ਵਿਚ ਗੁਰੂ ਨਾਨਕ ਨਿਵਾਸ ਦੀ ਛੱਤ ਉਤੋਂ ਕੁਝ ਲੋਕਾਂ ਨੇ ਗੋਲੀਆਂ ਚਲਾਈਆਂ ਸਨ।

ਦੱਸਿਆ ਜਾਂਦਾ ਹੈ ਕਿ ਜਦੋਂ ਅਕਾਲੀ ਦਲ ਦੇ ਸਕੱਤਰ ਦੇ 20 ਤੋਂ ਵੱਧ ਸਾਥੀ ਉਸ ਨਾਲ ਦਰਬਾਰ ਸਾਹਿਬ ਵਿਚ ਮੱਥਾ ਟੇਕਣ ਜਾ ਰਹੇ ਸਨ ਤਾਂ ਉਹਨਾਂ ਵਿਚੋਂ ਕਿਸੇ ਨੇ ਹਵਾ ਵਿਚ ਗੋਲੀਆਂ ਚਲਾਈਆਂ। ਇਸ ਤੋਂ ਪਿਛੋਂ ਖਤਰਨਾਕ ਹਥਿਆਰਾਂ ਨਾਲ ਲੈਸ ਸੰਤ ਭਿੰਡਰਾਂਵਾਲਾ ਦੇ ਸਾਥੀਆਂ ਨੇ ਵੀ ਗੋਲੀਆਂ ਚਲਾਈਆਂ।

ਗੁਰਚਰਨ ਸਿੰਘ ਤੇ ਉਸ ਦੇ ਸਾਥੀ ਬਾਅਦ ਵਿਚ ਅਕਾਲੀ ਦਲ ਦੇ ਮੁਖੀ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਮਿਲਣ ਲਈ ਤੇਜਾ ਸਿੰਘ ਸਮੁੰਦਰੀ ਹਾਲ ਗਏ। ਜਦੋਂ ਸ੍ਰੀ ਗੁਰਚਰਨ ਸਿੰਘ ਦੇ ਹਥਿਆਰਬੰਦ ਸਾਥੀ ਤੇਜਾ ਸਿੰਘ ਸਮੁੰਦਰੀ ਹਾਲ ਦੀ ਬਾਲਕਾਨੀ ਵਿਚ ਖੜੇ ਸਨ ਤਾਂ ਗੁਰੂ ਨਾਨਕ ਨਿਵਾਸ ਵਿਚ ਸੰਤ ਭਿੰਡਰਾਂਵਾਲਾ ਦੇ ਹਮਾਇਤੀਆਂ ਨੇ ਉਹਨਾਂ ਨੂੰ ਚਿੜਾਉਣ ਵਾਲੀਆਂ ਗੱਲਾਂ ਆਖੀਆਂ।

# ਏਜੰਟਾਂ ਦੀ ਲੁਟ ਦਾ ਸ਼ਿਕਾਰ ਹੋਏ 300 ਪੰਜਾਬੀ ਲਿਬਨਾਨ ਵਿਚ ਘਿਰ ਗਏ

ਲਿਬਨਾਨ ਦੀ ਰਾਜਧਾਨੀ ਬੈਰੂਤ ਵਿਚ ਟਰੈਵਲ ਏਜੰਟਾਂ ਦੇ ਹੱਥੋਂ ਧੋਖਾ ਖਾਣ ਵਾਲੇ 300 ਪੰਜਾਬੀ ਅਜੇ ਵੀ ਘਿਰੇ ਹੋਏ ਹਨ। ਇਹ ਪੰਜਾਬੀ ਟਰੈਵਲ ਏਜੰਟਾਂ ਦੇ ਝਾਂਸੇ ਵਿਚ ਆ ਕੇ ਬੈਰੂਤ ਗਏ ਅਤੇ ਅੱਜ ਕੱਲ੍ਹ ਭੁੱਖਮਰੀ ਦਾ ਸ਼ਿਕਾਰ ਹੋ ਚੁੱਕੇ ਹਨ। ਇਹ ਪ੍ਰਗਟਾਵਾ ਪਿੰਡ ਉਮਰਾਵਾਲਾ ਬਿਲਾ, ਤਹਿਸੀਲ ਨਕੋਦਰ ਜ਼ਿਲਾ ਜਲੰਧਰ ਦੇ ਇਕ ਵਸਨੀਕ ਸ. ਅਮੋਲਕ ਸਿੰਘ ਵਲੋਂ ਆਪਣੀ ਪਤਨੀ ਰਛਪਾਲ ਕੌਰ ਦੇ ਨਾਂ ਲਿਖੀ ਗਈ ਦਰਦ ਭਰੀ ਚਿੱਠੀ ਤੋਂ ਹੁੰਦਾ ਹੈ।

ਪੱਤਰ ਵਿਚ ਲਿਖਿਆ ਹੈ ਕਿ ਇਕ ਏਜੰਟ ਨੇ ਉਸ ਕੋਲੋਂ 16000 ਰੁਪੈ ਲੈ ਕੇ ਉਸ ਨੂੰ ਸੀਰੀਆਂ ਦੇ ਕਿਸੇ ਇਲਾਕੇ ਵਿਚ ਪਹੁੰਚਾ ਦਿੱਤਾ। ਉਥੇ ਅਮੋਲਕ ਸਿੰਘ ਨੂੰ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਜਮਾਲਪੁਰ ਦਾ ਇਕ ਵਿਅਕਤੀ ਮਿਲਿਆ। ਜਿਸ ਨੇ ਉਸ ਨੂੰ ਲਿਬਨਾਨ ਦੀ ਰਾਜਧਾਨੀ ਬੈਰੂਤ ਪਹੁੰਚਾ ਦਿੱਤਾ। ਅਮੋਲਕ ਸਿੰਘ ਨੇ ਲਿਖਿਆ ਹੈ ਕਿ ਬੈਰੂਤ ਵਿਚ ਉਸ ਨੂੰ ਉਸਦਾ ਸਕਾ ਭਾਈ ਵਸਣ ਸਿੰਘ ਮਿਲਿਆ। ਵਸਣ ਸਿੰਘ ਵੀ ਇਸ ਟਰੈਵਲ ਏਜੰਟ ਨੂੰ 16000 ਰੁਪੈ ਦੇ ਕੇ ਗਿਆ ਸੀ ਤੇ ਉਸ ਨੂੰ ਵੀ ਆਪਣੇ ਭਰਾ ਵਾਂਗ ਧੱਕੇ ਖਾਣੇ ਪੈ ਰਹੇ ਹਨ।

ਅਮੋਲਕ ਸਿੰਘ ਨੇ ਲਿਖਿਆ ਕਿ ਮੈਂ ਤੇ ਮੇਰਾ ਇਕ ਸਾਥੀ ਦਸ ਦਿਨ ਬਿਲਕੁਲ ਭੁੱਖੇ ਰਹੇ ਤੇ ਅੱਜ ਕੱਲ੍ਹ ਅਸੀਂ ਦੋਵੇਂ ਮੰਗਤਿਆਂ ਵਾਲਾ ਜੀਵਨ ਬਤੀਤ ਕਰ ਰਹੇ ਹਾਂ। ਪੱਤਰ ਵਿਚ ਲਿਖਿਆ ਹੈ ਕਿ ਬੈਰੂਤ ਵਿਚ ਘਿਰੇ 300 ਪੰਜਾਬੀਆਂ ਦੀ ਹਾਲਤ ਬਹੁਤ ਤਰਸਯੋਗ ਹੈ। ਟਰੈਵਲ ਏਜੰਟਾਂ ਨੇ ਪੈਸੇ ਇਕੱਠੇ ਕਰਕੇ ਉਹਨਾਂ ਨੂੰ ਮੌਤ ਦੇ ਮੂੰਹ ਵਿਚ ਧਕੇਲ ਦਿੱਤਾ। ਅਮੋਲਕ ਸਿੰਘ ਨੇ ਲਿਖਿਆ ਹੈ ਕਿ ਇਹਨਾਂ 300 ਪੰਜਾਬੀਆਂ ਚੋਂ ਬਹੁਤੇ ਜੇਲ ਵਿਚ ਹਨ। ਉਸਦਾ ਭਰਾ ਵਸਣ ਸਿੰਘ ਵੀ ਜੇਲ ਵਿਚ ਹੀ ਹੈ। ਉਸ ਨੇ ਲਿਖਿਆ ਕਿ ਬੈਰੂਤ ਵਿਚ ਹਰ ਵੇਲੇ ਗੋਲੀ ਚਲਦੀ ਰਹਿੰਦੀ ਹੈ। ਅਮੋਲਕ ਸਿੰਘ ਨੇ ਆਪਣੇ ਬਾਪ ਜਾਗਰ ਸਿੰਘ ਅਤੇ ਪਤਨੀ ਰਛਪਾਲ ਕੌਰ ਨੂੰ ਲਿਖਿਆ ਹੈ ਕਿ ਉਸ ਨੂੰ ਵਾਪਸ ਟਿਕਟ ਭੇਜ ਕੇ ਮੰਗਵਾ ਲਿਆ ਜਾਵੇ। ਅਮੋਲਕ ਸਿੰਘ ਦੇ ਬਾਪ ਨੇ ਦਸਿਆ ਕਿ ਉਸ ਦੇ ਦੋਵੇਂ ਪੁੱਤਰ ਦੋ ਦੋ ਕਿੱਲੇ ਜ਼ਮੀਨ ਗਹਿਣੇ ਪਾ ਕੇ ਟਰੈਵਲ ਏਜੰਟ ਨੂੰ ਪੈਸੇ ਦੇ ਕੇ ਬਾਹਰ ਗਏ। ਸ. ਜਾਗਰ ਸਿੰਘ ਨੇ ਕਿਹਾ ਕਿ ਮੈਂ ਇਲਾਕੇ ਦੀਆਂ ਬਹੁਤ ਸਾਰੀਆਂ ਪੰਚਾਇਤਾਂ ਅਤੇ ਪਤਵੰਤੇ ਸਜਣਾ ਨੂੰ ਲੈ ਕੇ ਏਜੰਟ ਨੂੰ ਵੀ ਮਿਲਿਆ ਪਰ ਉਸ ਨੇ ਕੋਈ ਤਸੱਲੀ ਬਖਸ਼ ਜਵਾਬ ਨਹੀਂ ਦਿੱਤਾ

ਡਿਗਰੀਆਂ ਦੀ ਪੰਡ ਲੈ ਕੇ ਜਦ ਘਰੀਂ ਪਰਤਣਗੇ ਉਹ;
ਸ਼ਹਿਰ ਦੇ ਰੁਜ਼ਗਾਰ ਦਫਤਰ ਦਾ ਪਤਾ ਪੁੱਛਣਗੇ ਉਹ।

# ਸ. ਬਲਬੀਰ ਸਿੰਘ ਸਾਬਕਾ ਸਿਹਤ ਮੰਤਰੀ ਪੰਜਾਬ, ਕੈਨੇਡਾ ਵਿਚ



ਸਾਬਕਾ ਸਿਹਤ ਮੰਤਰੀ ਪੰਜਾਬ ਸ. ਬਲਬੀਰ ਸਿੰਘ ਅੱਜ ਕੱਲ੍ਹ ਕੈਨੇਡਾ ਆਏ ਹੋਏ ਹਨ। ਆਪ ਸ. ਸਵਰਨ ਸਿੰਘ ਦੇ ਭਤੀਜੇ ਹਨ। ਗੁਰੂ ਨਾਨਕ ਸਿਖ ਟੈਂਪਲ ਸਰੀ ਡੈਲਟਾ ਵਿਚ ਬੋਲਦਿਆਂ ਉਹਨਾਂ ਦਸਿਆ ਕਿ ਉਨਾਂ ਦਾ ਪ੍ਰਵਾਰ ਤਿੰਨਾ ਪੁਸ਼ਤਾਂ ਤੋਂ ਪੰਥ ਅਤੇ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਦੀ ਸੇਵਾ ਕਰਦਾ ਆ ਰਿਹਾ ਹੈ। ਆਪ ਦੇ ਬਾਬਾ ਸ. ਪ੍ਰਤਾਪ ਸਿੰਘ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਦੇ ਮੀਤ ਪਰਧਾਨ ਪਦ ਤੇ ਰਹੇ।

ਆਪ ਨੇ ਕਿਹਾ ਕਿ ਉਹ ਕੈਨੇਡਾ ਨਿਵਾਸੀ ਸਿਖ ਸੰਗਤਾਂ ਦੇ ਬੜੇ ਧੰਨਵਾਦੀ ਨੇ ਜਿਨਾਂ ਨੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਲੋਂ ਆਏ ਪ੍ਰਿੰਸੀਪਲ ਸਾਹਿਬ ਨੂੰ ਪੂਰਾ ਸਹਿਯੋਗ ਅਤੇ ਕਾਲਜ ਦੀ ਪ੍ਰਫੁਲਤਾ ਲਈ ਆਰਥਕ ਸਹਾਇਤਾ ਦੇ ਕੇ ਉਨ੍ਹਾਂ ਦੇ ਮਿਸ਼ਨ ਨੂੰ ਕਾਮਯਾਬ ਬਣਾਇਆ। ਆਪਣੇ ਕਾਲਜ ਬਾਰੇ ਦਸਦਿਆਂ ਕਿਹਾ ਕਿ ਲੜਕੇ ਅਤੇ ਲੜਕੀਆਂ ਨੂੰ ਮਿਲਾ ਕੇ ਕਾਲਜ ਦੇ ਵਿਦਿਆਰਥੀਆਂ ਦੀ ਸੰਖਿਆ ਲਗ ਪਗ 4500 ਹੈ। ਪੁਛੇ ਜਾਣ ਤੇ ਉਨਾਂ ਨੇ ਦਸਿਆ ਕਿ ਉਹ ਖੁਦ ਕਾਲਜ ਦੀ ਮੈਨਿਜਮੈਂਟ ਦੇ ਐਕਟਿਵ ਮੈਂਬਰ ਹਨ। ਖੇਲਾਂ ਦੇ ਖੇਤਰ ਵਿਚ ਵੀ ਕਾਲਜ ਵਿਦਿਆਰਥੀਆਂ ਨੂੰ ਅਤੇ ਉਚ ਪੱਧਰੇ ਖਿਲਾਰੀਆਂ ਨੂੰ ਹਰ ਪਰਕਾਰ ਦੀ ਸਹਾਇਤਾ ਸਰਕਾਰ ਤੋਂ ਉਪਰੰਤ ਕਾਲਜ ਵਲੋਂ ਵੀ ਦਿੰਦੇ ਹਨ। ਨੈਸ਼ਨਲ ਅਤੇ ਇੰਟਰਨੈਸ਼ਨਲ ਖੇਲਾਂ ਵਿਚ ਸਭ ਤੋਂ ਵੱਧ ਗੋਲ ਕਰਨ ਵਾਲੀ ਹਾਕੀ ਦੀ ਖਿਡਾਰਨ ਮਿਸ ਰਾਜਬੀਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਕੇਵਲ ਸਾਡੇ ਕਾਲਜ ਦੀ ਨਹੀਂ ਸਗੋਂ ਪੰਜਾਬ ਭਾਰਤ ਅਤੇ ਸਿਖ ਕੌਮ ਦੀ ਸ਼ਾਨ ਹੈ।

# ਕਾਂਗਰਸੀ ਪੰਜਾਬ ਦੀਆਂ ਮੰਗਾਂ ਮੰਨ ਕੇ ਮੁਕਰਦੇ ਰਹੇ ਮਾਮਲਾ ਲਟਕਾਣਾ ਖਤਰਨਾਕ — ਕਾ: ਸੁਰਜੀਤ

## ਦਲ ਦੀ ਕੋਈ ਵੀ ਮੰਗ ਅਜਿਹੀ ਨਹੀਂ ਜਿਸਨੂੰ ਅਯੋਗ ਕਿਹਾ ਜਾ ਸਕੇ

## ਮਾਰਕਸੀ ਪੋਲਿਟ ਬਿਊਰੋ ਦੀ ਮੀਟਿੰਗ 'ਚ ਵੀ ਪੰਜਾਬ ਦੇ ਮਸਲੇ ਤੇ ਵਿਚਾਰ ਪ੍ਰਗਟਾਏ ਗਏ

ਦੇਸ ਪ੍ਰਦੇਸ ਅਨੁਸਾਰ ਮਾਰਕਸੀ ਕਮਿਊਨਿਸਟ ਪਾਰਟੀ ਦੀ ਪੋਲਿਟ ਬਿਊਰੋ ਦੇ ਮੈਂਬਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਐਮ. ਪੀ. ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਦੋਸ਼ ਲਾਇਆ ਹੈ ਕਿ ਉਹ ਪੰਜਾਬ ਦੀਆਂ ਮੰਗਾਂ ਕਈ ਵਾਰ ਮੰਨ ਕੇ ਮੁਕਰਦੇ ਰਹੇ ਹਨ। ਕਾਮਰੇਡ ਸੁਰਜੀਤ ਜਿਹੜੇ ਕਿ ਪਾਰਟੀ ਦੀ ਪੋਲਿਟ ਬਿਊਰੋ ਦੀ ਮੀਟਿੰਗ ਦੇ ਸਬੰਧ ਵਿਚ ਕਲਕੱਤੇ ਗਏ ਸਨ ਅਤੇ ਇਕ ਸਮਾਰੋਹ ਵਿਚ ਤਕਰੀਰਾਂ ਕਰ ਰਹੇ ਸਨ। ਆਪ ਨੇ ਕਿਹਾ ਕਿ ਅਕਾਲੀ ਦਲ ਦੀਆਂ ਮੰਗਾਂ ਜਾਇਜ਼ ਹਨ ਤੇ ਉਹ ਸਾਰੇ ਪੰਜਾਬੀਆਂ ਦੀਆਂ ਹਨ। ਆਪ ਨੇ ਕੇਂਦਰ ਉਪਰ ਦੋਸ਼ ਲਾਇਆ ਕਿ ਉਹ ਇਹ ਮੰਗਾਂ ਨਾ ਮੰਨ ਕੇ ਪੰਜਾਬ ਦੇ ਵਰਤਮਾਨ ਸੰਕਟ ਨੂੰ ਲਮਕਾ ਰਿਹਾ ਹੈ। ਅਕਾਲੀ ਦਲ ਦੀਆਂ ਮੰਗਾਂ ਦਾ ਜ਼ਿਕਰ ਕਰਦਿਆਂ ਕਾਮਰੇਡ ਸੁਰਜੀਤ ਨੇ ਕਿਹਾ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਦੇ ਰੂਪ ਵਿਚ ਉਸਾਰਿਆ ਗਿਆ ਸੀ ਅਤੇ ਇਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਇਸ ਦੇ ਨਾਲ ਹੀ ਪੰਜਾਬ ਦੇ ਪੁਨਰਗਠਨ ਸਮੇਂ ਪੰਜਾਬ ਨਾਲ ਹੋਈ ਬੇਇਨਸਾਫੀ ਦੂਰ ਕਰਨ ਲਈ, ਪੰਜਾਬ ਤੋਂ ਬਾਹਰ ਰਖੇ ਗਏ ਪੰਜਾਬੀ ਬੋਲਦੇ ਇਲਾਕਿਆਂ ਦਾ ਮਾਮਲਾ, ਭਸ਼ਾਈ ਮਾਹਿਰਾਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਹੀ ਪਾਣੀ ਦੇ ਮਸਲਿਆਂ ਨੂੰ ਸੁਪਰੀਮ ਕੋਰਟ ਦੇ ਹਵਾਲੇ ਕੀਤਾ ਜਾਵੇ। ਪੋਲਿਟ ਬਿਊਰੋ ਦੀ ਦੋ ਰੋਜ਼ਾ ਮੀਟਿੰਗ ਵਿਚ ਪੰਜਾਬ ਦੀ ਸਮੱਸਿਆ ਉਪਰ ਵੀ ਵਿਚਾਰਾਂ ਕੀਤੀਆਂ ਗਈਆਂ। ਬਾਦ ਵਿਚ ਪਾਰਟੀ ਵਲੋਂ ਜਾਰੀ ਕੀਤੇ ਗਏ ਇਕ ਪਰੈਸ ਨੋਟ ਵਿਚ ਆਸ ਕੀਤੀ ਗਈ ਹੈ ਕਿ ਅਕਾਲੀ ਦਲ ਅਤੇ ਕੇਂਦਰ ਵਿਚਾਕਰ ਸ਼ੁਰੂ ਹੋਣ ਵਾਲੀ ਅਗਾਲੀ ਗਲਬਾਤ ਦੌਰਾਨ ਮਸਲੇ ਦਾ ਹਲ ਲਭ ਪਵੇਗਾ।



ਲਾਸ਼ ਭੁੱਖੀ ਮੋਈ ਹੋਈ ਵੀ ਦਾਰ 'ਤੇ ਟੰਗੀ ਗਈ।
ਖੈਰ ਮਾਨੁੱਖਤਾ ਦੀ ਮੈਥੋਂ ਫੇਰ ਵੀ ਮੰਗੀ ਗਈ।

NATIONAL LIFE OF CANADA
EST. 1899

- Life Insurance
- Mortgage Insurance
- Children's educational Plans
- R R S P
- Family indexed inflation Plans

ਜੀਵਨ ਬੀਮਾ, ਮਾਰਗੇਜ ਬੀਮਾ, ਬੱਚਿਆਂ ਦੀ ਪੜ੍ਹਾਈ ਸਕੀਮ ਬੀਮਾ, ਰਜਿਸਟਰਡ ਰੀਟਾਇਰਡ ਸੇਵਿੰਗਜ਼ ਪਲੈਨ....ਬਾਰੇ ਪ੍ਰੋਫੈਸ਼ਨਲ ਸਲਾਹ

Bus. 685-7231
Res. 435-9141



SATNAM SINGH JOHAL

# ਅਕਾਲੀ ਲੀਡਰਾਂ ਵਲੋਂ ਕੂਣਾ-ਬੋਲਣਾ ਮਿਲਨਾ-ਜੁਲਨਾ ਬੰਦ
# ਭਿੰਡਰਾਂਵਾਲਾ ਘਬਰਾਹਟ 'ਚ

ਅੰਮ੍ਰਿਤਸਰ— ਅਕਾਲੀ ਲੀਡਰਸ਼ਿਪ ਵਲੋਂ ਪਿਛਲੇ ਦਸ ਮਹੀਨਿਆਂ ਤੋਂ ਚਲ ਰਹੇ 'ਧਰਮ ਯੁੱਧ' ਅਤੇ ਅਕਾਲੀ ਮੰਗਾਂ ਨਾਲ ਸੰਬੰਧਤ ਮਾਮਲਿਆਂ ਬਾਰੇ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਨੂੰ ਭਰੋਸੇ ਵਿਚ ਲੈਣ ਦੀ ਪ੍ਰਵਾਹ ਨਾ ਕੀਤੇ ਜਾਣ ਤੋਂ ਸੰਤ ਭਿੰਡਰਾਂਵਾਲਾ ਕਾਫ਼ੀ ਨਰਾਜ਼ ਅਤੇ ਘਬਰਾਇਆ ਹੋਇਆ ਹੈ। ਇਸ ਗੱਲ ਦਾ ਅਧਿਕਾਰਤ ਤੌਰ ਤੇ ਪਤਾ ਲੱਗਾ ਹੈ।

ਦਸਿਆ ਗਿਆ ਹੈ ਕਿ ਅੱਤਵਾਦੀ ਸਿਖ ਲੀਡਰ ਸਮਝਦਾ ਹੈ ਕਿ ਅੱਜ ਕੱਲ੍ਹ ਅਕਾਲੀ ਲੀਡਰਸ਼ਿਪ ਵਲੋਂ ਉਸਦੀ ਕੋਈ ਪੁਛ-ਪ੍ਰਤੀਤ ਨਹੀਂ ਕੀਤੀ ਜਾ ਰਹੀ ਅਤੇ ਉਸਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਏਥੇ ਇਹ ਚੇਤੇ ਕਰਾਉਣਾ ਉਚਿਤ ਹੋਵੇਗਾ ਕਿ ਪਹਿਲਾਂ ਕਈ ਅਹਿਮ ਮਾਮਲਿਆਂ ਉਤੇ ਅਕਾਲੀ ਹਾਈਕਮਾਨ ਸੰਤ ਭਿੰਡਰਾਂਵਾਲੇ ਨਾਲ ਸਲਾਹ ਮਸ਼ਵਰਾ ਕਰ ਲੈਂਦੇ ਸਨ। ਦਲ ਦੇ ਅੰਦਰ ਦੇ ਭੇਤੀ ਵਸੀਲਿਆਂ ਅਨੁਸਾਰ ਪਿਛਲੇ ਦੋ ਮਹੀਨਿਆਂ ਦੌਰਾਨ ਏਥੇ ਹੋਈਆਂ ਅਕਾਲੀ ਹਾਈ ਕਮਾਨ ਦੀਆਂ ਮੀਟਿੰਗਾਂ ਦੌਰਾਨ ਅੱਤਵਾਦੀ ਸਿਖ ਲੀਡਰ ਨਾਲ ਇਕ ਵਾਰ ਵੀ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ।

ਪਾਰਟੀ ਦੇ ਭੇਤੀ ਵਸੀਲਿਆਂ ਦਾ ਕਹਿਣਾ ਹੈ ਕਿ ਜਦੋਂ ਕਿ ਸਾਬਕ ਮੁਖ ਮੰਤਰੀ ਪੰਜਾਬੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਨਰਮ-ਖਿਆਲ ਅਕਾਲੀ ਅੱਤਵਾਦੀ ਸੰਤ ਭਿੰਡਰਾਂਵਾਲੇ ਦੇ ਵਿਚਾਰਾਂ ਤੇ ਕੰਮ ਕਾਜ ਦੇ ਢੰਗਾਂ, ਦੋਹਾਂ ਦਾ ਹੀ ਵਿਰੋਧ ਕਰਦੇ ਹਨ, ਇਥੋਂ ਤੱਕ ਕਿ ਸ੍ਰੀ ਜਗਦੇਵ ਸਿੰਘ ਤਲਵੰਡੀ ਦੀ ਅਗਵਾਈ ਵਾਲੇ ਗਰਮ ਖਿਆਲ ਅਕਾਲੀ ਵੀ ਇਹਨਾਂ ਦਿਨਾਂ ਵਿਚ ਸੰਤ ਭਿੰਡਰਾਂਵਾਲੇ ਦੀ ਖੁਲੇ ਆਮ ਹਮਾਇਤ ਕਰਨ ਤੋਂ ਪਰਹੇਜ ਕਰ ਰਹੇ ਹਨ। ਪਹਿਲਾਂ ਅਕਾਲੀ ਦਲ ਵਿਚਲੇ ਅੱਤਵਾਦੀ ਸੰਤ ਭਿੰਡਰਾਂਵਾਲੇ ਦੀ ਖੁਲ ਕੇ ਹਮਾਇਤ ਕਰਦੇ ਰਹੇ ਹਨ।

ਇਹ ਗੱਲ ਮਹੱਤਵ ਪੂਰਣ ਹੈ ਕਿ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦਾ ਅੱਜ ਕੱਲ੍ਹ ਸੰਤ ਭਿੰਡਰਾਂਵਾਲੇ ਨਾਲ ਉਕਾ ਹੀ ਬੋਲਚਾਲ ਨਹੀਂ ਹੈ। ਸੰਤ ਭਿੰਡਰਾਂਵਾਲੇ ਵਲੋਂ ਨਿਰਾਸ਼ ਤੇ ਮਾਯੂਸ ਹੋ ਜਾਣ ਦਾ ਇਕ ਹੋਰ ਕਾਰਣ ਇਹ ਵੀ ਹੈ ਕਿ ਅੱਜ ਕੱਲ੍ਹ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਵੀ ਉਸ ਨੂੰ ਮਿਲਣਾ-ਗਿਲਣਾ ਉਕਾ ਹੀ ਬੰਦ ਕਰ ਦਿੱਤਾ ਹੈ।

ਦਲ ਦੇ ਅੰਦਰਲੇ ਵਸੀਲਿਆਂ ਅਨੁਸਾਰ ਅਕਾਲੀ ਦਲ ਦਾ ਮੁਖੀ, ਹੁਸ਼ਿਆਰੀ ਨਾਲ ਅੱਤਵਾਦੀ ਸਿਖ ਲੀਡਰ ਨੂੰ ਥੋਣਾ ਕਰਨ ਦਾ ਜਤਨ ਕਰ ਰਿਹਾ ਹੈ। ਸੰਤ ਭਿੰਡਰਾਂਵਾਲੇ ਦੇ ਦੁਖੀ ਹੋਣ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਇਹਨੀਂ ਦਿਨੀਂ ਨਾ ਸਿਰਫ ਅਕਾਲੀ ਲੀਡਰ ਹੀ, ਸਗੋਂ ਵਿਰੋਧੀ ਪਾਰਟੀਆਂ ਦੇ ਮੁਖ ਲੀਡਰਾਂ ਨੇ ਵੀ ਅੰਮ੍ਰਿਤਸਰ ਪਹੁੰਚਣ ਤੇ ਉਸ ਨੂੰ ਮਿਲਣਾ ਗਵਾਰਾ ਨਹੀਂ ਕੀਤਾ। ਪਹਿਲਾਂ, ਪ੍ਰਧਾਨ ਮੰਤਰੀ ਦਾ ਵਿਸ਼ੇਸ਼ ਦੂਤ, ਸਵਰਨ ਸਿੰਘ ਤਕ ਉਸ ਨੂੰ ਮਿਲਿਆ ਕਰਦਾ ਸੀ।

ਭੇਦ ਖੁਲ੍ਹ ਜਾਵਣਗੇ ਜਦ ਲੇਖੇ ਮਨੁੱਖੀ ਹੋਣਗੇ,
ਯਾਦ ਹੈ ਜਿੰਨੀ ਦਫ਼ਾ ਮਾਨੁੱਖਤਾ ਡੰਗੀ ਗਈ।

# ਪੂੰਜੀਵਾਦੀ ਪਾਰਟੀਆਂ ਦਾ ਗੱਠਜੋੜ

ਖਬਰਾਂ ਆ ਰਹੀਆਂ ਹਨ ਕਿ ਸ੍ਰੀ ਚਰਨ ਸਿੰਘ ਲੋਕ ਦਲ ਅਤੇ ਸ੍ਰੀ ਜਗਜੀਵਨ ਰਾਮ ਦੀ ਕਾਂਗਰਸ ਵਿਚਕਾਰ ਸਮਝੌਤਾ ਹੋ ਰਿਹਾ ਹੈ ਤੇ ਦੋਵੇਂ ਪਾਰਟੀਆਂ ਰਲ ਕੇ ਇਕ ਪਾਰਟੀ ਬਣਾ ਰਹੀਆਂ ਹਨ। ਨਾਲ ਹੀ ਇਹ ਖਬਰ ਵੀ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਕਮਿਊਨਿਸਟਾਂ ਨੂੰ ਛੱਡ ਕੇ ਬਾਕੀ ਸਭ ਇੰਦਰਾ-ਕ੍ਰਾਂਗਰਸ ਵਿਰੋਧੀ ਪਾਰਟੀਆਂ ਨੂੰ ਇਕ ਫਰੰਟ ਬਣਾਉਣ ਲਈ ਜੋ ਸੱਦਾ ਦਿੱਤਾ ਸੀ ਉਸ ਉਤੇ ਵੀ ਲੋਕ ਦਲ ਦੀ ਐਗਜ਼ੇਕਟਿਵ ਵਿਚ ਵਿਚਾਰ ਹੋਇਆ। ਇਸ ਬਾਰੇ ਅਜੇ ਕੋਈ ਫੈਸਲਾ ਨਹੀਂ ਕੀਤਾ ਗਿਆ ਪਰ ਸ੍ਰੀ ਚਰਨ ਸਿੰਘ ਨੂੰ ਟੋਹ-ਟੁਹਾਈ ਕਰਨ ਦਾ ਅਧਿਕਾਰ ਦਿਤਾ ਗਿਆ ਹੈ।

ਦੇਸ਼ ਦੀ ਮੁਖ ਸਰਮਾਏਦਾਰ ਪਾਰਟੀ ਇੰਦਰਾਂ ਕਾਂਗਰਸ ਨਾਲ ਟੱਕਰ ਲੈਣ ਅਤੇ ਉਸ ਦੀ ਥਾਂਹ ਲੈਣ ਲਈ ਬਾਕੀ ਛੋਟੀਆਂ ਮੋਟੀਆਂ ਸਰਮਾਏਦਾਰ ਪਾਰਟੀਆਂ ਨੇ ਰਲ ਕੇ ਇਕ ਵੇਰੀ ਜਨਤਾ ਪਾਰਟੀ ਬਣਾਈ ਸੀ ਤੇ ਉਸ ਦੇ ਹੱਥ ਰਾਜ ਦੀ ਵਾਗ ਡੋਰ ਵੀ ਆ ਗਈ ਸੀ ਪਰ ਇਹ ਪਾਰਟੀ ਦੋ ਢਾਈ ਸਾਲ ਵਿਚ ਹੀ ਖਖੜੀ ਖੁਆੜੀ ਹੋ ਗਈ। ਉਦੋਂ ਤੋਂ ਲੈ ਕੇ ਇਹ ਵਿਰੋਧੀ ਸਰਮਾਏਦਾਰ ਪਾਰਟੀਆਂ ਗੱਠਜੋੜ ਦੇ ਜਤਨ ਮੁੜ ਮੁੜ ਕਰਦੀਆਂ ਰਹੀਆਂ ਹਨ। ਕਦੇ ਕਦੇ ਦੋ ਦੋ ਤਿੰਨ ਤਿੰਨ ਫਾਕੜਾਂ ਇਕੱਠੀਆਂ ਹੋ ਜਾਂਦੀਆਂ ਹਨ। ਸਭ ਤੋਂ ਵੱਡੀ ਵਿਰੋਧੀ ਪਾਰਟੀ ਸਰਮਾਏਦਾਰ ਪਾਰਟੀ ਭਾਰਤੀ ਜਨਤਾ ਪਾਰਟੀ ਪਹਿਲਾਂ ਇਸ ਰੌਂਅ ਵਿਚ ਸੀ ਕਿ ਉਹ ਸਰਵ ਹਿੰਦ ਤੇ ਗੁਥੀ ਹੋਈ ਪਾਰਟੀ ਹੋਣ ਕਰਕੇ ਇਕੱਲੀ ਹੀ ਬਦਲ ਬਣ ਸਕਦੀ ਹੈ ਪਰ ਇਹ ਗੱਲ ਅਣਹੋਣੀ ਦੇਖ ਕੇ ਹੁਣ ਫੇਰ ਉਹ ਸਾਰੀ ਵਿਰੋਧੀ ਸਰਮਾਏਦਾਰ ਪਾਰਟੀਆਂ ਦਾ ਫਰੰਟ ਬਨਾਉਣ ਦੇ ਆਹਰ ਵਿਚ ਹੈ।

ਪਰ ਕੁਝ ਵਿਰੋਧੀ ਸਰਮਾਏਦਾਰ ਪਾਰਟੀਆਂ ਭਾਰਤੀ ਜਨਤਾ ਪਾਰਟੀ ਨਾਲ ਚਲਣ ਨੂੰ ਤਿਆਰ ਨਹੀਂ। ਚੰਦਰਜੀਤ ਯਾਦਵ ਤੇ ਬਹੁਗੁਣਾ ਤੋਂ ਹੁਣ ਸ੍ਰੀ ਜਗਜੀਵਨ ਰਾਮ ਨੇ ਵੀ ਕਹਿ ਦਿਤਾ ਹੈ ਕਿ ਉਹ ਉਸ ਗੱਠਜੋੜ ਵਿਚ ਸ਼ਾਮਲ ਹੋਣ ਨੂੰ ਤਿਆਰ ਨਹੀਂ ਜਿਸ ਵਿਚ ਭਾਰਤੀ ਜਨਤਾ ਪਾਰਟੀ ਸ਼ਾਮਲ ਹੋਵੇ। ਇਸੇ ਕਰਕੇ ਚਰਨ ਸਿੰਘ ਲੋਕ ਦਲ ਨੇ ਭਾਰਤੀ ਜਨਤਾ ਪਾਰਟੀ ਦੇ ਸੱਦੇ ਬਾਰੇ ਤਦ ਹੀ ਅਜੇ ਚੁਪ ਸਾਧ ਲਈ ਹੈ।

ਸ੍ਰੀ ਚਰਨ ਸਿੰਘ ਤੇ ਜਗਜੀਵਨ ਰਾਮ ਦਾ ਮੇਲ ਵੀ ਇਕ ਅਚੰਭੇ ਵਾਲੀ ਖੇਡ ਹੈ। ਜਨਤਾ ਪਾਰਟੀ ਦੇ ਰਾਜ ਵੇਲੇ ਇਹਨਾਂ ਦੋਹਾਂ ਆਗੂਆਂ ਦਾ ਪੂਰਾ ਇਟ ਖੜੱਕਾ ਸੀ। ਇਨ੍ਹਾਂ ਦੋਹਾਂ ਨੇ ਮੁਰਾਰਜੀ ਡਿਸਾਈ ਨੂੰ ਤਾਂ ਪ੍ਰਧਾਨ ਮੰਤਰੀ ਮੰਨ ਲਿਆ ਪਰ ਇਕ ਦੂਜੇ ਨੂੰ ਸਹਿਣ ਨਹੀਂ ਕੀਤਾ। ਮੁਰਾਰਜੀ ਡਿੱਗਣ ਮਗਰੋਂ ਸ੍ਰੀ ਚਰਨ ਸਿੰਘ ਪ੍ਰਧਾਨ ਮੰਤਰੀ ਬਣਿਆ ਤਾਂ ਸ੍ਰ ਜਗਜੀਵਨ ਰਾਮ ਆਪਣਾ ਕਲੇਮ ਲੈ ਕੇ ਰਾਸ਼ਟਰਪਤੀ ਪਾਸ ਪੁੱਜਾ ਸੀ ਤੇ ਹੱਥ ਨਾ ਪੈਣ ਉਤੇ ਰੋਸ ਦਿਨ ਮਨਾਇਆ ਸੀ। ਦੂਜੀ ਗੱਲ ਇਹ ਹੈ ਕਿ ਸ੍ਰੀ ਚਰਨ ਲੈਂਡ ਲਾਰਡਾਂ ਤੇ ਧਨੀ ਕਿਸਾਨਾਂ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਜਗਜੀਵਨ ਰਾਮ ਆਪਣੇ ਆਪ ਨੂੰ ਹਰੀਜਨਾਂ ਦਾ (ਇਕ ਤਰਾਂ ਖੇਤ ਮਜ਼ਦੂਰਾਂ ਦਾ) ਆਗੂ ਦੱਸਦਾ ਹੈ, ਇਹ ਕੀ ਮੇਲ ਹੈ? ਖੈਰ ਸਰਮਾਏਦਾਰ ਆਗੂਆਂ ਦਾ ਇਹ ਖਾਸਾ ਹੀ ਹੈ ਕਿ ਦਾਹਵੇ ਹੋਰ ਕਰਦੇ ਹਨ ਤੇ ਅਮਲ ਹੋਰ ਇਹ ਜਿਹੋ ਜਿਹਾ ਸਮਾਂ ਆਇਆ ਉਹੋ ਜਿਹਾ ਸਾਂਗ ਬਣਾ ਲੈਂਦੇ ਹਨ।

ਹੁਣ ਤਾਂ ਯਾਰੋ ਮੰਜ਼ਲਾਂ ਦਾ ਨੂਰ, ਨਜ਼ਰੀਂ ਪੈ ਰਿਹੈ,
ਜਿੰਦ ਤਾਂ ਹਰ ਮੋੜ ਨੂੰ ਨੇਰ੍ਹਾਂ 'ਚ ਵੀ ਲੰਘੀ ਗਈ।

# ਬਲਵੰਤ ਸਿੰਘ ਦੇ ਘਰ ਹਮਲੇ ਦੀ ਨਿੰਦਾ

ਅੰਮ੍ਰਿਤਸਰ—ਅਕਾਲੀ ਦਲ ਦੇ ਪ੍ਰਧਾਨ ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ ਨੇ ਸੀਨੀਅਰ ਅਕਾਲੀ ਆਗੂ ਸ੍ਰ: ਬਲਵੰਤ ਸਿੰਘ ਦੀ ਕੋਠੀ ਤੇ ਬੰਬ ਸੁਟੇ ਜਾਣ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਹੈ ਕਿ ਸ: ਬਲਵੰਤ ਸਿੰਘ ਤੇ ਹਮਲਾ ਸ਼੍ਰੋ: ਅ: ਦਲ ਤੇ ਹਮਲਾ ਹੈ ਜਿਸ ਨੂੰ ਕਦਾਚਿਤ ਸਹਿਨ ਨਹੀਂ ਕੀਤਾ ਜਾ ਸਕਦਾ, ਸੰਤ ਜੀ ਨੇ ਕਿਹਾ ਕਿ ਹਮਲਾ ਕਰਨ ਵਾਲਾ ਕੋਈ ਪੰਥ ਦਾ ਦੁਸ਼ਮਣ ਤੇ ਸਰਕਾਰ ਦਾ ਹੱਥ ਠੋਕਾ ਹੈ ਜੋ ਪੰਥਕ ਸ਼ਕਤੀ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ। ਸੰਤ ਜੀ ਨੇ ਚੇਤਾਵਨੀ ਦਿਤੀ ਕਿ ਸ਼੍ਰੋ: ਅ: ਦਲ ਦੇ ਕਿਸੇ ਵੀ ਸੀਨੀਅਰ ਲੀਡਰ ਉਤੇ ਇਸ ਤਰ੍ਹਾਂ ਦੇ ਘ੍ਰਿਣਤ ਤੇ ਬੁਜ਼ਦਿਲਾਨਾ ਹਮਲੇ ਬਰਦਾਸ਼ਤ ਨਹੀਂ ਕੀਤੇ ਜਾਣਗੇ।

ਸੰਤਾਂ ਨੇ ਅਕਾਲੀ ਮਰਜੀਵੜਿਆਂ ਦੇ ਕੈਂਪ ਵਿਚ ਸ਼ਾਮਲ ਹੋਣ ਵਾਲੇ ਸਮੂੰਹ ਅਕਾਲੀ ਵਰਕਰਾਂ, ਮੁਖੀ ਅਕਾਲੀ ਆਗੂਆਂ, ਜਥੇਦਾਰ ਸਾਹਿਬਾਨਾਂ, ਸਾਬਕ ਫੌਜੀ ਅਫਸਰਾਂ ਅਤੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ ਹੈ।

# ਅ.ਫਰੀਕੀ ਦੇਸ਼ ਭਗਤਾਂ .ਫਾਂਸੀ ਦਾ ਰੱਸਾ ਹਸਦਿਆਂ ਚੁੰਮਿਆਂ

ਪਰੀਟੋਰੀਆ— ਪਾਬੰਦੀ ਲੱਗੀ ਅਫਰੀਕਨ ਨੈਸ਼ਨਲ ਕਾਂਗਰਸ ਨੇ ਪ੍ਰਣ ਲਿਆ ਹੈ ਕਿ ਉਹ ਦੱਖਣੀ ਅਫਰੀਕਾ ਦੀ ਗੋਰੀ ਘਟਗਿਣਤੀ ਸਰਕਾਰ ਵਲੋਂ ਉਹਨਾਂ ਦੀ ਪਾਰਟੀ ਦੇ ਤਿੰਨ ਸਾਥੀਆਂ ਨੂੰ ਫ਼ਾਂਸੀ ਉਤੇ ਲਟਕਾਏ ਜਾਣ ਦਾ ਬਦਲਾ ਲਵੇਗੀ।

ਤਿੰਨ ਦੇਸ਼ ਭਗਤਾਂ ਨੂੰ ਫ਼ਾਂਸੀ ਉਤੇ ਲਟਕਾਏ ਜਾਣ ਵਿਰੁਧ ਦੇਸ਼ ਵਿਚ ਅਤੇ ਦੁਨੀਆਂ ਭਰ ਵਿਚ ਦੱਖਣੀ ਅਫਰੀਕਾ ਦੀ ਸਰਕਾਰ ਵਿਰੁਧ ਸਖਤ ਰੋਹ ਦੀ ਲਹਿਰ ਫੈਲ ਗਈ ਹੈ ਅਤੇ ਸਭ ਪਾਸਿਓਂ ਸਰਕਾਰ ਦੀ ਨਿੰਦਾ ਹੋ ਰਹੀ ਹੈ। ਇਹਨਾਂ ਦੇਸ਼ ਭਗਤਾਂ ਨੂੰ ਫਾਂਸੀ ਨਾ ਦੇਣ ਲਈ ਸੰਸਾਰ ਭਰ ਦੇ ਆਗੂਆਂ ਨੇ ਗੋਰੀ ਸਰਕਾਰ ਨੂੰ ਅਪੀਲ ਕੀਤੀ ਸੀ ਪਰ ਗੋਰੀ ਸਰਕਾਰ ਨੇ ਵਿਆਪਕ ਸੰਸਾਰ ਰਾਏ ਦੀ ਕੋਈ ਪਰਵਾਹ ਨਾ ਕੀਤੀ।

ਫਾਂਸੀ ਉਤੇ ਲਟਕਾਏ ਗਏ ਦੇਸ਼ ਭਗਤ ਹਨ: ਸੀਮਨ ਮੋਗਰਨ (23) ਜੇਰੀ ਮੋਸੋਲੋਲੀ (25) ਅਤੇ ਮਾਰਕਸ ਮੋਤਾਂਗ (27)

ਅਫਰੀਕਨ ਨੈਸ਼ਨਲ ਕਾਨਫਰੰਸ ਵਲੋਂ ਜਾਰੀ ਕੀਤੇ ਗਏ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ "ਉਹਨਾਂ ਦੀ ਮਿਸਾਲੀ ਕੁਰਬਾਨੀ ਸਾਡੀ ਲਈ ਸੰਘਰਸ਼ ਦਾ ਸੱਦਾ ਹੈ।" ਫ਼ਾਂਸੀ ਉਤੇ ਲਟਕਾਏ ਗਏ ਤਿੰਨਾਂ ਸਾਥੀਆਂ ਦੇ ਵਕੀਲ ਕ੍ਰਿਸ਼ ਨਾਇਡੋ, ਜਿਸ ਨੇ ਕਿ ਉਹਨਾਂ ਨਾਲ ਪਹਿਲੀ ਰਾਤ ਮੁਲਾਕਾਤ ਕੀਤੀ ਸੀ ਨੇ ਕਿਹਾ ਕਿ ਉਹਨਾਂ ਦਾ ਕਹਿਣਾ "ਇਹ ਅੰਤ ਨਹੀਂ ਹੈ ਇਹ ਤਾਂ ਦੂਜਿਆਂ ਲਈ ਇਕ ਉਤਸ਼ਾਹ ਹੈ" ਉਹਨਾਂ ਦੇ ਇਕ ਹੋਰ ਵਕੀਲ ਚਰਿਸ ਮੋਕੋਦੀਤੋਆ ਨੇ ਦੱਸਿਆ "ਉਹ ਫ਼ਾਂਸੀ ਉਤੇ ਚੜ੍ਹਨ ਲਈ ਜਾਂਦੇ ਸਮੇਂ ਗੱਪਾਂ ਮਾਰ ਰਹੇ ਸਨ ਅਤੇ ਹੱਸ ਰਹੇ ਸਨ।"

ਉਹਨਾਂ ਨੂੰ ਫ਼ਾਂਸੀ ਲਟਕਾਏ ਜਾਣ ਤੋਂ ਦੋ ਘੰਟੇ ਪਹਿਲਾਂ ਸਭ ਪਾਸੇ ਭਾਰੀ ਪੁਲਸ ਤਾਇਨਾਤ ਕਰ ਦਿੱਤੀ ਗਈ ਸੀ ਡਰਬਿਨ ਵਿਚ ਪੁਲਸ ਨੇ 23 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ। ਇਥੇ 400 ਵਿਅਕਤੀ ਨੇ ਜਿਨਾਂ ਵਿਚ ਬਹੁਤੇ ਵਿਦਿਆਰਥੀ ਸਨ, ਭਾਰੀ ਮੁਜ਼ਾਹਰਾ ਕੀਤਾ। ਯੋਲਾਲੈਂਡ ਯੂਨੀਵਰਸਿਟੀ ਦੇ 700 ਤੋਂ ਵੱਧ ਵਿਦਿਆਰਥੀਆਂ ਨੇ ਵੀ ਫਾਂਸੀ ਵਿਰੁਧ ਰੋਸ ਵਜੋਂ ਭਾਰੀ ਮੁਜ਼ਾਹਰਾ ਕੀਤਾ। ਇਥੇ ਪੁਲਸ ਜੀਪ ਨੂੰ ਅਗ ਲਗਾ ਦਿਤੀ ਗਈ

# ਸ਼ਹੀਦ ਮੇਵਾ ਸਿੰਘ ਯਾਦਗਾਰੀ ਨੌਵਾਂ ਸਾਲਾਨਾ ਖੇਲ ਕੁਦ ਸਮਾਰੋਹ



## ਵੈਨਕੂਵਰ

**ਸ਼ੁਕਰਵਾਰ ਜੁਲਾਈ 1 ਤੇ ਸ਼ਨੀਚਰਵਾਰ ਜੁਲਾਈ 2,1983 ਸਾਊਥ ਮੈਮੋਰੀਅਲ ਪਾਰਕ**

ਟੀਮਾਂ ਦਾਖਲ ਕਰਾਉਣ ਲਈ 26 ਜੂਨ 2.00 ਵਜੇ ਤਕ 5880 ਮੇਨ ਸਟਰੀਟ

**ਇਨਾਮਾਂ ਦੀ ਵੰਡ ਅਤੇ ਸਮਾਪਤੀ ਰੈਲੀ ਜੁਲਾਈ 2, 8:00 ਵਜੇ ਸ਼ਾਮ**

**ਮੁੱਖ ਬੁਲਾਰਾ ਸਾਥੀ ਹਰਦਿਆਲ ਬੈਂਸ**

ਕਨੇਡਾ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੀ ਕੇਂਦਰੀ ਕਮੇਟੀ ਦੇ ਮੁੱਖ ਸਕੱਤਰ

**ਜਾਹਨ ਆਲੀਵਰ ਸਕੂਲ 530 ਈ 41ਵੀਂ ਐਵਿਨਿਊ (41ਵੀਂ ਅਤੇ ਫਰੇਜ਼ਰ) ਸਾਊਥ ਵੈਨਕੂਵਰ**



## ਖੇਲਾਂ ਦਾ ਵੇਰਵਾ :

ਸੌਕਰ — Open
1. ਸੌਕਰ — Open
2. ਸੌਕਰ —(ਜੂਨੀਅਰ - 16 ਸਾਲ ਤੱਕ)
3. ਸੌਕਰ (ਇਸਤਰੀਆਂ)
4. ਫੀਲਡ ਹਾਕੀ
5. ਫਲੋਰ ਹਾਕੀ
6. ਵਾਲੀ ਬਾਲ
7. ਕਬੱਡੀ - ਏ - Open
8. ਕਬੱਡੀ - ਬੀ - 150 ਪੌਂਡ ਜਾਂ ਘੱਟ
9. ਕਬੱਡੀ - ਸੀ - 135 ਪੌਂਡ
10. ਗੋਲਾ
11. ਭਾਰ ਚੁਕਣਾ
12. ਕੁਸ਼ਤੀਆਂ
13. ਦੌੜਾਂ
14. ਰੱਸਾ ਕਸੀ
15. ਬੋਡੀ ਬਿਲਡਿੰਗ ਮੁਕਾਬਲੇ
16. ਪ੍ਰਵਾਰਾਂ ਅਤੇ ਬੱਚਿਆਂ ਦੀਆਂ ਖੇਡਾਂ

1. ਕੋਈ ਐਂਟਰੀ ਫੀਸ ਨਹੀਂ ਹੈ
2. ਟੀਮਾਂ ਦੇ ਦਾਖਲੇ 26 ਜੂਨ 83 ਸ਼ਾਮ ਦੇ 2 ਵਜੇ ਤੱਕ ਹੋਣੇ ਚਾਹੀਦੇ ਹਨ
3. ਰੈਫਰੀ ਦਾ ਫੈਸਲਾ ਅੰਤਮ ਹੋਵੇਗਾ। ਖੇਲਾਂ ਦੇ ਮੱਤ ਭੇਦਾਂ ਦਾ ਫੈਸਲਾ ਟੂਰਨਾਮੈਂਟ ਕਮੇਟੀ ਕਰੇਗੀ
4. ਖਿਲਾਰੀ ਕੇਵਲ ਇੱਕ ਟੀਮ ਵਿਚ ਹੀ ਹਿਸਾ ਲੈ ਸਕਦੇ ਹਨ। ਟੀਮ ਦੀ ਫੀਲਡ ਵਿਚ ਉਤਰਨ ਲਈ ਕੇਵਲ 15 ਮਿੰਟ ਉਡੀਕ ਕੀਤੀ ਜਾਵੇਗੀ।

ਹੋਰ ਵਧੇਰੇ ਜਾਣਕਾਰੀ ਲਈ ਪੀਪਲਜ਼ ਫਰੰਟ ਜਾਂ EDIC 162 ਵੈਸਟ ਹੇਸਟਿੰਗਜ਼ ਸਟਰੀਟ - ਵੈਨਕੂਵਰ ਬੀ. ਸੀ. ਨਾਲ ਸੰਪਰਕ ਕਰੋ :

ਫੋਨ : 681-5020(ਦੁਪਹਿਰ ਤੋਂ 6 ਵਜੇ ਸ਼ਾਮ ਤੱਕ)
ਜਾਂ 324-6532 (ਸ਼ਾਮ)

**THE CANADA DARPAN FORTNIGHTLY**
**P.O.BOX 67344 STN 'O'**
**Vancouver, B.C.**

Chief Editor(Hon.) : DARSHAN GILL
Editor : HARBHAJAN SINGH DEOL

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

### ਸੰਪਾਦਕੀ

# ਬਿੱਲੀ ਥੈਲਿਓਂ ਬਾਹਰ

ਹੁਣ ਤੱਕ 'ਖਾਲਿਸਤਾਨ' ਦੀ ਮੰਗ ਬਾਰੇ ਅਮਰੀਕਨ ਪ੍ਰਸ਼ਾਸਨ ਨੇ ਦਬਵੀਂ ਤੇ ਮਲਵੀਂ ਜ਼ਬਾਨ ਨਾਲ ਹੀ ਸਮਰਥਨ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਭਾਰਤ ਵਿਚ ਅਮਰੀਕਨ ਰਾਜਦੂਤ ਹੈਰੀ ਬਾਰਨਜ਼ ਨੇ ਹੁਣ ਖੁਲ੍ਹੇ ਰੂਪ ਵਿਚ ਕਿਹਾ ਹੈ ਕਿ ਜੇਕਰ ਅਮਰੀਕਨ ਭਾਰਤ ਵਿਚ ਆ ਕੇ ਪੋਰਟੋ . ਰੀਕੋ ਦੀ ਆਜ਼ਾਦੀ ਦੀ ਮੰਗ ਕਰ ਸਕਦੇ ਹਨ ਤਾਂ ਅਮਰੀਕਾ ਵਿਚ 'ਖਾਲਿਸਤਾਨ' ਦੀ ਮੰਗ ਦਾ ਸਮਰਥਨ ਕੋਈ ਅਲੋਕਾਰ ਗੱਲ ਨਹੀਂ। ਇਸ ਤਰ੍ਹਾਂ ਜਿਥੇ ਚੇਤੰਨ ਲੋਕ ਇਸ 'ਖਾਲਿਸਤਾਨੀ' ਮੰਗ ਨੂੰ ਸਾਮਰਾਜੀ ਦੇਸ਼ਾਂ ਦੀ ਚਾਲ ਮੁਢੋਂ ਸਮਝਦੇ ਸਨ, ਉਹ ਸਹੀ ਸਨ

ਏਸੇ ਤਰ੍ਹਾਂ ਕੁਝ ਚਿਰ ਪਹਿਲਾਂ ਯੂ. ਐਨ. ਓ. ਵਿਚ ਵੀ ਅਮਰੀਕੀ ਚਾਲ ਕਾਰਨ ਹੀ ਅਜਿਹੇ ਨਕਸ਼ੇ ਵੰਡੇ ਗਏ ਸਨ ਜਿਨ੍ਹਾਂ ਵਿਚ ਭਾਰਤ ਨੂੰ ਟੁਕੜੇ ਟੁਕੜੇ ਕਰਕੇ ਦਿਖਾਇਆ ਗਿਆ ਸੀ। ਹੁਣ ਉਹ ਲੋਕ ਜੋ ਖਾਲਿਸਤਾਨੀ ਬੁਰਕੇ ਹੇਠ ਸਿਖ ਮੰਗਾਂ ਤੇ ਸਿਖਸਤਾਨ ਆਦਿ ਦਾ ਨਾਅਰਾ ਦਿੰਦੇ ਹਨ, ਉਨ੍ਹਾਂ ਦੇ ਨਕਾਬ ਅਮਰੀਕੀ ਰਾਜਦੂਤ ਨੇ ਲਾਹ ਦਿੱਤੇ ਹਨ।

ਕੇਵਲ ਅਮਰੀਕਨ ਹੀ ਨਹੀਂ, ਬਰਤਾਨਵੀ ਸਾਮਰਾਜੀ ਵੀ ਇਹੀ ਘਿਨਾਉਣੀ ਖੇਲ੍ਹ ਵਿਚ ਸ਼ਾਮਲ ਰਹੇ ਹਨ। ਹਿੰਦੁਸਤਾਨੀਆਂ ਨੂੰ ਉਨ੍ਹਾਂ ਦੀਆਂ ਵੰਡੋ ਤੇ ਰਾਜ ਕਰੋ ਪਾਲਸੀਆਂ ਦਾ ਪਹਿਲਾਂ ਹੀ ਕਾਫੀ ਤਜਰਬਾ ਹੈ।

ਇਸ ਪ੍ਰਸੰਗ ਵਿਚ ਪੰਜਾਬ ਵਿਚ ਫਿਰਕੂ ਫਸਾਦਾਂ ਦੀ ਅੱਗ ਭੜਕਾਉਣ ਦਾ ਕਾਰਨ ਵੀ ਸਮਝ ਵਿਚ ਆ ਸਕਦਾ ਹੈ। ਇਹ ਸਾਮਰਾਜੀ ਸਾਜ਼ਸ਼ਾਂ ਦਾ ਹੀ ਨਤੀਜਾ ਹੈ ਕਿ ਅੱਜ ਹਿੰਦੂ ਮੁਸਲਮਾਨ ਤੇ ਸਿੱਖਾਂ ਵਿਚਾਲੇ ਪਾਟੋਧਾੜ ਵਧਾ ਕੇ ਭਾਰਤ ਵਿਚ ਆਪਣੇ ਖਰੀਦੇ ਏਜੰਟਾਂ ਰਾਹੀਂ ਹਥਿਆਰ ਭੇਜ ਕੇ ਪੰਜਾਬ ਨੂੰ ਅੱਗ ਦੇ ਵਿਚ ਲਪੇਟਿਆ ਜਾ ਰਿਹਾ ਹੈ। ਇਹ ਸਮਾਂ ਹੈ ਕਿ ਅਕਾਲੀ ਅਤੇ ਕਾਂਗਰਸੀ ਆਪਣੇ ਕੁਰਸੀ-ਯੁੱਧ ਦਾ ਤਿਆਗ ਕਰਕੇ ਇਸ ਸਾਮਰਾਜੀ ਅਜਗਰ ਦਾ ਮੁਕਾਬਲਾ ਕਰਨ। ਪੰਜਾਬ ਦੇ ਲੋਕਾਂ ਨੂੰ 1947 ਦੇ ਹਾਲਾਤ ਅਜੇ ਤੱਕ ਭੁਲੇ ਨਹੀਂ।

ਬਾਹਰਲੇ ਦੇਸ਼ਾਂ ਵਿਚ ਵਸਦੇ ਪੰਜਾਬੀਆਂ ਤੇ ਭਾਰਤੀਆਂ ਦਾ ਵੀ ਇਹ ਕਰਤੱਵ ਬਣਦਾ ਹੈ ਕਿ ਉਹ ਅਜਿਹੀਆਂ ਸਾਮਰਾਜੀ ਸ਼ਕਤੀਆਂ ਦੇ ਹੱਥ ਠੋਕੇ ਨਾ ਬਣਨ ਸਗੋਂ ਭਾਰਤੀਆਂ ਵਿਚ ਛੁੱਪੇ ਅਜਿਹੇ ਸਾਮਰਾਜੀ ਏਜੰਟਾਂ ਦਾ ਸਫਾਇਆ ਕਰਨ ਜੋ ਆਪਣੇ ਵਤਨ ਨੂੰ ਮੁੜ ਗੈਰ ਹੱਥਾਂ ਵਿਚ ਦੇਣ ਲਈ ਤਤਪਰ ਹਨ।

---

ਆਦਮੀ ਆਪਣੀਆਂ ਕਿਤਾਬਾਂ ਤੇ ਮਿੱਤਰਾਂ ਦੇ ਨਾਲ ਨਾਲ ਇਸ ਤੱਥ ਤੋਂ ਵੀ ਜਾਣਿਆ ਜਾਂਦਾ ਹੈ ਕਿ ਉਹ ਆਪਣੀਆਂ ਗਲਤੀਆਂ ਵੀ ਮੰਨਦਾ ਹੈ.

—ਪਾਸਵਰਡ ਪਲਸ

ਵਤਨ ਨੂੰ ਸਭ ਤੋਂ ਜ਼ਿਆਦਾ ਉਹ ਹੀ ਚਾਹੁੰਦੇ ਹਨ ਜਿਨ੍ਹਾਂ ਦਾ ਵਤਨ ਛੁੱਟ ਗਿਆ ਹੋਵੇ •

—ਕੇਨਜਾਮ 'ਸਿਟੀ ਸਟਾਰ'

---

## ਐਡਵਰਟਾਈਜ਼ਿੰਗ ਮੈਨੇਜਰ ਦੀ ਲੋੜ

ਵੈਨਕੂਵਰ ਦੇ ਇਕ ਅਖਬਾਰ ਲਈ ਐਡਵਰਟਾਈਜ਼ਿੰਗ ਮੈਨੇਜਰ ਦੀ ਲੋੜ ਹੈ। ਉਮੀਦਵਾਰ ਅੰਗਰੇਜ਼ੀ ਅਤੇ ਪੰਜਾਬੀ ਲਿਖਣ ਅਤੇ ਬੋਲਣ ਵਿਚ ਨਿਪੁੰਨ ਹੋਣਾ ਚਾਹੀਦਾ ਹੈ। ਉਮੀਦਵਾਰ ਇਸ ਪਤੇ ਤੇ ਆਪਣੀ ਅਰਜੀ ਭੇਜ ਸਕਦੇ ਹਨ :

H.S. D. c/o CANADA DARPAN
P.O.Box 67344 STN 'O'
Vancouver, B.C. V5W 3T1

ਇਹ ਵਿਸ਼ੇਸ਼ ਰਾਜਨੀਤਕ ਰਿਪੋਰਟ : ਮਨਜੀਤ ਸਿੰਘ ਰੱਤੂ
ਵਿਸ਼ੇਸ਼ ਪ੍ਰਤੀਨਿਧ 'ਕੈਨੇਡਾ ਦਰਪਣ' ਦੁਆਰਾ

# ਪੰਜਾਬ ਦੀ ਰਾਜਨੀਤਕ ਡਾਇਰੀ

- ਅਕਾਲੀ ਦਲ ਦਾ ਇਤਿਹਾਸਕ ਸੰਕਟ
- ਪੰਜਾਬ ਸਰਕਾਰ ਕਿਸੇ ਤਰਾਂ ਦੇ ਸਮਝੌਤੇ ਦੇ ਹੱਕ ਵਿਚ ਨਹੀਂ
- ਅਸਲ ਫਾਇਦਾ ਅੱਤਵਾਦੀਆਂ ਨੂੰ
- ਬਲਵੰਤ ਸਿੰਘ ਵਲੋਂ ਸਰਕਾਰ ਤੇ ਦੋਸ਼
- ਹੁਣ ਅਸੀਂ ਇੰਦਰਾ ਨੂੰ ਦੱਸਾਂਗੇ ਕਿ ਮੰਗਾਂ ਕਿਵੇਂ ਮਨਾਈ ਦੀਆਂ ਹਨ —

—ਸੰਤ ਹਰਚੰਦ ਸਿੰਘ ਲੌਂਗੋਵਾਲ



## ਪੰਜਾਬ-ਰਾਜਨੀਤਕ ਅਸਥਿਰਤਾ ਦਾ ਵਧਦਾ ਸੰਕਟ

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੀ ਮੌਜੂਦਾ ਸਥਿਤੀ ਅਨੁਸਾਰ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਮੌਜੂਦਾ ਹਾਲਤ ਪੰਜਾਬ ਦੀ ਰਾਜਨੀਤਕ ਹਾਲਤ ਗਹਿਰੇ ਸੰਕਟ ਵਿਚ ਹੈ। ਅਕਾਲੀ ਦਲ ਆਪਣੇ ਸਤਿਕਾਰਿਆ ਗਿਆ ਹੈ। ਇਹ ਪਹਿਲਾ ਮੌਕਾ ਹੈ ਕਿ ਹਰ ਦੇਸ਼ ਤੋਂ ਪੱਤਰਕਾਰਾਂ ਨੇ ਅੰਮ੍ਰਿਤਸਰ ਪੁੱਜ ਕੇ ਤਾਜ਼ਾ ਹਾਲਤ ਦਾ ਜਾਇਜ਼ਾ ਲਿਆ। ਬੀ. ਬੀ. ਸੀ. ਦੇ ਭਾਰਤ ਵਿਚ ਵਿਸ਼ੇਸ਼ ਪ੍ਰਤੀਨਿਧ (ਮਾਰਕ ਟੱਲੀ) ਪੂਰਬ ਇੰਡੀਆ ਦੇ ਆਖੰਦਰਾ ਨਾਥਸੇਨਾ ਤੇ ਮੈਂ ਮਨਜੀਤ ਸਿੰਘ ਰੱਤੂ ਉਚੇਚੇ ਤੌਰ ਤੇ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਅੰਮ੍ਰਿਤਸਰ ਮਿਲੇ। ਤੇ ਤਾਜ਼ਾ ਹਾਲਤ ਦਾ ਜਾਇਜ਼ਾ ਲਿਆ। ਸਾਡੇ ਤੇ ਅੰਮ੍ਰਿਤਸਰ ਵਿਚ ਸਥਿਤ, ਯੂ. ਐਨ. ਆਈ. ਤੇ ਪਰੈਸ ਟਰਸਟ ਆਫ ਇੰਡੀਆ ਦੇ ਪ੍ਰਤੀਨਿਧਾਂ ਨਾਲ ਇਕ ਲੰਮੀ ਗਲਬਾਤ ਦੌਰਾਨ ਸੈਂਕੜੇ ਹੀ ਸੁਆਲ ਸੰਤ ਕੋਲੋਂ ਪੁਛੇ ਜਿਹਨਾਂ ਤੋਂ ਨਤੀਜਾ ਇਹ ਨਿਕਲਿਆ ਕਿ ਅਕਾਲੀ ਦਲ ਰਾਜਨੀਤਕ ਤੌਰ ਤੇ ਕਾਂਗਰਸ ਸਰਕਾਰ ਨੂੰ ਪੂਰੀ ਤਰਾਂ ਫੇਲ ਕਰ ਗਿਆ ਹੈ। 4 ਅਪਰੈਲ ਦੀਆਂ ਘਟਨਾਵਾਂ ਨੇ ਇਹ ਪੂਰੀ ਤਰਾਂ ਸਿੱਧ ਕਰਕੇ ਰਖ ਦਿਤਾ ਕਿ ਪੰਜਾਬ ਦੇ ਇਤਿਹਾਸ ਵਿਚ ਵੀ ਕਿਤੇ ਅਜਿਹੀ ਘਟਨਾਂ ਨਹੀਂ ਮਿਲੀ ਉਹ ਪਹਿਲਾ ਦਿਨ ਸੀ ਜਦੋਂ ਇਵੇਂ ਟਰੈਫਿਕ ਜਾਮ ਰਹੀ।

ਪੂਰੇ ਇਤਿਹਾਸ ਵਿਚ ਅਕਾਲੀਆਂ ਦਾ ਇਹ ਪਹਿਲਾ ਕਾਮਯਾਬ ਮੋਰਚਾ ਹੈ। ਪੂਰੀ ਦੁਨੀਆਂ ਵਿਚ ਲੋਕ ਅਜੇ ਵੀ ਅਕਾਲੀ ਦਲ ਦੇ ਮੋਰਚੇ ਦੀ ਘਟਨਾਵਾਂ ਸੁਣਨ ਲਈ ਉਤਾਵਲੇ ਹਨ। ਜਿਥੋਂ ਤੀਕ ਮੰਗਾਂ ਦਾ ਸੁਆਲ ਹੈ। ਲਗਪਗ ਧਾਰਮਿਕ ਤਾਂ ਪੂਰੀਆਂ ਹੀ ਜਾਇਜ਼ ਹਨ ਬਾਕੀ ਹੈ ਪਾਣੀਆਂ ਦਾ ਮਸਲਾ ਤੇ ਚੰਡੀਗੜ੍ਹ ਤੇ ਅਬੋਹਰ ਫਾਜ਼ਿਲਕਾ ਦਾ ਮਸਲਾ। ਇਹ ਵੀ ਹੱਕ ਪੰਜਾਬ ਦਾ ਹੈ। ਜਿਥੋਂ ਤੀਕ ਠੀਕ ਸਵਾਲ ਸਾਰੇ ਲੋਕਾਂ ਦੇ ਮੂੰਹਾਂ ਵਿਚੋਂ ਇਹੋ ਹੀ ਆਵਾਜ਼ ਹੈ ਅਕਾਲੀ ਆਪਣੀਆਂ ਮੰਗਾਂ ਨਹੀਂ ਸਗੋਂ ਸਾਰੇ ਪੰਜਾਬੀਆਂ ਦੀਆਂ ਮੰਗਾਂ ਲਈ ਲੜ ਰਹੇ ਹਨ।

## ਪੰਜਾਬ ਸਰਕਾਰ

ਜਿਥੋਂ ਤੀਕ ਪੰਜਾਬ ਸਰਕਾਰ ਦਾ ਸਬੰਧ ਹੈ ਉਹ ਵੀ ਆਪਣੇ ਪੱਕੇ ਪੈਰਾਂ ਤੇ ਖੜੀ ਹੈ। ਪੰਜਾਬ ਦੇ ਵਿਕਾਸ ਮੰਤਰੀ ਸੰਤੋਖ ਸਿੰਘ ਰੰਧਾਵਾ ਨੇ ਬੀਤੇ ਦਿਨੀਂ ਨਕੋਦਰ ਵਿਚ ਸਾਡੇ ਪੱਤਰਕਾਰ ਸ੍ਰੀ ਮਨਜੀਤ ਸਿੰਘ ਰੱਤੂ ਨੂੰ ਇਕ ਇੰਟਰਵਿਊ ਦੌਰਾਨ ਦਸਿਆ ਕਿ ਸਰਕਾਰ ਵਿਰੋਧੀ ਅਨਸਰਾਂ ਨੂੰ ਸਖਤੀ ਨਾਲ ਨਿਪਟੇਗੀ। ਤੇ ਉਹ ਖਾਲਿਸਤਾਨੀਆਂ ਨੂੰ ਕੁੰਭ ਕਰਣ ਦੀ ਨੀਂਦੇ ਸੁਆ ਦੇਵੇਗੀ। ਪੰਜਾਬ ਸਰਕਾਰ ਵਿਰੋਧੀ ਅਨਸਰਾਂ ਤੋਂ ਡਰਦੀ ਨਹੀਂ ਹੈ। ਜੇਕਰ ਡਰਦੀ ਹੁੰਦੀ ਤਾਂ ਇਨ੍ਹਾਂ ਤਿੰਨਾ ਸਾਲਾਂ ਦੌਰਾਨ ਸਰਕਾਰ ਖਤਮ ਹੋ ਗਈ ਹੁੰਦੀ।

ਉਹਨਾਂ ਅਕਾਲੀ ਦਲ ਤੇ ਦੋਸ਼ ਲਾਇਆ ਕਿ ਉਹ ਆਪ ਹੀ ਮੋਰਚਾ ਅੱਗੇ ਹੀ ਪਾਈ ਜਾ ਰਹੇ ਹਨ ਤੇ ਕਿਸੇ ਵੀ ਗੱਲ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ। ਪੰਜਾਬ ਦੇ ਮੁਖ ਮੰਤਰੀ ਬਾਰੇ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਗਾਂਧੀ ਨੇ ਬੀਤੇ ਦਿਨੀਂ ਗੁਰਦਾਸਪੁਰ ਤੇ ਨਾਭੇ ਵਿਚ ਦਸਿਆ ਕਿ ਪੰਜਾਬ ਵਿਚ ਜਿੰਨੀ ਦੇਰ ਕਾਂਗਰਸ ਸਰਕਾਰ ਰਹੇਗੀ ਉਨੀ ਦੇਰ ਤੱਕ ਸ੍ਰੀ ਦਰਬਾਰਾ ਸਿੰਘ ਮੁਖ ਮੰਤਰੀ ਰਹਿਣਗੇ। ਕਿਸੇ ਵੀ ਕੀਮਤ ਤੇ ਇਹਨਾਂ ਨੂੰ ਆਹੁਦੇ ਤੋਂ ਹਟਾਇਆ ਨਹੀਂ ਜਾਏਗਾ। ਪੰਜਾਬ ਸਰਕਾਰ ਆਪਣੇ ਤਿੰਨ ਸਾਲਾਂ ਦੇ ਕੰਮਾਂ ਬਾਰੇ ਇਹ ਹਫਤਾ ਵੀ ਮਨਾ ਰਹੀ ਹੈ। ਸੰਤ ਲੌਂਗੋਵਾਲ ਨੇ ਸਰਕਾਰ ਦੀ ਇਸ ਵਿਕਾਸ ਸਕੀਮ ਤੇ ਟਿਪਣੀ ਕਰਦਿਆਂ ਕਿਹਾ ਹੈ ਕਿ ਉਹ ਇਹ ਵੀ ਦੱਸ ਦੇਵੇ ਕਿ ਪਿਛਲੇ ਤਿੰਨਾਂ ਸਾਲਾਂ ਵਿਚ ਜਿੰਨੇ ਸਿੱਖ ਨਿਹੱਥੇ ਗੋਲੀਆਂ ਦਾ ਸ਼ਿਕਾਰ ਹੋਏ ਹਨ।

## ਅਸਲੀ ਫਾਇਦਾ ਅਤਿਵਾਦੀ ਅਨਸਰਾਂ ਨੂੰ

ਜਲੰਧਰ ਰੇਂਜ ਦੇ ਡੀ. ਆਈ. ਜੀ. ਅਟਵਾਲ ਦੇ ਕਤਲ ਦਾ ਅਜੇ ਤੀਕ ਕੋਈ ਭੇਦ ਨਹੀਂ ਲੱਗਾ। ਪਿਛਲੇ ਕੁਝ ਦਿਨ ਪਹਿਲਾਂ ਉਹਨਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਅਤਵਾਦੀਆਂ ਨੇ ਗੋਲੀਆਂ ਨਾਲ ਉਡਾ ਦਿਤਾ ਸੀ। ਤੇ ਇਸੇ ਤਰਾਂ ਅਤਵਾਦੀਆਂ ਨੇ ਪੰਜਾਬ ਭਰ ਦੀਆਂ ਬੈਂਕਾਂ ਤੇ ਖਜ਼ਾਨੇ ਲੁੱਟਣ ਦੀਆਂ ਸਕੀਮਾਂ ਬਣਾਈਆਂ ਹੋਈਆਂ ਤੇ ਲਗ ਪਗ 50 ਲੱਖ ਦੇ ਕਰੀਬ ਰੁਪਿਆ ਬੈਂਕਾਂ ਵਿਚ ਲੁਟਿਆ। ਅਤਵਾਦੀਆਂ ਵਲੋਂ ਅਖਬਾਰਾਂ ਦੇ ਸੰਪਾਦਕਾਂ ਨੂੰ ਭੜਕਾਊ ਚਿੱਠੀਆਂ ਗਊ ਅਤੇ ਕੱਟੇ ਦੀਆਂ ਪੂਛਾਂ, ਹਰਿਮੰਦਰ ਸਾਹਿਬ ਅੱਗੇ ਸਿਗਰਟਾਂ ਬੀੜੀਆਂ ਦੇ ਬੰਡਲਾਂ ਆਦਿ ਘਟਨਾਵਾਂ ਅਜੇ ਤੀਕ ਘਟੀਆਂ ਨਹੀਂ ਹਨ। ਪਟਿਆਲੇ ਵਿਚ ਅਤਿਵਾਦੀਆਂ ਵਲੋਂ ਕੀਤੀ ਸਾੜ ਫੂਕ ਵੀ ਇਸੇ ਗੱਲ ਦਾ ਸਬੂਤ, ਚੰਡੀਗੜ੍ਹ ਵਿਚ ਸ੍ਰੀ ਬਲਵੰਤ ਸਿੰਘ ਦੀ ਕੋਠੀ ਵਿਚ ਬੰਬ, ਆਦਿ ਘਟਨਾਵਾਂ ਇਹ ਦਸਦੀਆਂ ਕਿ ਅਕਾਲੀ ਦਲ ਦੇ ਮਸਲੇ ਵਿਚ ਅਤਿਵਾਦੀ ਆਪਣੀ ਹੀ ਲਾਭ ਉਠਾ ਰਹੇ ਹਨ।

ਅੱਜ ਤੋਂ ਕੁਝ ਚਿਰ ਪਹਿਲਾਂ ਇਕ ਇੰਨਫੀਲਡ ਮੋਟਰ ਸਾਈਕਲ ਜਿਸਨੇ ਕਈ ਉਘੇ ਵਿਅਕਤੀ ਕਤਲ ਕੀਤੇ ਦੋ ਸਾਲ ਤੀਕ ਵੀ ਪੰਜਾਬ ਸਰਕਾਰ ਉਸ ਮੋਟਰ ਸਾਈਕਲ ਤੇ ਤਿੰਨ ਸਵਾਰਾਂ ਨੂੰ ਪਕੜ ਨਹੀਂ ਸਕ।

---

## ਹੜਤਾਲੀ ਮਜ਼ਦੂਰਾਂ ਤੇ ਪੁਲਸ ਫਾਇਰੰਗ 1 ਹਲਾਕ 125 ਜ਼ਖਮੀ

ਗੁਰਦਾਸਪੁਰ — ਇਥੋਂ 25 ਕਿਲੋਮੀਟਰ ਦੂਰ ਧਾਰੀਵਾਲ ਵਿਖੇ ਪੁਲਸ ਨੇ ਨਿਊ ਐਗਰਟਨ ਵੂਲਨ ਮਿਲਜ਼ ਦੇ ਹੜਤਾਲੀ ਮਜ਼ਦੂਰਾਂ ਉਤੇ ਗੋਲੀ ਚਲਾ ਦਿੱਤੀ।

## ਬਲਵੰਤ ਸਿੰਘ ਸਾਬਕਾ ਵਿਤ ਮੰਤਰੀ ਪੰਜਾਬ

ਸਾਡੇ ਵਿਸ਼ੇਸ਼ ਪੱਤਰਕਾਰ ਮਨਜੀਤ ਸਿੰਘ ਰੱਤੂ ਨੇ ਬੀਤੇ ਦਿਨੀਂ ਚੰਡੀਗੜ੍ਹ ਤੋਂ ਸਾਬਕਾ ਵਿੱਤ ਮੰਤਰੀ ਸ੍ਰੀ ਬਲਵੰਤ ਸਿੰਘ ਨਾਲ ਇਕ ਇੰਟਰਵਿਊ ਕੀਤੀ ਜਿਸ ਦੌਰਾਨ ਉਹਨਾਂ ਨੇ ਸਰਕਾਰ ਤੇ ਇਹ ਦੋਸ਼ ਲਾਇਆ ਕਿ ਸਰਕਾਰ ਅਤਵਾਦੀਆਂ ਨੂੰ ਪਕੜਨ ਵਿਚ ਨਕਾਮ ਰਹੀ ਹੈ। ਦਰਬਾਰਾ ਸਰਕਾਰ ਨੂੰ ਹੁਣ ਅਸਤੀਫਾ ਦੇ ਦੇਣਾ ਚਾਹੀਦਾ ਹੈ ਕਿਉਂਕਿ ਉਹ ਪਿਛਲੇ ਤਿੰਨਾਂ ਸਾਲਾਂ ਤੋਂ ਪੰਜਾਬ ਦੀਆਂ ਹਿੰਸਕ ਘਟਨਾਵਾਂ ਤੇ ਕਾਬੂ ਨਹੀਂ ਪਾ ਸਕੇ।

ਉਹਨਾਂ 'ਕੈਨੇਡਾ ਦਰਪਣ' ਨੂੰ ਇਹ ਵੀ ਦੱਸਿਆ ਕਿ ਪੰਜਾਬ ਵਿਚ ਸਰਕਾਰ ਦਾ ਪ੍ਰਬੰਧ ਤਾਂ ਬਿਲਕੁਲ ਹੀ ਖਤਮ ਹੋ ਚੁਕਾ ਹੈ। ਕਤਲ, ਚੋਰੀਆਂ, ਡਾਕੇ, ਦੁਰਘਟਨਾਵਾਂ ਤੇ ਸਾੜਫੂਕ ਦਾ ਅਜੇ ਤੀਕ ਸਰਕਾਰ ਵਲੋਂ ਕੋਈ ਹੱਲ ਨਹੀਂ ਲੱਭਿਆ ਗਿਆ। ਉਹਨਾਂ ਕਿਹਾ ਕਿ ਸਰਕਾਰ ਤਾਂ ਹੁਣ ਕੁਝ ਦਿਨ ਹੀ ਹੋਰ ਕੱਟੇਗੀ।

## ਸੰਤ ਲੌਂਗੋਵਾਲ

ਸੰਤ ਲੌਂਗੋਵਾਲ ਨੇ ਸਾਡੇ ਪ੍ਰਤੀਨਿਧ ਨਾਲ ਇਕ ਇੰਟਰਵਿਊ ਦੌਰਾਨ ਦਸਿਆ ਕਿ ਹੁਣ ਅਸੀਂ ਬੀਬੀ ਨੂੰ ਦੱਸਾਂਗੇ ਕਿ ਮੰਗਾਂ ਕਿਵੇਂ ਮਨਾਈ ਦੀਆਂ ਹਨ। ਉਹਨਾਂ ਨੇ ਕਿਹਾ ਕਿ ਉਹ ਕੇਂਦਰ ਨਾਲ ਇਕ ਪਲ ਵੀ ਗਲਬਾਤ ਕਰਨ ਲਈ ਤਿਆਰ ਨਹੀਂ ਹਨ। ਉਹਨਾਂ ਗ੍ਰਹਿ ਮੰਤਰੀ ਦੇ ਪੱਤਰ ਦਾ ਉਤਰ ਵੀ ਭੇਜ ਦਿੱਤਾ ਹੈ। ਉਹਨਾਂ ਕਿਹਾ ਕਿ ਸਰਕਾਰ ਹੁਣ ਕਿਥੇ ਹੈ। ਜਿਸਨੇ ਅਜੇ ਤੀਕ ਬੇਗੁਨਾਹ ਸਿੱਖਾਂ ਉਤੇ ਕੀਤੇ ਗਏ ਕਤਲਾਂ ਬਾਰੇ ਕੋਈ ਗ੍ਰਿਫਤਾਰੀ ਨਹੀਂ ਕੀਤੀ।

ਉਹਨਾਂ ਜਲੰਧਰ ਦੇ ਪੰਜਾਬੀ ਦੇ ਪ੍ਰਮੁਖ ਅਖਬਾਰ ਦੇ ਮਾਲਕ ਸ੍ਰੀ ਰਮੇਸ਼ ਵਲੋਂ ਛਾਪੇ ਗਏ ਗੁਰੂ ਗੋਬਿੰਦ ਸਿੰਘ ਜੀ ਦੇ ਕਲੰਡਰ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਉਧਰ ਅਨੰਦਪੁਰ ਸਾਹਿਬ ਵਿਚ ਹੋਈ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਰਮੇਸ਼ ਨੇ ਸਿੱਖ ਜਗਤ ਤੋਂ ਇਕ ਘਟਨਾ ਦੀ ਮਾਫੀ ਨਾ ਮੰਗੀ ਤਾਂ ਇਸ ਦੇ ਸਿੱਟੇ ਹੋਰ ਵੀ ਗੰਭੀਰ ਨਿਕਲਣਗੇ। ਉਹਨਾਂ ਕਿਹਾ ਕਿ ਗੁਰੂ ਜੀ ਦੀ ਤਸਵੀਰ ਦੇ ਮਹਰੂਮ ਲਾਲਾ ਜੀ ਦੀ ਫੋਟੋ ਛਾਪ ਕੇ ਗੁਰੂ ਦੀ ਬੇਇਜ਼ਤੀ ਕੀਤੀ ਹੈ ਜਿਸ ਨੂੰ ਸਾਰੇ ਸਿਖ ਜਗਤ ਨੇ ਨਿਖੇਧੀ ਕੀਤੀ ਹੈ। ਸੰਤ ਭਿੰਡਰਾਂਵਾਲਿਆਂ ਨੇ ਵੀ ਇਸ ਕਲੰਡਰ ਦੀ ਸਖਤ ਕਾਰਵਾਈ ਕਰਨ ਦੀ ਹਦਾਇਤ ਕੀਤੀ ਹੈ। ਇਹ ਕਲੰਡਰ ਲਗਪਗ ਉਤਰੀ ਭਾਰਤ ਵਿਚ ਚਾਰ ਲੱਖ ਤੋਂ ਵੱਧ ਗਿਣਤੀ ਵਿਚ ਵਿਕਿਆ ਹੈ।

ਪੰਜਾਬ ਦੀ ਹਾਲਤ ਏਨੀ ਵਿਗੜ ਰਹੀ ਹੈ ਕਿ ਪਤਾ ਨਹੀਂ ਭਵਿਖ ਵਿਚ ਕੀ ਕੀ ਹੋਵੇਗਾ। ਪੰਜਾਬ ਦੇ ਲੋਕ ਆਉਣ ਵਾਲੇ ਕੱਲ ਦੀਆਂ ਅਖਬਾਰਾਂ ਦੀ ਬਹੁਤ ਉਡੀਕ ਕਰਦੇ ਹਨ।

---

ਪਿਤਾ ਇਹ ਸਿਖਾਉਂਦਾ ਹੈ ਕਿ ਸਾਨੂੰ ਕੀ ਬਣਨਾ ਚਾਹੀਦਾ ਹੈ ਅਤੇ ਮਾਂ ਇਹ ਸਿਖਾਉਂਦੀ ਹੈ ਕਿ ਅਸੀਂ ਕੀ ਹਾਂ •

—ਪੀਟਰ ਡੇਵਿਸਨ

# ਪੰਜਾਬ ਮੋਰਚਾ ਐਕਸ਼ਨ ਕਮੇਟੀ (ਕੈਨੇਡਾ)

ਦਫਤਰ ਪੰਜਾਬ ਮੋਰਚਾ ਐਕਸ਼ਨ ਕਮੇਟੀ ਕੈਨੇਡਾ
ਗੁਰੂ ਨਾਨਕ ਸਿੱਖ ਟੈਂਪਲ
7050-120 th ਐਵੇਨਿਊ
ਡੈਲਟਾ-ਸਰੀ

ਕਾਰਵਾਈ ਮੋਰਚਾ ਐਕਸ਼ਨ ਕਮੇਟੀ ਜਨਰਲ ਹਾਊਸ
ਮਿਤੀ — 25-6-1983

ਮਿਤੀ 25 ਜੂਨ, 1983 ਨੂੰ ਗੁਰਦੁਆਰਾ ਸਾਹਿਬ ਐਟਬਸ ਫੋਰਡ ਵਿਖੇ ਪੰਜਾਬ ਮੋਰਚਾ ਐਕਸ਼ਨ ਕਮੇਟੀ ਦੇ ਜਨਰਲ ਹਾਊਸ ਦੀ ਇਕੱਤਰਤਾ ਭਾਈ ਕਰਤਾਰ ਸਿੰਘ ਜੀ ਪ੍ਰਧਾਨ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੀ ਪ੍ਰਧਾਨਗੀ ਹੇਠ ਦੁਪਹਿਰ ਦੋ ਵਜੇ ਆਰੰਭ ਹੋਈ। ਇਸ ਇਕੱਤਰਤਾ ਵਿਚ ਬੀ. ਸੀ. ਦੀਆਂ 14 (ਚੌਦਾਂ) ਸੁਸਾਇਟੀਆਂ ਦੇ ਨਮਾਇੰਦੇ ਸ਼ਾਮਲ ਹੋਏ ਜਿਨਾਂ ਦੇ ਨਾਮ ਇਸ ਪ੍ਰਕਾਰ ਹਨ :-

. ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ, 2. ਅਕਾਲੀ ਸਿੱਖ ਸਿੰਘ ਸੁਸਾਇਟੀ ਵੈਨਕੂਵਰ, 3. ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ, 4. ਵੀ. ਆਈ. ਖਾਲਸਾ ਦੀਵਾਨ ਸੁਸਾਇਟੀ ਨਨੈਮੋਂ, 5. ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ, 6. ਪੰਜਾਬੀ ਅਕਾਲੀ ਸਿੱਖ ਸੁਸਾਇਟੀ, ਵਿਕਟੋਰੀਆ, 7. ਖਾਲਸਾ ਦੀਵਾਨ ਸੁਸਾਇਟੀ ਲੇਕ ਕਵਾਚਨ, 8. ਪਾਲਦੀ ਖਾਲਸਾ ਦੀਵਾਨ ਸੁਸਾਇਟੀ ਡੰਕਨ, 9. ਸਿੱਖ ਕਲਚਰਲ ਸੁਸਾਇਟੀ ਕੈਮਲੂਪਸ, 10. ਸਿੱਖ ਟੈਂਪਲ ਸੁਸਾਇਟੀ ਪੈਨਟਿਕਟਨ, 11. ਸਿੱਖ ਟੈਂਪਲ ਸੁਸਾਇਟੀ ਮੇਰਟ, 12. ਇੰਡੀਅਨ ਕਲਚਰਲ ਸੁਸਾਇਟੀ ਪੈਨਟਿਕਟਨ, 13. ਸਿੱਖ ਸਵਕ ਦਲ, ਵੈਨਕੂਵਰ, 14. ਸਿੱਖ ਯੂਥ ਫੈਡਰੇਸ਼ਨ ਆਫ ਕੈਨੇਡਾ।

ਉਪਰੋਕਤ ਹਾਜਰ ਸੁਸਾਇਟੀਆਂ ਤੋਂ ਇਲਾਵਾ ਕੁਝ ਕੁ ਹੋਰ ਗੁਰਦੁਆਰਾ ਸੁਸਾਇਟੀਆਂ ਨੇ ਟੈਲੀਫੂਨ ਰਾਹੀਂ ਹਾਜ਼ਰ ਆਉਣ ਦੀ ਅਸਮਰਥਾ ਦਰਸਾਂਦਿਆਂ ਇਕਤਰਤਾ ਲਈ ਪੂਰਨ ਸਮਰਥਨ ਦਿਵਾਇਆ।

ਕਾਰਵਾਈ ਠੀਕ ਦੋ ਵਜੇ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਉਪਰੰਤ ਆਰੰਭ ਹੋਈ। ਸਭ ਤੋਂ ਪਹਿਲਾਂ ਸਕੱਤਰ ਪੰਜਾਬ ਮੋਰਚਾ ਐਕਸ਼ਨ ਕਮੇਟੀ ਨੇ 25 ਸਤੰਬਰ 1982 ਜਦੋਂ ਪੰਜਾਬ ਮੋਰਚਾ ਐਕਸ਼ਨ ਕਮੇਟੀ ਸਥਾਪਤ ਕੀਤੀ ਗਈ ਸੀ ਤੋਂ ਅਜ ਤੱਕ ਦੀਆਂ ਕੀਤੀਆਂ ਗਈਆਂ ਕਾਰਵਾਈਆਂ ਦਾ ਜ਼ਿਕਰ ਕੀਤਾ। ਉਨ੍ਹਾਂ ਵਿਲੀਅਮ ਲੇਕ ਵਿਚ ਹੋਈ 9 ਅਪਰੈਲ 1983 ਦੀ ਮੀਟਿੰਗ ਅਤੇ ਭਾਈ ਜਗਜੀਤ ਸਿੰਘ ਸੰਧੂ ਹੋਰਾਂ ਵੱਲੋਂ ਮਿਲੀ ਇਕ ਚਿੱਠੀ ਦਾ ਜ਼ਿਕਰ ਵੀ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ ਤੁਹਾਡੀ ਸੇਹਤ ਠੀਕ ਨਾ ਹੋਣ ਕਰਕੇ ਅਤੇ ਹੁਣ ਤੱਕ ਕਮੇਟੀ ਦੀ ਕਾਰਵਾਈ ਚਲਾਉਣ ਲਈ ਬਹੁਤ ਜ਼ਿਆਦਾ ਨਾ-ਕਾਮਯਾਬੀ ਮਹਿਸੂਸ ਕੀਤੀ ਗਈ ਹੈ ਇਸ ਲਈ ਆਪ ਜੀ ਨੂੰ ਇਸ ਸੇਵਾ ਤੋਂ ਛੁੱਟੀ ਦੇ ਦਿਤੀ ਜਾਂਦੀ ਹੈ। ਨਵੇਂ ਸਕੱਤਰ ਦੀ ਸਥਾਪਨੀ ਕਰ ਦਿੱਤੀ ਗਈ ਹੈ।

ਸਭ ਤੋਂ ਪਹਿਲਾਂ ਇਹ ਚਿੱਠੀ ਬਹਿਸ ਦਾ ਵਿਸ਼ਾ ਬਣੀ। ਤਕਰੀਬਨ ਇਕ ਘੰਟਾ ਇਸ ਚਿਠੀ ਤੇ ਵਿਚਾਰ ਹੁੰਦੀ ਰਹੀ। ਅਡੋ ਅੱਡ ਮੈਂਬਰਾਂ ਨੇ ਸਕੱਤਰ ਜੀ ਤੋਂ ਕਈ ਪ੍ਰਕਾਰ ਦੇ ਸੁਆਲ ਕੀਤੇ ਸਰਦਾਰ ਰੇਸ਼ਮ ਸਿੰਘ ਸੰਦੜ ਅਤੇ ਸਰਦਾਰ ਜੋਗਿੰਦਰ ਸਿੰਘ ਸੋਹੀ ਹੋਰਾਂ ਇਸ ਗੱਲ ਦੀ ਤਸਦੀਕ ਕੀਤੀ ਕਿ ਵਿਲੀਅਮ ਲੇਕ ਤੋਂ ਆਉਂਦਿਆਂ ਭਾਈ ਜਗਜੀਤ ਸਿੰਘ ਸਿੱਧੂ ਨੇ ਉਨ੍ਹਾਂ ਦੀਆਂ ਕਮੇਟੀਆਂ ਨੂੰ ਟੈਲੀਫੋਨ ਕੀਤਾ ਸੀ ਕਿ ਵਿਲੀਅਮ ਲੇਕ ਵਿਚ ਸੁਸਾਇਟੀਆਂ ਦੇ ਨਾ ਪੁਜਣ ਕਰਕੇ ਮੀਟਿੰਗ ਨਹੀਂ ਹੋ ਸਕੀ। ਅਜ ਜੇਕਰ ਜਗਜੀਤ ਸਿੰਘ ਆਉਂਦੇ ਤਾਂ ਇਸ ਦੀ ਸਚਾਈ ਨਿਤਰ ਆਉਣੀ ਸੀ। ਉਹਨੇ ਇਹ ਵੀ ਦੱਸਿਆ ਕਿ ਹੁਣ ਮੀਟਿੰਗ ਵੈਨਕੂਵਰ ਹੋਵੇਗੀ। ਇਹ ਮੀਟਿੰਗ ਹੋ ਨਹੀਂ ਸਕੀ ਤੇ ਇਹ ਚਿਠੀ ਜੋ ਇਕ ਫੋਟੋ ਕਾਪੀ ਹੈ ਕਿਸੇ ਦੇ ਤਸਦੀਕ ਦੇ ਦਸਖਤ ਨਹੀਂ ਇਸ ਤੇ ਅਮਲ ਨਹੀਂ ਹੋਣਾ ਚਾਹੀਦਾ। ਸਕੱਤਰ ਮੋਰਚਾ ਐਕਸ਼ਨ ਕਮੇਟੀ ਨੇ ਇਹ ਵੀ ਦੱਸਿਆ ਕਿ ਉਹ ਰੀਕਰਡ ਲੈ ਆਏ ਹਨ ਉਨ੍ਹਾਂ ਨੂੰ ਕਿਸੇ ਅਹੁਦੇ ਦੀ ਪਕੜ ਨਹੀਂ ਜਨਰਲ ਹਾਊਸ ਜਿਸ ਦੇ ਜ਼ਿੰਮੇ ਇਹ ਰਿਕਾਰਡ ਲਗਾਉਣਾ ਚਾਹੇ ਲਗਾ ਦੇਵੇ ਉਹਨਾਂ ਨੂੰ ਬੜੀ ਖੁਸ਼ੀ ਹੋਵੇਗੀ ਇਸ ਬਹਿਸ ਵਿਚ ਸਰਦਾਰ ਗੁਰਦੇਵ ਸਿੰਘ ਬਾਹੀ ਕੈਮਲੂਪਸ, ਸ. ਪ੍ਰੀਤਮ ਸਿੰਘ ਉਪਲ ਲੇਕ ਕਵਾਚਨ, ਸਰਦਾਰ ਅਜੈਬ ਸਿੰਘ ਡੰਕਨ, ਸ: ਅਜੀਤ ਸਿੰਘ ਬਾਦ ਪ੍ਰਧਾਨ ਗੁਰਦੁਆਰਾ ਮੇਰਟ ਵਿਚ ਹਿਸਾ ਲੈਂਦਿਆਂ ਕਿਹਾ ਕਿ ਇਹ ਚਿੱਠੀ ਗੈਰ ਕਾਨੂੰਨੀ, ਗੈਰ ਜਮਹੂਰੀ ਅਤੇ ਕਮੇਟੀ ਦੇ ਅਖਤਿਆਰਾਂ ਤੋਂ ਬਾਹਰ ਹੈ ਇਸ ਲਈ ਇਸ ਨੂੰ ਰੱਦ ਕਰ ਦੇਣਾ ਚਾਹੀਦਾ ਹੈ। ਇਸ ਉਪਰੰਤ ਸਰਬ ਸੰਮਤੀ ਨਾਲ ਪਹਿਲਾ ਮਤਾ ਪ੍ਰਵਾਨ ਹੋਇਆ ਕਿ ਵਿਲੀਅਮ ਲੇਕ ਵਿਚ ਪੰਜਾਬ ਮੋਰਚਾ ਐਕਸ਼ਨ ਕਮੇਟੀ ਦੀ ਕਹੀ ਜਾਂਦੀ 9 ਅਪਰੈਲ 1983 ਦੀ ਹੋਈ ਮੀਟਿੰਗ ਦੀ ਕਾਰਵਾਈ ਨੂੰ ਰੱਦ ਕੀਤਾ ਜਾਂਦਾ ਹੈ। ਇਹ ਮਤਾ ਸ: ਜੋਗਿੰਦਰ ਸਿੰਘ ਸੋਹੀ ਹੋਰਾਂ ਪੇਸ਼ ਕੀਤਾ ਤਾਈਦ ਉਤੇ ਦੱਸੇ ਸਾਰੇ ਮੈਂਬਰਾਂ ਕੀਤੀ ਅਤੇ ਜੈਕਾਰਿਆਂ ਦੀ ਗੂੰਜ ਨਾਲ ਮਤਾ ਪ੍ਰਵਾਨ ਕੀਤੀ ਗਿਆ।

ਇਸ ਪਿਛੋਂ ਸਰਦਾਰ ਰੇਸਮ ਸਿੰਘ ਸੰਦੜ ਹੋਰਾਂ ਇਕ ਮਤਾ ਪੇਸ਼ ਕੀਤਾ ਜਿਸ ਵਿਚ ਇਹ ਮੰਗ ਕੀਤੀ ਗਈ ਸੀ ਕਿ ਕਿਉਂ ਜੋ ਹੁਣ ਕੈਨੇਡਾ ਵਿਖੇ ਸਾਰੇ ਗੁਰਦੁਆਰਾ ਸਾਹਿਬਾਨ ਦੀ ਚੋਣ ਹੋ ਚੁਕੀ ਹੈ ਅਤੇ ਪਹਿਲੇ ਨੀਯਤ ਕੀਤੇ ਸੇਵਾਦਾਰ ਬਦਲ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ 25 ਸਤੰਬਰ 1982 ਨੂੰ ਥਾਪੀ ਮੋਰਚਾ ਐਕਸ਼ਨ ਕਮੇਟੀ ਦੇ ਕਈ ਮੈਂਬਰ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਦਾ ਵਿਸ਼ਵਾਸ਼ ਖੋ ਚੁੱਕੇ ਹਨ ਅਤੇ ਕਈ ਇਕ ਮੈਂਬਰ ਤਾਂ ਉਸ ਕਮੇਟੀ ਵਿਚ ਅਜੇਹੇ ਵੀ ਲੈ ਲਏ ਗਏ ਜੋ ਕਿਸੇ ਗੁਰਦੁਆਰਾ ਸਾਹਿਬ ਦੀ ਕਮੇਟੀ ਨਾਲ ਸਬੰਧ ਨਹੀਂ ਰਖਦੇ ਸਨ ਇਸ ਲਈ ਇਨਾਂ ਬਦਲੇ ਹੋਏ ਹਾਲਾਤ ਵਿਚ ਪੰਜਾਬ ਮੋਰਚਾ ਐਕਸ਼ਨ ਕਮੇਟੀ ਦਾ ਕੰਮ ਚੰਗੀ ਤਰਾਂ ਪ੍ਰਭਾਵ ਪੂਰਵਕ ਚਲਦਾ ਰਖਣ ਲਈ ਕਮੇਟੀ ਦਾ ਸੰਗਠਨ ਨਵੇਂ ਸਿਰੇ ਤੋਂਭ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਮੋਰਚਾ ਐਕਸ਼ਨ ਕਮੇਟੀ ਇਸ ਕਰਕੇ ਵੀ ਪਰਭਾਵਸ਼ਾਲੀ ਕੰਮ ਨਹੀਂ ਕਰ ਸਕੀ ਕਿ ਬਹੁਤ ਸਾਰੇ ਮੈਂਬਰ ਅਜੇਹੇ ਲਏ ਗਏ ਸਨ ਜਿਨਾਂ ਦੀਆਂ ਸੁਸਾਇਟੀਆਂ ਦੀ ਮੈਂਬਰਸ਼ਿਪ ਸਵਾ ਲੱਖੀ ਹੀ ਹੈ। ਇਸ ਲਈ ਉਨਾਂ ਜ਼ੋਰ ਦਿਤਾ ਕਿ ਪੰਜਾਬ ਮੋਰਚਾ ਐਕਸ਼ਨ ਕਮੇਟੀ ਦਾ ਮੁੜ ਸੰਗਠਨ ਕੀਤਾ ਜਾਵੇ। ਇਸ ਮਤੇ ਤੇ ਸਾਰੇ ਮੈਂਬਰਾਂ ਨੇ ਆਪੋ ਆਪਣੇ ਵਿਚਾਰ ਵਿਸਥਾਰ ਸਹਿਤ ਦਸਦਿਆਂ ਮਤੇ ਦੀ ਤਾਈਦ ਕੀਤੀ ਅਤੇ ਮਤਾ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ। ਪਰਧਾਨ ਜੀ ਨੇ ਇਸ ਨੂੰ ਆਪਣੇ ਵਿਸ਼ੇਸ਼ ਅਧਿਕਾਰਾਂ ਤੇਹਤ ਏਜੰਡੇ ਵਿਚ ਲਿਆ ਕਿ ਅਡੋ ਅਡ ਆਹੁਦਿਆਂ ਲਈ ਨਾਵਾਂ ਦੀ ਮੰਗ ਕੀਤੀ ਅਤੇ ਸਰਬ ਸੰਮਤੀ ਸਹਿਤ ਜੈਕਾਰਿਆਂ ਦੀ ਗੂੰਜ ਵਿਚ ਹੇਠ ਲਿਖੇ ਸਜਣ ਕਮੇਟੀ ਦੇ ਆਹੁਦੇਦਾਰ ਥਾਪੇ ਗਏ :-

| | |
|---|---|
| ਸ: ਮੁਹਿੰਦਰ ਸਿੰਘ ਬਰਾੜ ਐਬਟਸਫੋਰਡ | ਪ੍ਰਧਾਨ |
| ਸ: ਅਜੀਤ ਸਿੰਘ ਬਾਦ ਮੇਰਟ | ਮੀਤ ਪ੍ਰਧਾਨ |
| ਸ: ਗੁਰਦੇਵ ਸਿੰਘ ਬਾਹੀ ਕੈਮਲੂਪਸ | ਮੀਤ ਪ੍ਰਧਾਨ |
| ਸ: ਸੁਬੇਗ ਸਿੰਘ ਬਰਨਬੀ | ਸਕੱਤਰ |
| ਸ: ਜੋਗਿੰਦਰ ਸਿੰਘ ਸੋਹੀ ਡੈਲਟਾ ਸਰੀ | ਰੀਕਾਰਡਿੰਗ ਸਕੱਤਰ |
| ਸ: ਅਜੈਬ ਸਿੰਘ ਡੰਕਨ | ਮੀਤ ਸਕੱਤਰ |
| ਸ: ਰੇਸ਼ਮ ਸਿੰਘ ਸੰਦੜ ਵੈਨਕੂਵਰ | ਵਿੱਤ ਸਕੱਤਰ |
| ਸ: ਬੂਟਾ ਸਿੰਘ ਵਿਕਟੋਰੀਆ | ਮੀਤ ਵਿੱਤ ਸਕੱਤਰ |

ਸਾਰੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜੀ ਇਸ ਕਮੇਟੀ ਦੇ ਜਨਰਲ ਹਾਊਸ ਦੇ ਮੈਂਬਰ ਹੋਣਗੇ। ਕਿਉਂ ਜੋ ਕੰਮ ਦਾ ਕੇਂਦਰ ਵੈਨਕੂਵਰ ਹੀ ਹੈ ਇਸ ਲਈ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਉਪਰੋਕਤ ਆਹੁਦੇਦਾਰਾਂ ਤੋਂ ਇਲਾਵਾ ਗਰੇਟਰ ਵੈਨਕੂਵਰ ਦੇ ਗੁਰਦੁਆਰਾ ਸਾਹਿਬਾਨ ਦੇ ਸਾਰੇ ਪ੍ਰਧਾਨ ਜੀ ਇਸ ਦੀ ਕਾਰਜ ਕਾਰੀ ਕਮੇਟੀ ਦੇ ਮੈਂਬਰ ਵੀ ਹੋਣਗੇ।

ਇਕ ਹੋਰ ਮਤੇ ਰਾਹੀਂ ਇਹ ਮੰਗ ਕੀਤੀ ਗਈ ਕਿ ਕਮੇਟੀ ਦਾ ਦਫਤਰ ਗੁਰਦੁਆਰਾ ਸਰੀ ਵਿਖੇ ਬਣਾਇਆ ਜਾਵੇ ਅਤੇ ਕਮੇਟੀ ਦਾ ਦਫਤਰ ਸਾਰੇ ਜਨਰਲ ਮੈਂਬਰਾਂ ਨੂੰ ਕੀਤੀਆਂ ਕਾਰਵਾਈਆਂ ਦੀ ਰਿਪੋਰਟ ਹਰ 15 ਦਿਨਾਂ ਪਿਛੋਂ ਭੇਜਿਆ ਕਰਨ ਜਿਸ ਵਿਚ ਪੰਜਾਬ ਦੇ ਸਰੇ ਹਾਲਾਤ ਪਤਾ ਲਗਦੇ ਰਹਿਣ।

ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਪ੍ਰਧਾਨ ਸ਼ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ ਭੇਜੀ ਸਕੱਤਰ ਪੰਜਾਬ ਮੋਰਚਾ ਐਕਸ਼ਨ ਕਮੇਟੀ ਕੈਨੇਡਾ ਨਾਮ ਚਿਠੀ ਤੇ ਵਿਚਾਰ ਹੋ ਕੇ ਇਸ ਪਰ ਬੇਲੋੜੀ ਅਤੇ ਅਜਾਈਂ ਚਲ ਰਹੀ ਬਹਿਸ ਨੂੰ ਨਿਰਮੂਲ ਦਸਿਆ ਗਿਆ। ਇਹ ਸਪਸ਼ਟ ਕੀਤਾ ਗਿਆ ਕਿ ਇਹ ਚਿਠੀ ਸੰਤਾਂ ਦੇ ਦਸਖਤਾਂ ਹੇਠ ਠੀਕ ਅਤੇ ਸਹੀ ਹੈ।

ਅਖਰੀਲੇ ਮਤੇ ਰਾਹੀਂ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਮੋਰਚਾ ਡਿਕਟੇਟਰ ਸੰਤ ਹਰਚੰਂ ਸਿੰਘ ਜੀ ਤੇ ਪੂਰਨ ਭਰੋਸਾ ਪ੍ਰਗਟ ਕਰਦਿਆਂ ਵਿਸ਼ਵਾਸ਼ ਦਿਵਾਇਆ ਗਿਆ ਕਿ ਕੈਨੇਡਾ ਦੇ ਸਿੰਘ ਸੰਤ ਜੀ ਦੇ ਹੁਕਮ ਤੇ ਹਰ ਕੁਰਬਾਨੀ ਲਈ ਤਿਆਰ ਹਨ ਅਤੇ ਪੰਜਾਬ ਮੋਰਚੇ ਦੀ ਅਤੇ ਸ਼ਹੀਦਾਂ ਦੇ ਪ੍ਰਵਾਰਾਂ ਲਈ ਤਨ, ਮਨ ਅਤੇ ਧਨ ਨਾਲ ਸੇਵਾ ਕਰਦੇ ਰਹਿਣਗੇ। Duel citizen Ship ਅਤੇ ਬਾਹਰ ਵਸਦਿਆਂ ਲਈ ਸ਼ਰੋਮਣੀ ਅਕਾਲੀ ਦਲ ਵਲੋਂ ਕੀਤੀ ਜਾ ਰਹੀ ਕਾਰਵਾਈ ਲਈ ਸ਼ਰੋਮਣੀ ਅਕਾਲੀ ਦਲ ਦਾ ਧੰਨਵਾਦ ਕੀਤਾ ਗਿਆ ਅਤੇ ਬੇਨਤੀ ਕੀਤੀ ਗਈ ਕਿ ਬਾਹਰ ਵਸਦੇ ਸਿੰਘਾਂ ਦੇ ਹਿੱਤਾਂ ਦੀ ਰਾਖੀ ਸ਼ਰੋਮਣੀ ਅਕਾਲੀ ਦਲ ਨੂੰ ਧਿਆਨ ਦੇਣਾ ਚਾਹੀਦਾ ਹੈ।

ਬਾਹਰੋਂ ਆਏ ਡੈਲੀਗੇਟਾਂ ਅਤੇ ਪਰਧਾਨ ਜੀ ਦੇ ਧੰਨਵਾਦ ਸਹਿਤ ਮੀਟਿੰਗ ਸਮਾਪਤ ਹੋਈ।

ਸੁਬੇਗ ਸਿੰਘ ਸਕੱਤਰ

## ਪੁਲਸ ਤੇ ਦੋਸ਼

ਦੋਰਾਹਾ,—ਸਥਾਨਕ ਗੁਰ-ਦੁਆਰਾ ਸਿੰਘ ਸਭਾ ਦੇ ਦੋ ਅਹੁਦੇ-ਦਾਰਾਂ, ਜਥੇਦਾਰ ਜੀਵਨ ਸਿੰਘ ਤੇ ਸ: ਰਜਿੰਦਰ ਸਿੰਘ ਖਾਲਸਾ ਐਮ. ਸੀ ਨੇ ਇਕ ਬਿਆਨ ਵਿਚ ਸਥਾਨਕ ਪੁਲੀਸ ਤੇ ਦੋਸ਼ ਲਗਾਇਆ ਹੈ ਕਿ ਕੁਝ ਅਕਾਲੀ ਵਰਕਰਾਂ ਨੂੰ ਗਰਿਫ-ਤਾਰ ਕਰਨ ਦੇ ਬਹਾਨੇ ਪੁਲੀਸ ਗੁਰਦਵਾਰੇ ਅੰਦਰ ਦਾਖਲ ਹੋਈ.


VIDEO SALE

SANDHU VIDEO SHOP

VIDEO SALE

ARE YOU STILL RENTING MOVIES?.
BUY YOUR OWN!!! & SAVE MONEY!



ਵਧੀਆਂ ਕੁਆਲਿਟੀ ਦੀਆਂ ਰੀਕਾਰਡ ਕੀਤੀਆਂ ਮੂਵੀਆਂ
ਖਰੀਦੋ ! ਹਿੰਦੀ, ਪੰਜਾਬੀ, ਗੁਜਰਾਤੀ VHS ONLY $9.95
ਨਵੀਂਆਂ ਤੇ ਪੁਰਾਣੀਆਂ ਤੁਹਾਡੀ ਪਸੰਦ ਦੀਆਂ ਮੂਵੀਆਂ
BETA ONLY $13.95



RENT : From Mon.-Wed. Per Day 75¢
RENT : Thurs.-Sun. Per Day 99¢

TRADE ANY MOVIE TAPE $1.99 each

RELEASED OR RELEASING : LOVERS, PAINTER BABU, DAKU JWALA'S SINGH BHARJAIE (punjabi) SOUTEN, CHOR—POLICE, SURENDER, SHINDA'S ALIVE SHOW, RACHNA, YADOON KI ZANJEER, JAANWAR, MAZBOOT, STREET SINGER, GIRL FROM INDIA, LOCKET AND MANY MANY MORE .....

Buy Hindi, Punjabi Gujrati Video original for only $19.95

MAIL ORDERS ACCEPTED!

324-7727

SANDHU VIDEO SHOP
5090 VICTORIA DR.,
(35TH. & VICTORIA) VANCOUVER, B.C.

VIDEO SALE

## ਰਾਗੀ ਜਥਾ ਭਾਈ ਦਇਆ ਸਿੰਘ ਜਲੰਧਰ ਵਾਲੇ ਵੈਨਕੂਵਰ ਵਿਚ



ਕੈਨੇਡਾ ਨਿਵਾਸੀ ਸੰਮੂਹ ਸਾਧ ਸੰਗਤ ਜੀ ਆਪ ਜੀ ਨੂੰ ਇਹ ਸੁਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਹਿੰਦੋਸਤਾਨ ਦਾ ਮਸ਼ਹੂਰ ਰਾਗੀ ਜਥਾ ਭਾਈ ਦਇਆ ਸਿੰਘ ਜਲੰਧਰ ਵਾਲੇ (ਸਾਬਕਾ ਹਜ਼ੂਰੀ ਰਾਗੀ ਜਥਾ ਤਖਤ ਸ੍ਰੀ ਪਟਨਾ ਸਾਹਿਬ) ਅਕਾਲੀ ਸਿੰਘ ਸਿਖ ਸੁਸਾਇਟੀ ਵੈਨਕੂਵਰ ਦੇ ਸੱਦੇ ਪੱਤਰ ਤੇ ਕੈਨੇਡਾ ਪੁਜ ਚੁਕਾ ਹੈ। ਇਹ ਜਥਾ ਭਾਈ ਸਾਹਿਬ ਧਰਮ ਸਿੰਘ ਜੀ ਜਖਮੀ ਜੀ ਦੇ ਪਰਵਾਰ ਨਾਲ ਸਬੰਧਤ ਹੈ। ਕੇ ਕਾਫੀ ਸਮਾਂ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਕੀਰਤਨ ਸੇਵਾ ਕਰਦੇ ਰਹੇ ਹਨ। ਸ੍ਰੀ ਗੁਰੂ ਕਲਗੀਧਰ ਸਿੰਘ ਸਭਾ ਲੁਧਿਆਣੇ ਵੀ ਕਾਫੀ ਸਮਾਂ ਕੀਰਤਨ ਸੇਵਾ ਕਰਦੇ ਰਹੇ ਹਨ। ਪੰਜਾਬ ਵਿਚ ਹਰ ਕੀਰਤਨ ਦਰਬਾਰ ਵਿਚ ਇਹਨਾਂ ਨੂੰ ਉਚੇਚੇ ਤੌਰ ਤੇ ਸੱਦੇ ਪੱਤਰ ਆਉਂਦੇ ਰਹਿੰਦੇ ਹਨ।

ਭਾਈ ਸਾਹਿਬ ਜੀ ਦੇ ਜਥੇ ਨੇ 13 ਜੂਨ 1983 ਤੋਂ 26 ਜੂਨ 1983 ਤੱਕ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਡੈਲਟਾ ਸਰੀ ਵਿਖੇ ਸ਼ਾਮ ਨੂੰ 7 ਤੋਂ 8 ਵਜੇ ਤੱਕ ਕੀਰਤਨ ਦੀ ਸੇਵਾ ਕੀਤੀ ਹੈ।

27 ਜੂਨ 1983 ਤੋਂ 11 ਜੁਲਾਈ 1983 ਤੱਕ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵਿਖੇ ਕੀਰਤਨ ਸੇਵਾ ਕਰਨ ਉਪਰੰਤ ਅਕਾਲੀ ਸਿੰਘ ਸੁਸਾਇਟੀ ਵੈਨਕੂਵਰ ਵਿਖੇ ਕੀਰਤਨ ਸੇਵਾ ਕਰੇਗਾ।

ਇਸ ਜਥੇ ਤੋਂ ਕੀਰਤਨ ਸੇਵਾ ਲੈਣ ਲਈ ਸੰਗਤਾਂ ਭਾਈ ਪਿਆਰਾ ਸਿੰਘ ਜੀ ਸਕੱਤਰ ਗੁਰਦੁਆਰਾ ਅਕਾਲੀ ਸਿੰਘ ਸਿਖ ਸੁਸਾਇਟੀ ਵੈਨਕੂਵਰ ਨਾਲ ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨ ਜੀ :

ਫੋਨ :— ਗੁਰਦੁਆਰਾ ਸਾਹਿਬ — 876-7730<br>
ਦਫਤਰ — 876-2870<br>
ਘਰ — 325-0891

## ਕੁੜੀਆਂ ਉਧਾਲਣ ਦੇ ਚੱਕਰ ਵਿਚ ਫਸ ਗਏ

ਬੰਗਾ, 19 ਜੂਨ (ਪੱਤਰਪ੍ਰੇਰਕ) ਇਥੇ ਸਥਾਨਕ ਪੁਲਿਸ ਨੇ ਦੋ ਨਾਬਾਲਗ ਲੜਕੀਆਂ ਨੂੰ ਅਗਵਾ ਕਰਨ ਦੇ ਦੋਸ਼ ਵਿਚ ਮੁਹਲਾ ਸਾਗਰ ਗੇਟ ਦੇ ਇਕ ਨੌਜਵਾਨ ਜੋੜੇ ਪਤੀ ਪਤਨੀ ਨੂੰ ਹਿਰਾਸਤ ਵਿਚ ਲੈ ਲਿਆ. ਦਸਿਆ ਜਾਂਦਾ ਹੈ ਕਿ ਉਕਤ ਜੋੜੇ ਨੇ ਆਪਣੇ ਹੀ ਗੁਆਂਢੀ ਦੀਆਂ ਦੋ ਲੜਕੀਆਂ ਨੂੰ ਸਿਨੇਮਾ ਦਿਖਾਉਣ ਦਾ ਝਾਂਸਾ ਦੇ ਕੇ ਜਲੰਧਰ ਲੈ ਗਏ. ਬਾਦ ਵਿਚ ਜਦੋਂ ਦੋ ਤਿੰਨ ਦਿਨ ਲੜਕੀਆਂ ਵਾਪਸ ਨਹੀਂ ਆਈਆਂ. ਪੁਲਸ ਪਾਸ ਸ਼ਿਕਾਇਤ ਕੀਤੀ ਗਈ, ਪੁਲਿਸ ਨੇ ਉਹਨਾਂ ਲੜਕੀਆਂ ਨੂੰ ਜਲੰਧਰ ਤੋਂ ਬਰਾਮਦ ਕਰ ਲਿਆ. ਦਸਿਆ ਜਾਂਦਾ ਹੈ ਕਿ ਦੋਸ਼ੀ ਉਹਨਾਂ ਨੂੰ ਕਿਸੇ ਥਾਂ ਲਿਜਾ ਕੇ ਵੇਚਣਾ ਚਾਹੁੰਦੇ ਸਨ.

## ਸਟੇਟ ਬੈਂਕ ਔਫ ਇੰਡੀਆ — ਵੈਨਕੂਵਰ ਦੇ ਉਦਘਾਟਨ ਸਮੇਂ ਸ੍ਰੀਮਤੀ ਗਰੇਸ ਮਕਾਰਥੀ ਤੇ ਪ੍ਰਸਿਧ ਅਭਿਨੇਤਾ ਦਲੀਪ ਕੁਮਾਰ ਨਾਲ ਸ੍ਰੀ ਰੁਕਨਦੀਨ ਤੇ ਸ੍ਰੀ ਸਪਰੂ





'ਕੈਨੇਡਾ ਦਰਪਣ' ਦੇ ਮੁਖ ਸੰਪਾਦਕ ਸ੍ਰੀਮਤੀ ਮੈਕਾਰਥੀ ਨਾਲ

ਵੈਨਕੂਵਰ—14 ਜੂਨ 1983 ਨੂੰ ਵੈਨਕੂਵਰ ਵਿਚ ਸਟੇਟ ਬੈਂਕ ਔਫ ਇੰਡੀਆ ਦੀ ਪਹਿਲੀ ਸ਼ਾਖਾ ਦਾ ਉਦਘਾਟਨ ਬੀ. ਸੀ. ਦੇ Human Resources ਦੇ ਮੰਤਰੀ ਸ੍ਰੀਮਤੀ ਗਰੇਸ ਮਕਾਰਥੀ ਨੇ ਆਪਣੇ ਕਰ ਕੰਵਲਾਂ ਨਾਲ ਕੀਤਾ। ਬਰਾਂਚ ਮੈਨੇਜਰ ਸ੍ਰੀ ਸਪਰੂ ਨੇ ਮੰਤਰੀ ਦਾ ਸੁਆਗਤ ਕਰਦਿਆਂ ਉਨ੍ਹਾਂ ਦਾ ਅਤੇ ਬੀ. ਸੀ. ਸਰਕਾਰ ਅਤੇ ਫੈਡਰਲ ਸਰਕਾਰ ਦਾ ਇਸ ਸਹਿਯੋਗ ਲਈ ਧੰਨਵਾਦ ਕੀਤਾ।

ਸ੍ਰੀ ਦਲੀਪ ਕੁਮਾਰ ਪ੍ਰਸਿੱਧ ਭਾਰਤੀ ਫਿਲਮ ਅਭਿਨੇਤਾ ਦੀ ਇਸ ਅਵਸਰ ਤੇ ਮੌਜੂਦਗੀ ਨੇ ਉਦਘਾਟਨ ਸਮਾਰੋਹ ਨੂੰ ਹੋਰ ਵੀ ਸ਼ਸ਼ੋਭਤ ਕੀਤਾ।

ਸਟੇਟ ਬੈਂਕ ਔਫ ਇੰਡੀਆ ਦੀ ਵੈਨਕੂਵਰ ਬਰਾਂਚ ਵਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਵੇਰਵਾ ਇਸ ਪ੍ਰਕਾਰ ਹੈ।

1. ਰੋਜ਼ਾਨਾ ਇਨਟਰੈਸਟ ਅਕਾਊਂਟ
2. ਮਾਹਵਾਰੀ ਇਨਟ੍ਰੈਸਟ ਅਕਾਊਂਟ
3. ਫਿਕਸਡ ਅਕਾਊਂਟ(Fixed Account)
4. ਕਰੰਟ ਅਕਾਊਂਟ(Current Account)
5. ਬਿਜਨਸ ਲੋਨ
6. ਟਰੈਵਲਜ਼ ਚੈਕ ਰੁਪਿਆਂ ਵਿਚ
7. ਭਾਰਤ ਵਿਚ ਹਰ ਥਾਂ ਪੈਸੇ ਭੇਜਣ ਦੀ ਟੈਲੀਗਰਾਫਿਕ ਸਹੂਲਤ

ਬਰਾਂਚ ਦਾ ਪਤਾ ਇਹ ਨੂੰ :—<br>
540 BURRAD St. VANGOUVER, B.C.<br>
Phone (604)681-3428

ਮੈਂ ਭੀ ਇਜ਼ਹਾਰ–ਏ–ਤਮੰਨਾ ਪੇ ਹੂਆ ਥਾ ਨਾਦਿਮ,<br>
ਸਰ ਝੁਕਾਏ ਹੂਏ ਕੁਛ ਸੋਚ ਰਹਾ ਥਾ ਵੋਹ ਭੀ।

ਗੋਦ ਵਿਚ ਰੋਟੀ ਦੀ ਥਾਲੀ<br>
ਸਿਰ ਉਤੇ ਤਾਰਿਆਂ ਦਾ ਮੇਲਾ।<br>
ਤਾਰਿਆਂ ਨੂੰ ਵੇਖਦਾ ਹੋਇਆ ਮੈਂ<br>
ਖਾ ਰਿਹਾ ਹਾਂ ਰੋਟੀ।

## ਵਾਹ ਓਏ ਮੇਰੇ ਸਰਵਣ ਪੁੱਤਰਾ

ਜਗਰਾਓਂ— ਲੁਧਿਆਣਾ ਦੀ ਜ਼ਿਲਾ ਪੁਲਸ ਵਲੋਂ ਥਾਣਾ ਸੁਧਾਰ ਦੇ ਪਿੰਡ ਜਸੋਵਾਲ ਵਿਖੇ, ਜ਼ੋਰਾ ਸਿੰਘ ਨਾਮੀ ਇਕ 60 ਸਾਲਾ ਬਜ਼ੁਰਗ ਦੇ ਹੋਏ ਦਰਦਨਾਕ ਕਤਲ ਸਬੰਧੀ, ਕੀਤੀ ਜਾ ਰਹੀ ਤਫਤੀਸ਼ ਉਸ ਸਮੇਂ ਅਨੋਖਾ ਮੋੜ ਕੱਟ ਗਈ, ਜਦ ਮੌਕੇ ਤੇ ਮੰਗਵਾਏ ਗਏ ਜਾਸੂਸੀ ਕੁਤਿਆਂ ਵਲੋਂ ਮਕਤੂਲ ਦੇ ਹੀ ਵੱਡੇ ਲੜਕੇ, ਬਲਬੀਰ ਸਿੰਘ ਦੇ ਤਿੰਨ ਵਾਰ ਪੈਰ ਛੋਹੇ ਉਸ ਦੇ ਕਪੜਿਆਂ ਵਿਚੋਂ ਕਪੜੇ ਵੀ ਪਹਿਚਾਣੇ ਗਏ।

ਕਿਹਾ ਜਾਂਦਾ ਹੈ ਕਿ ਬਲਬੀਰ ਸਿੰਘ ਨੇ, ਆਪਣਾ ਪਿਤਾ ਜ਼ੋਰਾ ਸਿੰਘ ਨੂੰ ਘਰ ਵਿਚ ਗਲ ਘੁੱਟ ਕੇ ਮਾਰ ਕੇ ਆਪਣੇ ਦੋਸਤ ਹਰੀਜਨ ਚਮਕੌਰ ਸਿੰਘ ਉਰਫ ਕੌਰਾ, ਵਾਸੀ ਸ਼ੇਖੂਪੁਰਾ ਦੀ ਮਦਦ ਨਾਲ ਬਾਹਰ ਪਿੰਡ ਕਲਾਰਾਂ ਦੇ ਰਾਹ ਵਿਚ ਸੁੱਟ ਆਏ ਤੇ ਜਾਂਦੇ ਹੋਏ, ਲਾਸ਼ ਕੋਲ, ਉਸ ਦਾ ਸਾਈਕਲ, ਖਾਲੀ ਬੋਤਲ ਤੇ ਕੱਚ ਦਾ ਗਲਾਸ ਵੀ ਰਖ ਆਏ ਆਪਣੇ ਜੁਰਮ ਦਾ ਇਕਬਾਲ ਕਰਨ ਤੇ ਦੋਨਾਂ ਨੂੰ ਬਾਕਾਇਦਾ ਗ੍ਰਿਫਤਾਰ ਕਰ ਲਿਆ ਹੈ, ਜਦੋਂ ਕਿ ਇਸ ਤੋਂ ਪਹਿਲਾਂ, ਬਲਬੀਰ ਸਿੰਘ ਉਕਤ ਨੇ ਖੁਦ ਮੁਦੱਈ ਦੇ ਰੂਪ ਵਿਚ ਦਰਜ ਕਰਾਈ ਰਪਟ ਵਿਚ ਇਹ ਕਤਲ ਆਪਣੇ ਵਿਰੋਧੀ ਸਰਪੰਚ ਨਿਰਮਲ ਸਿੰਘ ਦੇ ਸਿਰ ਮੜ੍ਹਨ ਦੀ ਕੋਸ਼ਿਸ਼ ਕੀਤੀ ਸੀ।

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan<br>
P.O.Box. 67344,STN.'O'<br>
VANCOUVER,B.C.<br>
CANADA V5W 3T1

Phone.(604) 324-6111

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress:

Name.......................................................<br>
Address....................................................<br>
City...........................................................<br>
Province....................................................<br>
Postal code...............................................<br>
PHONE.

One Year..........................15 dollars<br>
Two Year..........................25 dollars<br>
Three year........................35 dollars<br>
Life membership..............200 dollars<br>
ASIA..............................40 dollars(a year)<br>
U.S.A.............................20 dollars(a year)<br>
Europe............................35 dollars(a year)<br>
Africa.............................35 dollars(a year)


JIM PATTISON

Pontiac Buick GMC TRUCKS



JIM PATTISON ON MAIN

SERVICE AFTER SALE

GM

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4×4 ਜੀਪਾਂ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੂਨ ਕਰੋ

PARLAD GILL



BUS. 879-4233 3434 MAIN ST. VANCOUVER, B.C. RES. 435-1834

# ਪੰਜਾਬ ਦਰਪਣ

## ਮਲੇਰ ਕੋਟਲੇ ਵਿਚ ਕਰਫਿਊ

ਮਲੇਰ ਕੋਟਲੇ ਵਿਚ 17 ਜੂਨ ਨੂੰ ਵਾਪਰੀਆਂ ਕੁਝ ਕੌਮੀ ਫਸਾਦਾਂ ਦੀ ਘਟਨਾਵਾਂ ਤੋਂ ਉਪਰੰਤ ਹੁਣ ਸ਼ਾਂਤੀ ਹੈ ਪਰ ਸਥਿਤੀ ਨੂੰ ਸੁਰਖਸ਼ਤ ਰੱਖਣ ਲਈ ਸ਼ਹਿਰ ਵਿਚ ਹਾਲੇ ਕਰਫਿਊ ਜਾਰੀ ਹੈ

## ਪੰਜਾਬ ਦਾ ਨਵਾਂ ਇਨਸਪੈਕਟਰ ਜਨਰਲ

ਪੰਜਾਬ ਸਰਕਾਰ ਨੇ ਪੰਜਾਬ ਦੀ ਸਥਿਤੀ ਤੇ ਪੂਰੀ ਤਰਾਂ ਕਾਬੂ ਪਾਉਣ ਲਈ ਇਕ ਨਵੀਂ ਆਸਾਮੀ "ਇਨਸਪੈਕਟਰ ਜਨਰਲ" (ਸਪੈਸ਼ਲ ਡਿਊਟੀ) ਦੀ ਪ੍ਰਵਾਨਗੀ ਦਿਤੀ ਹੈ ਅਤੇ ਦਿੱਲੀ ਦੇ ਸਾਬਕਾ ਪੁਲੀਸ ਕਮਿਸ਼ਨਰ ਸ੍ਰੀ ਪੀ. ਐਸ ਭਿੰਡਰ ਨੂੰ ਕੇਂਦਰ ਨੇ ਇਸ ਪੋਸਟ ਲਈ ਦੇ ਦਿਤਾ ਹੈ। ਤਿੰਨ ਹੋਰ ਡੀ. ਆਈ. ਜੀ. ਨੂੰ ਤਰੱਕੀ ਦੇਕੇ ਆਈ. ਜੀ. ਬਣਾ ਦਿਤਾ ਗਿਆ ਹੈ।

## ਅਤਿਵਾਦੀਆਂ ਦਾ ਇਕ ਹੋਰ ਸ਼ਿਕਾਰ

ਫਗਵਾੜਾ—ਪੰਜਾਬ ਪੁਲੀਸ ਦੇ ਸੀ. ਆਈ. ਏ. ਸਟਾਫ ਦੇ ਦਫਤਰ ਦੇ ਇਨਚਾਰਜ ਇਨਸਪੈਕਟਰ ਰਤਨ ਚੰਦ ਸ਼ਾਰਦਾ ਨੂੰ ਦੋ ਅਤਿਵਾਦੀਆਂ ਨੇ ਗੋਲੀ ਮਾਰ ਕੇ ਕਤਲ ਕਰ ਦਿਤਾ। ਦੋਵੇਂ ਵਿਅਕਤੀ 20-25 ਸਾਲ ਦੇ ਸਿਖ ਨੌਜਵਾਨ ਦੱਸੇ ਜਾਂਦੇ ਹਨ।

## ਪੁਲਸ ਅਫਸਰ 'ਤੇ ਗੋਲੀ

### ਹਮਲਾਵਰ ਹਰ ਵਾਰ ਵਾਂਗ ਦੌੜਨ 'ਚ ਸਫਲ

ਜਲੰਧਰ— ਪਿੰਡ ਮਾਹਲ ਗਹਿਲਾਂ ਥਾਣਾ ਬੰਗਾ ਜ਼ਿਲਾ ਜਲੰਧਰ ਵਿਚ ਦੋ ਅਣਪਛਾਤੇ ਵਿਅਕਤੀਆਂ ਨੇ ਪਸਤੌਲ ਨਾਲ ਗੁਰਦੀਪ ਸਿੰਘ ਏ. ਐਸ. ਆਈ ਪੁਲਸ ਉਤੇ ਫਾਇਰਿੰਗ ਕਰਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿਤਾ। ਗੁਰਦੀਪ ਸਿੰਘ ਹੁਸ਼ਿਆਰਪੁਰ ਕੋਤਵਾਲੀ ਵਿਚ ਨਿਯੁਕਤ ਹੈ ਤੇ ਅੱਜ ਕੱਲ੍ਹ ਛੁੱਟੀ ਉਤੇ ਸੀ ਅਤੇ ਘਰ ਸੌਦਾ ਖਰੀਦ ਕੇ ਆਪਣੇ ਪਿਤਾ ਨਾਲ ਸਾਈਕਲ ਉਤੇ ਆਪਣੇ ਪਿੰਡ ਸੂਰਾਪੁਰ ਪਰਤ ਰਿਹਾ ਸੀ ਕਿ ਰਸਤੇ ਵਿਚ ਉਕਤ ਅਣਪਛਾਤੇ ਵਿਅਕਤੀਆਂ ਨੇ ਉਸ ਉਤੇ ਹਮਲਾ ਕਰਕੇ ਜ਼ਖਮੀ ਕਰ ਦਿਤਾ ਹਮਲਾਵਰ ਭਜਣ ਵਿਚ ਸਫਲ ਹੋ ਗਏ। ਗੁਰਦੀਪ ਸਿੰਘ ਨੂੰ ਬਾਅਦ ਸੀ. ਐਮ. ਸੀ. ਲੁਧਿਆਣਾ ਵਿਚ ਦਾਖਲ ਕਰਾਇਆ ਗਿਆ ਜਿਥੇ ਉਸਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਪਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ।

---

ਇਸਲਾਮਾਬਾਦ — ਪਿਛਲੇ ਦਿਨੀਂ ਇਕ ਪਾਕਿਸਤਾਨੀ ਰਫਿਊਜੀ ਕੈਂਪ ਵਿਚ ਸੈਕਸ ਸਬੰਧੀ ਇਸਲਾਮੀ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਹਜ਼ਾਰਾਂ ਅਫਗਾਨਾਂ ਨੇ ਇਕ ਔਰਤ, ਉਸ ਦੇ ਪਤੀ ਅਤੇ ਔਰਤ ਦੇ ਆਸ਼ਕ ਨੂੰ ਪੱਥਰ ਮਾਰ ਮਾਰ ਕੇ ਮਾਰ ਦਿੱਤਾ।

ਇਸ ਰਫਿਊਜੀ ਕੈਂਪ ਵਿਚ ਲੱਗਪਗ 20 ਹਜ਼ਾਰ ਔਰਤਾਂ, ਮਰਦ ਅਤੇ ਬੱਚੇ ਰਹਿੰਦੇ ਸਨ, ਅਤੇ ਲੱਗਪਗ ਉਹਨਾਂ ਸਾਰਿਆਂ ਨੇ ਹੀ ਅੱਧਾ ਘੰਟਾ ਇਹਨਾਂ ਤਿੰਨਾਂ ਨੇ ਅੱਧਾ ਘੰਟਾ ਪੱਥਰ ਮਾਰੇ।

## ਸਿੱਖ ਫੌਜੀਆਂ ਨੂੰ ਕਿਰਪਾਨ ਪਹਿਨਣ 'ਤੇ ਰੋਕ ਵਿਰੁਧ ਟੌਹੜਾ ਵਲੋਂ ਰੋਸ

ਅੰਮ੍ਰਿਤਸਰ—ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਸ੍ਰ: ਗੁਰਚਰਨ ਸਿੰਘ ਟੌਹੜਾ ਨੇ ਰੱਖਿਆ ਮੰਤਰਾਲੇ ਵਲੋਂ ਫੌਜਾਂ ਵਿਚ ਭਰਤੀ ਸਿੱਖਾਂ ਨੂੰ ਕਿਰਪਾਨ ਪਾਉਣ ਦੇ ਮੁਢਲੇ ਅਧਿਕਾਰ ਵਾਪਸ ਲੈਣ ਦਾ ਸਖਤ ਨੋਟਿਸ ਲਿਆ ਹੈ ਅਤੇ ਜ਼ੋਰਦਾਰ ਰੋਸ ਪਰਗਟ ਕੀਤਾ ਹੈ।

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਪਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਰਖਿਆ ਮੰਤਰੀ ਸ੍ਰੀ ਆਰ. ਵੈਂਕਟਰਮਨ ਦੇ ਨਾਂ ਇਕ ਪੱਤਰ ਵਿਚ ਜੋ ਇਥੇ ਰੀਲੀਜ਼ ਕੀਤਾ ਗਿਆ ਉਹਨਾਂ ਨੇ ਕਿਹਾ ਹੈ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਸਾਰੇ ਸਿੰਘਾਂ ਨੂੰ ਕਿਰਪਾਨ ਪਹਿਨਣ ਅਤੇ ਲੈ ਜਾਣ ਦਾ ਅਧਿਕਾਰ ਹੈ ਜੋ ਫੌਜ ਵਿਚ ਸੇਵਾ ਕਰਦੇ ਸਿੱਖਾਂ ਨੂੰ ਅਧਿਕਾਰ ਨੂੰ। ਉਹਨਾਂ ਦੁਖ ਪਰਗਟ ਕੀਤਾ ਕਿ 1947 ਤੋਂ ਪਿਛੋਂ ਸਿੰਘਾਂ, ਖਾਸ ਕਰ ਅੰਮ੍ਰਿਤਧਾਰੀ ਸਿੰਘਾਂ ਨੇ ਆਪਣੇ ਧਰਮ ਦੀ ਰਹਿਤ ਮਰਯਾਦਾ ਦੀ ਪਾਲਣਾ ਕਰਨ ਵਿਚ ਬਹੁਤ ਔਕੜਾਂ ਆ ਰਹੀਆਂ ਹਨ। ਉਹਨਾਂ ਦੱਸਿਆ ਕਿ ਆਰਮੀ ਐਕਟ 1959 ਅਨੁਸਾਰ ਕਿਹਾ ਗਿਆ ਸੀ ਕਿ ਫੌਜ ਵਿਚ ਸੇਵਾ ਕਰਦੇ ਸਿਖ 22-86 ਸੈ: ਮੀ: ਲੰਬੇ ਤੇ 5-08 ਸੈ: ਮੀ: ਬਲੈਡ ਵਾਲੀ ਕਿਰਪਾਨ ਪਹਿਨ ਸਕਦੇ ਹਨ। 1962 ਵਿਚ ਓ. ਸੀ. ਐਸ. ਨੂੰ ਰੱਖਿਆ ਮੰਤਰਾਲੇ ਨੇ ਕਿਸੇ ਸਿੰਘਾਂ ਨੂੰ ਕਿਰਪਾਨ ਪਹਿਨਣ ਦੀ ਆਗਿਆ ਜਾਂ ਨਾ ਦੇਣ ਦੇ ਅਧਿਕਾਰ ਦੇ ਦਿਤੇ। ਜਿਹਨਾਂ ਅਧਿਕਾਰਾਂ ਦੀ ਉਹ ਦੁਰਵਰਤੋਂ ਕਰਨਗੇ। ਸ: ਟੌਹੜਾ ਨੇ ਦਸਿਆ ਕਿ ਜਦੋਂ ਇਹਨਾ ਲਗਾਤਾਰ ਦੁਰਵਰਤੋਂ ਦੀਆਂ ਸ਼ਿਕਾਇਤਾਂ ਆਰਮੀ ਹੈਡ ਕੁਆਰਟਰਜ਼ ਪਹੁੰਚੀਆਂ ਤਾਂ 7 ਫਰਵਰੀ 1983 ਨੂੰ ਇਕ ਸਰਕੂਲਰ ਰਾਹੀਂ ਸ਼ਿਕਾਇਤਾਂ ਦੂਰ ਕਰਨ ਦੀ ਥਾਂ ਸਿੱਖਾਂ ਨੂੰ ਕਿਰਪਾਨ ਪਹਿਨਣ ਦੇ ਅਧਿਕਾਰ ਵਾਪਸ ਲੈ ਲਏ ਗਏ।

ਸ: ਟੌਹੜਾ ਨੇ ਰਾਸ਼ਟਰਪਤੀ ਪ੍ਰਧਾਨ ਮੰਤਰੀ ਤੇ ਰਖਿਆ ਮੰਤਰੀ ਨੂੰ ਕਿਹਾ ਹੈ ਕਿ ਉਹ ਨਿਜੀ ਦਖਲ ਦੇ ਕੇ ਦੇਸ਼ ਅਤੇ ਦੇਸ਼ ਦੀ ਫੌਜ ਦੇ ਹਿਤਾਂ ਨੂੰ ਮੁਖ ਰਖਦੇ ਹੋਏ ਧਕਾ ਦੂਰ ਕਰਵਾਉਣ ਨਹੀਂ ਤਾਂ ਫੌਜੀ ਸਿੰਘਾਂ ਵਿਚ ਸੁਲਘ ਰਹੀ ਨਾਰਾਜ਼ਗੀ ਫੌਜ ਲਈ ਨੁਕਸਾਨਦੇਹ ਹੋ ਸਕਦੀ ਹੈ।

## ਅਨੰਦਪੁਰ ਸਾਹਿਬ ਨੂੰ ਰਾਜਧਾਨੀ ਬਣਾਉਣ ਦਾ ਸੁਝਾ

ਚੰਡੀਗੜ੍ਹ— ਪੰਜਾਬ ਰਾਜ ਬਿਜਲੀ ਬੋਰਡ ਦੇ ਸਾਬਕ ਚੇਅਰਮੈਨ ਜੋਰਾ ਸਿੰਘ ਬਰਾੜ ਨੇ ਪੰਜਾਬ ਮਸਲੇ ਦੇ ਹਲ ਲਈ ਇਕ ਨਵਾਂ ਫਾਰਮੂਲਾ ਪੇਸ਼ ਕੀਤਾ ਹੈ ਜਿਸ ਅਨੁਸਾਰ ਅਨੰਦਪੁਰ ਸਾਹਿਬ ਨੂੰ ਪੰਜਾਬ ਦੀ ਰਾਜਧਾਨੀ ਬਣਾ ਦਿਤਾ ਜਾਵੇ ਅਤੇ ਚੰਡੀਗੜ੍ਹ ਨੂੰ ਕੇਂਦਰੀ ਪ੍ਰਸ਼ਾਸਤ ਪ੍ਰਦੇਸ਼ ਹੀ ਰਹਿਣ ਦਿਤਾ ਜਾਵੇ।

ਅਜ ਇਥੇ ਇਕ ਪਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹੋਇਆ ਸ੍ਰੀ ਬਰਾੜ ਨੇ ਕਿਹਾ ਕਿ ਚੰਡੀਗੜ੍ਹ ਹੀ ਇਕੋ ਇਕ ਮਸਲਾ ਹੈ ਕਿ ਜਿਸ ਕਰਕੇ ਪੰਜਾਬ ਮਸਲੇ ਦੇ ਹਲ ਵਿਚ ਦੇਰੀ ਹੋ ਗਈ ਹੈ। ਉਹਨਾਂ ਕਿਹਾ ਉਹ ਸਮਝਦੇ ਹਨ ਅਨੰਦਪੁਰ ਸਾਹਿਬ ਦੇ ਇਤਿਹਾਸਕ ਸਥਾਨ ਨੂੰ ਰਾਜਧਾਨੀ ਬਣਾਏ ਜਾਣ ਉਤੇ ਕਿਸੇ ਨੂੰ ਇਤਰਾਜ਼ ਨਹੀਂ ਹੋਵੇਗਾ। ਉਹਨਾਂ ਕਿਹਾ ਪੰਜਾਬ ਅਤੇ ਹਰਿਆਣੇ ਨੂੰ ਨਵੀਆਂ ਰਾਜਧਾਨੀਆਂ ਬਣਾਉਣ ਲਈ ਸਾਰਾ ਖਰਚਾ ਕੇਂਦਰ ਨੂੰ ਦੇਣਾ ਚਾਹੀਦਾ ਹੈ।

## ਕੀ ਲੋੜ ਹੈ ਪਤਨੀ ਦੀ ? ਜੇ ਮੋਟਰ ਸਾਈਕਲ ਨਾ ਮਿਲੇ

ਸਮਾਨਾ—ਇਥੋਂ ਦੋ ਕਿਲੋਮੀਟਰ ਦੂਰ ਪਿੰਡ ਭੇਡਪੁਰੀ ਦੇ ਇਕ ਵਿਅਕਤੀ ਰਣਜੀਤ ਸਿੰਘ ਵਲੋਂ ਆਪਣੀ ਪਤਨੀ ਨੂੰ ਕਥਿਤ ਤੌਰ ਤੇ ਬੇਰਹਿਮੀ ਨਾਲ ਕਤਲ ਕੀਤੇ ਜਾਣ ਦੀ ਘਟਨਾ ਦਾ ਪਤਾ ਲੱਗਾ ਹੈ।

ਦਸਿਆ ਜਾਂਦਾ ਹੈ ਕਿ ਰਣਜੀਤ ਸਿੰਘ ਦਾ ਵਿਆਹ 10 ਮਹੀਨੇ ਪਹਿਲਾਂ ਗਿੰਦਰ ਕੌਰ ਨਾਲ ਹੋਇਆ ਸੀ ਅਤੇ ਆਪਣੀ ਪਤਨੀ ਨੂੰ ਉਸ ਦਿਨ ਤੋਂ ਮੋਟਰ ਸਾਈਕਲ ਲੈ ਆਉਣ ਲਈ ਤੰਗ ਕਰ ਰਿਹਾ ਸੀ। ਪਰ ਲੜਕੀ ਦੇ ਮਾਂ ਪਿਓ ਗਰੀਬ ਹੋਣ ਕਰਕੇ ਆਪਣੇ ਜਵਾਈ ਦੀ ਇਸ ਮੰਗ ਨੂੰ ਪੂਰਾ ਕਰਨ ਵਿਚ ਬੇਬਸ ਸਨ। ਕਿਹਾ ਜਾਂਦਾ ਹੈ ਕਿ ਰਣਜੀਤ ਸਿੰਘ ਨੇ ਬੀਤੇ ਦਿਨੀਂ ਤੜਕੇ 5 ਵਜੇ ਗਿੰਦਰ ਕੌਰ ਨੂੰ ਗੰਡਾਸੇ ਨਾਲ ਉਸ ਸਮੇਂ ਕਤਲ ਕਰ ਦਿਤਾ ਜਦ ਕਿ ਉਹ ਸੁਤੀ ਪਈ ਸੀ। ਪੁਲੀਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।

---

ਇਨਕਲਾਬ
ਨ੍ਹਾਰਾ ਬਣ ਕੇ ਗੂੰਜਦਾ ਰਿਹਾ

## ਪੰਜਾਬ ਦੀਆਂ ਮੰਗਾਂ ਇਕੱਲੇ ਦਲ ਦੀਆਂ ਮੰਗਾਂ ਨਹੀਂ

### ਮਕਵਾਨਾ, ਦਰਬਾਰਾ ਤੇ ਬੀਰਪਾਲ ਨੇ ਕਿਹਾ

ਲੁਧਿਆਣਾ—ਇਥੋਂ 15 ਕਿਲੋਮੀਟਰ ਦੂਰ ਸਾਹਨੇਵਾਲ ਵਿਚ ਇਕ ਪਬਲਿਕ ਜਲਸੇ ਨੂੰ ਸੰਬੋਧਨ ਕਰਦਿਆਂ ਕੇਂਦਰੀ ਰਾਜ ਮੰਤਰੀ ਸ੍ਰੀ ਜੋਗਿੰਦਰ ਮਕਵਾਨਾ ਸ੍ਰੀ ਦਰਬਾਰਾ ਸਿੰਘ ਤੇ ਸ੍ਰੀ ਬੀਰਪਾਲ ਸਿੰਘ ਨੇ ਅਕਾਲੀਆਂ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਪੰਜਾਬ ਦੀਆਂ ਮੰਗਾਂ ਸਾਰੇ ਲੋਕਾਂ ਦੀਆਂ ਸਾਂਝੀਆਂ ਮੰਗਾਂ ਹਨ ਨਾ ਕਿ ਇਕੱਲੇ ਅਕਾਲੀਆਂ ਦੀਆਂ। ਉਹਨਾਂ ਦੋਸ਼ ਲਾਇਆ ਕਿ ਅਕਾਲੀਆਂ ਦਾ ਅੰਦੋਲਨ ਪੰਜਾਬ ਦੇ ਲੋਕਾਂ ਲਈ ਨਹੀਂ ਬਲਕਿ ਆਪਣੀ ਖੁਸੀ ਸਿਆਸੀ ਤਾਕਤ ਹਾਲਸ ਕਰਨ ਲਈ ਹੈ।

ਸ੍ਰੀ ਮਕਵਾਨਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਪੰਜਾਬ ਦਾ ਮਸਲਾ ਗਲਬਾਤ ਰਾਹੀਂ ਹਲ ਕਰਨਾ ਚਾਹੁੰਦੇ ਹਨ ਤੇ ਅਕਾਲੀਆਂ ਨੂੰ ਇਹ ਅਪਨਾਉਣਾ ਚਾਹੀਦਾ ਹੈ। ਉਹਨਾਂ ਨੇ ਗੜਬੜ ਅਤੇ ਤੋੜਫੋੜ ਦੀਆਂ ਕਾਰਵਾਈਆਂ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਹਾਨੀਕਾਰਕ ਹਨ ਤੇ ਸਾਨੂੰ ਸਾਰਿਆਂ ਨੂੰ ਇਹਨਾਂ ਦਾ ਡਟਕੇ ਵਿਰੋਧ ਕਰਨਾ ਚਾਹੀਦਾ ਹੈ। ਮੁਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਪੰਜਾਬ ਨੂੰ ਕੁਝ ਦੇਣਾ ਚਾਹੁੰਦੇ ਹਨ ਪਰੰਤੂ ਅਕਾਲੀ ਉਸ ਰਸਤੇ ਉਤੇ ਨਹੀਂ ਆਉਂਦੇ।

ਉਹਨਾਂ ਇਹ ਵੀ ਕਿਹਾ ਕਿ ਇਹ ਵਾਰ ਵਾਰ ਆਪਣੀਆਂ ਮੰਗਾਂ ਬਦਲ ਰਹੇ ਹਨ ਤੇ ਗਲਬਾਤ ਦਾ ਰਸਤਾ ਆਪਸੀ ਫੁੱਟ ਕਾਰਨ ਨਹੀਂ ਅਪਨਾ ਰਹੇ। ਸ੍ਰੀ ਬੀਰਪਾਲ ਸਿੰਘ ਨੇ ਦਾਅਵਾ ਕੀਤਾ ਕਿ ਬਾਵਜੂਦ ਅਕਾਲੀਆਂ ਦੀ ਐਜੀਟੇਸ਼ਨ ਅਤੇ ਮੌਸਮ ਦੀ ਖਰਾਬੀ ਦੇ ਤਰਕੀ ਦੀ ਰਫਤਾਰ ਮਠੀ ਨਹੀਂ ਹੋਣ ਦਿਤੀ। ਉਹਨਾਂ ਕਿਹਾ ਕਿ ਅਸੀਂ ਫਿਰਕਾਪ੍ਰਸਤੀ ਨੂੰ ਉਠਣ ਨਹੀਂ ਦਿਆਂਗੇ ਅਤੇ ਦਸ਼ੱਦਦ-ਪਸੰਦ ਤਾਕਤਾਂ ਨੂੰ ਨੱਥ ਪਾਈ ਜਾਵੇਗੀ।

## ਬੰਕਾਕ ਪੰਜਾਬੀ ਕਾਨਫਰੰਸ ਦੀ ਤਿਆਰੀ ਤੇਜ਼

ਨਵੀਂ ਦਿੱਲੀ—ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਪੰਜਾਬੀ ਬੁੱਧੀਜੀਵੀਆਂ ਨੂੰ ਕਿਹਾ ਹੈ ਕਿ ਉਹ ਬਿਦੇਸ਼ਾਂ ਵਿਚ ਵਸਦੇ ਭਾਰਤੀਆਂ ਦੀਆਂ ਵੱਖ ਵੱਖ ਖੇਤਰਾਂ ਵਿਚ ਕੀਤੀਆਂ ਜਾ ਰਹੀਆਂ ਸਰਗਰਮੀਆਂ ਦਾ ਸਨਮਾਨ ਕਰਨ।

ਰਾਸ਼ਟਰਪਤੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਇਕ 21 ਮੈਂਬਰੀ ਵਫਦ ਨਾਲ ਗੱਲਬਾਤ ਕਰ ਰਹੇ ਸਨ। ਉਹਨਾਂ ਕਿਹਾ ਬਦੇਸ਼ੀ ਵਸਦੇ ਪੰਜਾਬੀਆਂ ਨੂੰ ਆਪਣੀ ਸਭਿਆਚਾਰਕ ਪਛਾਣ ਬਣਾਈ ਰੱਖਣ ਦੇ ਯਤਨ ਕਰਨੇ ਚਾਹੀਦੇ ਹਨ। ਅਤੇ ਆਪਣੀ ਮਾਤ ਭੂਮੀ ਪੰਜਾਬ ਨਾਲ ਸੰਪਰਕ ਬਣਾਈ ਰੱਖਣਾ ਚਾਹੀਦਾ ਹੈ।

ਗਿਆਨੀ ਜ਼ੈਲ ਸਿੰਘ ਨੂੰ ਇਹ ਵਫਦ 16 ਤੋਂ 18 ਜੁਲਾਈ ਤਕ ਬੰਕਾਕ ਵਿਚ ਹੋ ਰਹੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਆਗੂ ਸ੍ਰੀ ਹਰਵਿੰਦਰਪਾਲ ਸਿੰਘ ਹੰਸਪਾਲ ਐਮ. ਪੀ. ਦੀ ਅਗਵਾਈ ਵਿਚ ਮਿਲਿਆ।

ਸ੍ਰੀ ਹੰਸਪਾਲ ਨੇ ਦਸਿਆ ਕਿ ਬੰਕਾਕ ਵਿਸ਼ੇਸ਼ ਪੰਜਾਬੀ ਕਾਨਫਰੰਸ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਜਾਰੀ ਹਨ। ਕਾਨਫਰੰਸ ਦੇ ਜਨਰਲ ਸਕੱਤਰ ਡਾਕਟਰ ਗੁਰਚਰਨ ਸਿੰਘ ਨੇ ਦਸਿਆ ਕਿ ਇਸ ਕਾਨਫਰੰਸ ਵਿਚ ਦੋ ਸੌ ਤੋਂ ਵੱਧ ਲੇਖਕ ਡੈਲੀਗੇਟ ਸ਼ਾਮਲ ਹੋਣਗੇ।

## ਕੰਨੜ ਸਾਹਿਤਕਾਰਾਂ ਵਲੋਂ ਅੰਮ੍ਰਿਤਾ ਦੀ ਹਮਾਇਤ

ਹੁਬਲੀ—ਕੰਨੜ ਸਾਹਿਤਕਾਰਾਂ ਦੀ ਇਕ ਮੀਟਿੰਗ ਵਿਚ ਇਕ ਮਤਾ ਪਾਸ ਕਰਕੇ ਸ਼ਰੋਮਣੀ ਗੁਰੁਦਆਰਾ ਪ੍ਰਬੰਧਕ ਕਮੇਟੀ ਦੀ ਗਿਆਨਪੀਠ ਵਿਜੇਤ ਪੰਜਾਬੀ ਕਵਿਤਰੀ ਸ੍ਰਮਤੀ ਪ੍ਰੀਤਮ ਨੂੰ ਪਰੇਸ਼ਾਨ ਕਰਨ ਦੀ ਆਲੋਚਨਾ ਕੀਤੀ ਹੈ।

ਮੀਟਿੰਗ ਨੇ ਦੇਸ਼ ਭਰ ਦੇ ਬੁਧੀਜੀਵੀਆਂ ਨੂੰ ਵਿਅਕਤੀ ਦੀ ਆਜ਼ਾਦੀ ਉਤੇ ਰੋਕਾਂ ਲਗਾਉਣ ਦੇ ਇਸ ਕਾਰਨਾਮੇ ਵਿਰੁਧ ਆਵਾਜ਼ ਉਠਾਉਣ ਦੀ ਅਪੀਲ ਕੀਤੀ।

---

ਨੀ ਛੋਤੀ ਛੇਤੀ ਵੱਧ ਕਿੱਕਰੇ
ਅਸਾਂ ਸੱਸ ਦਾ ਸੰਦੂਕ ਬਨਾਣਾ।


# ਏਸ਼ੀਆ ਬੁੱਕ ਕੰਪਨੀ

ਗੁਰਬਖਸ਼ ਸਿੰਘ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ — ਸਭ ਲੇਖਕਾਂ ਦੀਆਂ ਕਿਤਾਬਾਂ ਏਸ਼ੀਆ ਬੁੱਕ ਕੰਪਨੀ ਦਾ ਸ਼ੰਗਾਰ ਹਨ

**ਸੋਹਨ ਸਿੰਘ ਜੋਸ਼, ਕੇਸਰ ਸਿੰਘ ਨਾਵਲਿਸਟ, ਸ਼ਿਵ ਕੁਮਾਰ ਬਟਾਲਵੀ ਤੇ ਜਸਵੰਤ ਕੰਵਲ ਦੀ ਹਰ ਪੁਸਤਕ ਤੁਹਾਨੂੰ ਸਾਡੇ ਕੋਲੋਂ ਮਿਲ ਸਕਦੀ ਹੈ**

ਕੈਨੇਡਾ ਦੇ ਪੰਜਾਬੀ ਲੇਖਕ—ਕੇਸਰ ਸਿੰਘ, ਗੁਰਚਰਨ ਰਾਮਪੁਰੀ, ਅਜਮੇਰ ਰੋਡੇ, ਸੁਰਜੀਤ ਕਲਸੀ, ਦਰਸ਼ਨ ਗਿੱਲ, ਸਾਧੂ ਆਦਿ ਦੀਆਂ ਪੁਸਤਕਾਂ ਵੀ ਮਿਲ ਸਕਦੀਆਂ ਹਨ।

ਕਿਤਾਬਾਂ ਦੀ ਨਵੀਂ ਸ਼ਿਪਮਿੰਟ ਪਹੁੰਚ ਗਈ

ਪੰਜਾਬੀ ਦੇ ਨਾਵਲ, ਕਹਾਣੀਆਂ ਤੇ ਕਵਿਤਾਵਾਂ ਆਦਿ ਕਿਤਾਬਾਂ ਦੀ ਕੀਮਤ

**20% ਕਟੌਤੀ**

ਪੰਜਾਬੀ ਕਿਤਾਬਾਂ ਦੀ ਵੈਨਕੂਵਰ ਵਿਚ ਇਕੋ ਇਕ ਦੁਕਾਨ

# ਸਭਿਆਚਾਰ ਦਰਪਣ

## ਭਾਰਤੀ ਨਾਟ ਕੇਂਦਰ ਵਲੋਂ ਸਭਿਆਚਾਰਕ ਪ੍ਰੋਗਰਾਮ

ਭਾਰਤੀ ਨਾਟ ਕੇਂਦਰ ਵੈਨਕੂਵਰ ਦੀ ਸਥਾਪਨਾ 31 ਅਕਤੂਬਰ 1982 ਨੂੰ ਸਾਊਥ ਵੈਨਕੂਵਰ ਨੇਬਰਹੁੱਡ ਹਾਊਸ ਵਿਚ ਹੋਈ ਸੀ ਜਿਸ ਵਿਚ ਰੰਗਮੰਚ ਵਿਚ ਦਿਲਚਸਪੀ ਰੱਖਣ ਵਾਲੇ 24 ਕਲਾਕਾਰਾਂ, ਲੇਖਕਾਂ ਨੇ ਭਾਗ ਲਿਆ। ਨਾਟ ਕੇਂਦਰ ਦੀ ਰੂਪ ਰੇਖਾ ਪਹਿਲੋਂ ਇਕ ਬ੍ਰੋਸ਼ੀਅਰ ਵਿਚ ਤਿਆਰ ਕੀਤੀ ਗਈ ਸੀ ਜਿਸ ਵਿਚ ਇਸ ਸੰਸਥਾ ਦਾ ਮੁਖ ਉਦੇਸ਼ "ਸਥਾਨਕ ਅਦਾਕਾਰਾਂ, ਨਾਟਕਕਾਰਾਂ ਤੇ ਸਟੇਜ ਕਲਾਕਾਰਾਂ ਨੂੰ ਇਕ ਸਾਂਝਾ ਰੰਗਮੰਚ ਪ੍ਰਦਾਨ ਕਰਨਾ, ਅਤੇ ਕਮਿਊਨਿਟੀ ਵਿਚ ਸੰਜੀਦਾ ਅਤੇ ਉੱਚ ਮੱਯਾਰੀ ਨਾਟਕ ਖੇਡਣ ਦੀ ਪ੍ਰਥਾ ਕਾਇਮ ਕਰਨਾ" ਦੱਸਿਆ ਗਿਆ ਸੀ।

ਇਸ ਉਦੇਸ਼ ਨੂੰ ਮੁਖ ਰੱਖਦਿਆਂ ਨਾਟ ਕੇਂਦਰ ਵਲੋਂ ਕੁਝ ਮੀਟਿੰਗਾਂ ਕਰਨ ਪਿਛੋਂ ਇਕ ਸਭਿਆਚਾਰਕ ਪ੍ਰੋਗਰਾਮ ਦਾ ਫੈਸਲਾ ਕੀਤਾ ਗਿਆ। ਇਹ ਸਭਿਆਚਾਰਕ ਪ੍ਰੋਗਰਾਮ 22 ਮਈ 1983 ਦੀ ਸ਼ਾਮ ਨੂੰ ਕਾਰਪੈਂਟਰਜ਼ ਹਾਲ ਨਿਊਵੈਸਟਮਿਨਸਟਰ ਵਿਚ ਹੋਇਆ ਜਿਸ ਵਿਚ ਚਾਲੀ ਤੋਂ ਵੱਧ ਕਲਾਕਾਰਾਂ ਨੇ ਭਾਗ ਲਿਆ। ਪ੍ਰੋਗਰਾਮ ਤੋਂ ਇਕ ਹਫਤਾ ਪਹਿਲਾਂ ਵੈਨਕੂਵਰ ਵਿਚ ਆਸ਼ਾ ਭੋਂਸਲੇ ਦਾ ਸ਼ੋਅ ਸੀ, ਪ੍ਰੋਗਰਾਮ ਵਾਲੇ ਦਿਨ ਵੈਨਕੂਵਰ ਵਿਚ ਖੇਡਾਂ ਦਾ ਪ੍ਰੋਗਰਾਮ ਚੱਲ ਰਿਹਾ ਸੀ ਅਤੇ ਸ਼ਾਮ ਨੂੰ ਅਰੂਨਾ ਲੈਲਾ ਦਾ ਸ਼ੋਅ ਸੀ। ਨਾਟ ਕੇਂਦਰ ਦੇ ਪ੍ਰੋਗਰਾਮ ਤੋਂ ਇਕ ਹਫਤਾ ਪਿਛੋਂ ਪੰਜਾਬੀ ਦੇ ਪ੍ਰਸਿੱਧ ਨਾਟਕ ਕਾਰ ਪ੍ਰੋਡਿਊਸਰ ਗੁਰਸ਼ਰਨ ਸਿੰਘ ਅਤੇ ਉਨ੍ਹਾਂ ਦੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦਾ ਵੈਨਕੂਵਰ ਵਿਚ ਡਰਾਮਿਆਂ ਦਾ ਪ੍ਰੋਗਰਾਮ ਹੋਣਾ ਸੀ ਜਿਸ ਦੀਆਂ ਟਿਕਟਾਂ ਪਹਿਲਾਂ ਹੀ ਵਿਕ ਰਹੀਆਂ ਸਨ। ਇਨਾਂ ਸਾਰੇ ਪ੍ਰੋਗਰਾਮਾਂ ਦੇ ਬਾਵਜੂਦ ਭਾਰਤੀ ਨਾਟ ਕੇਂਦਰ ਦਾ ਪ੍ਰੋਗਰਾਮ ਵੇਖਣ ਲਈ ਕਾਰਪੈਂਟਰਜ਼ ਹਾਲ ਸਰੋਤਿਆਂ ਨਾਲ ਨੱਕੋ ਨੱਕ ਭਰਿਆ ਹੋਇਆ ਸੀ। ਜਿਥੇ ਭਾਰਤੀ ਨਾਟ ਕੇਂਦਰ ਲਈ ਇਹ ਬਹੁਤ ਉਤਸ਼ਾਹਜਨਕ ਗੱਲ ਸੀ ਓਥੇ ਇਸ ਗੱਲ ਦਾ ਵੀ ਸਬੂਤ ਸੀ ਕਿ ਵੈਨਕੂਵਰ ਦੇ ਲੋਕ ਘਟੀਆ ਗੀਤਾਂ ਦੇ ਪ੍ਰੋਗਰਾਮਾਂ ਤੇ ਰੌਲੇ ਰੱਪੇ ਭਰਪੂਰ "ਐਕਟਰਾਂ ਦੇ ਮੂੰਹ ਵਿਖਾਉਣ" ਵਾਲੇ ਪ੍ਰੋਗਰਾਮਾਂ ਤੋਂ ਅੱਕ ਗਏ ਹਨ ਤੇ ਸੰਜੀਦਾ ਨਾਟਕ ਵੇਖਣ ਲਈ ਤਿਆਰ ਹਨ। ਗੁਰਸ਼ਰਨ ਸਿੰਘ ਜੀ ਦੇ ਪ੍ਰੋਗਰਾਮਾਂ ਵਿਚ ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਵੀ ਇਸੇ ਗੱਲ ਦੀ ਗਵਾਹੀ ਹਨ।

ਭਾਰਤੀ ਨਾਟ ਕੇਂਦਰ ਦਾ ਪ੍ਰੋਗਰਾਮ ਇਕ ਸਮੂਹ ਗੀਤ "ਕਣਕਾਂ ਦਾ ਗੀਤ" ਨਾਲ ਸ਼ੁਰੂ ਹੋਇਆ ਜਿਸਦੀ ਟਿਊਨ ਨਾਟ ਕੇਂਦਰ ਦੇ ਮੈਂਬਰਾਂ/ਹਿੱਸਾ ਲੈਣ ਵਾਲਿਆਂ ਨੇ ਹੀ ਤਿਆਰ ਕੀਤੀ ਸੀ।

ਕਹਿੰਦੇ ਲੰਘ ਗਈ ਏ ਰਾਤ
ਕਹਿੰਦੇ ਆਈ ਏ ਪ੍ਰਭਾਤ
ਮੇਰੇ ਅਰਸ਼ਾਂ ਤੇ ਸ਼ਾਹੀਆਂ ਅਜੇ ਓਡੀਆਂ ਹੀ ਓਡੀਆਂ
ਹੋ ਕਣਕਾਂ ਗੋਡੀਆਂ।

ਗਾਇਕਾਂ ਤੋਂ ਬਿਨਾਂ ਗੀਤ ਦੇ ਅੰਤ ਉਤੇ ਬਾਲ ਕਲਾਕਾਰਾਂ ਸੁਰਤੀ, ਰਾਬੀਨਾ, ਰੀਨਾ, ਅਤੇ ਰਜੀਨਾ ਨੇ ਸਾਵੀਆਂ ਅਤੇ ਪੀਲੀਆਂ ਪੁਸ਼ਾਕਾਂ ਵਿਚ ਨਾਚ ਵੀ ਕੀਤਾ।

ਸਮੂਹਕ ਗੀਤ ਪਿਛੋਂ ਨਾਟ ਕੇਂਦਰ ਦੀ ਮੈਂਬਰ ਸੁਰਜੀਤ ਕਲਸੀ ਨੇ ਸਟੇਜ ਸੰਭਾਲੀ ਅਤੇ ਪ੍ਰੋਗਰਾਮ ਦੀ ਪਹਿਲਾ ਹਿਸਾ, ਲੋਕ-ਸੰਗੀਤ ਸ਼ੁਰੂ ਕੀਤਾ। ਸੁਰਜੀਤ ਨੇ ਲੋਕ-ਸੰਗੀਤ ਦੀ ਸਾਡੀ ਸਭਿਤਾ ਵਿਚ ਮਹੱਤਤਾ ਦੱਸਦਿਆਂ ਕਿਹਾ ਕਿ ਲੋਕ ਗੀਤ ਬਚਪਨ ਤੋਂ ਲੈ ਕੇ ਮਰਨ ਤੱਕ ਸਾਡੇ ਖ਼ੂਨ ਵਿਚ ਰਚੇ ਹੋਏ ਹਨ। ਅੱਜ ਦੇ ਪ੍ਰੋਗਰਾਮ ਵਿਚ ਕੁਝ ਨਵੇਂ ਗੀਤ ਅਤੇ ਕੁਝ classic ਬਣ ਚੁੱਕੇ ਪੰਜਾਬੀ ਗੀਤ ਲੋਕ ਧੁਨਾਂ ਵਿਚ ਤੁਹਾਡੇ ਸਾਹਮਣੇ ਰੱਖੇ ਜਾਣਗੇ। ਇਸ ਪਿਛੋਂ ਅਮਰਜੀਤ ਜੋਸ਼, ਹਰਿੰਦਰ ਲਿੱਧੜ, ਸੁਖਦੇਵ ਸਾਕੀ, ਪ੍ਰਮਿੰਦਰ ਰਾਇ, ਪ੍ਰੇਮ ਅਤੇ ਪਰਮਜੀਤ ਨੇ ਪ੍ਰਭਾਵਸ਼ਾਲੀ ਆਵਾਜ਼ਾਂ ਵਿਚ ਗੀਤ ਪੇਸ਼ ਕੀਤੇ। ਇਨ੍ਹਾਂ ਨਾਲ ਹਾਰਮੋਨੀਅਮ ਉਤੇ ਪ੍ਰੇਮ, ਢੋਲਕ ਉਤੇ ਦਵਿੰਦਰ ਅਤੇ ਮੈਂਡੋਲੀਨ ਤੇ ਸੁਖਦੇਵ ਸਾਕੀ ਨੇ ਸਾਥ ਦਿੱਤਾ। ਗੀਤਾਂ ਦੀ ਸਰੋਤਿਆਂ ਵਲੋਂ ਭਰਪੂਰ ਸ਼ਲਾਘਾ ਹੋਈ। ਬਾਲ ਕਲਾਕਾਰ ਹੈਰੀ ਜੋਸ਼ ਨੇ ਕੁਝ ਮਿੰਟਾਂ ਲਈ ਹਿੰਦੀ ਗਾਣੇ ਨਾਲ ਡਿਸਕੋ ਡਾਨਸ ਦੀ ਝਲਕੀ ਵੀ ਪੇਸ਼ ਕੀਤੀ।



ਨਾਟ ਕੇਂਦਰ ਦੇ ਮੈਂਬਰ ਭੂਪਿੰਦਰ ਧਾਲੀਵਾਲ ਨੇ ਨਾਟ ਕੇਂਦਰ ਦੀ ਸਥਾਪਨਾ, ਉਦੇਸ਼ਾਂ ਬਾਰੇ ਇਕ ਸਪੀਚ ਦਿੱਤੀ। ਭੂਪਿੰਦਰ ਨੇ ਵੈਨਕੂਵਰ ਵਿਚ ਰੰਗ ਮੰਚ ਦੇ ਇਤਿਹਾਸ ਅਤੇ ਅਜੋਕੀ ਸਥਿਤੀ ਅਤੇ ਰੰਗ ਮੰਚ ਦੀ ਲੋੜ ਬਾਰੇ ਚਾਨਣਾ ਪਾਇਆ।

ਇਸ ਪ੍ਰੋਗਰਾਮ ਦੇ ਦਰਸ਼ਕਾਂ ਵਿਚਕਾਰ ਭਾਰਤ ਦੇ ਪ੍ਰਸਿਧ ਨਾਟਕਕਰ ਅਤੇ ਨਿਰਦੇਸ਼ਕ ਸ. ਗੁਰਸ਼ਰਨ ਸਿੰਘ ਜੀ ਅਤੇ ਉਨ੍ਹਾਂ ਦੇ ਨਾਲ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਹੋਰ ਕਲਾਕਾਰ (ਕੈਲਾਸ਼ ਜੀ, ਪਰਮਜੀਤ, ਨਵਸ਼ਰਨ, ਅਰੀਤ, ਕੇਵਲ ਧਾਲੀਵਾਲ ਅਤੇ ਦਲੀਪ ਭਨੋਟ) ਵੀ ਸ਼ਾਮਲ ਸਨ। ਸ. ਗੁਰਸ਼ਰਨ ਸਿੰਘ ਜੀ ਨੇ ਕੁਝ ਮਿੰਟਾਂ ਲਈ ਸਟੇਜ ਤੇ ਆ ਕੇ ਪ੍ਰਭਾਵਸ਼ਾਲੀ ਸਪੀਚ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਾਨੂੰ ਭਾਰਤ ਤੋਂ ਬਾਹਰ ਰਹਿਣ ਵਾਲੇ ਭਾਰਤੀਆਂ ਨੂੰ ਆਪਣੀ ਸਭਿਤਾ ਨੂੰ ਜੀਵਤ ਰੱਖਣ ਦੇ ਨਾਲ ਨਾਲ ਇਸ ਨੂੰ ਅਧੁਨਿਕਤਾ ਦੇ ਨਾਲ ਵੀ ਜੋੜਨਾ ਚਾਹੀਦਾ ਹੈ। ਇਹ ਸਮੇਂ ਦੀ ਮੰਗ ਹੈ।

ਪਹਿਲੇ ਹਿੱਸੇ ਦੇ ਅੰਤ ਉਤੇ ਨਾਟ ਕੇਂਦਰ ਵਲੋਂ ਇਕ ਸ਼ਾਨਦਾਰ ਗਿੱਧਾ ਪੇਸ਼ ਕੀਤਾ ਗਿਆ। ਗਿੱਧਾ ਅੰਮ੍ਰਿਤ ਮਾਨ ਅਤੇ ਅਮਰਜੀਤ ਜੋਸ਼ ਨੇ ਪਿਛੋਕੜ ਵਿਚੋਂ ਢੋਲਕ ਅਤੇ ਘੁੰਗਰੂਆਂ ਦੀ ਸੰਗਤ ਵਿਚ ਇਸ ਲੋਕ ਗੀਤ ਨਾਲ ਸ਼ੁਰੂ ਕੀਤਾ:

ਉੱਚੀਆਂ ਲੰਮੀਆਂ ਟਾਹਲੀਆਂ
ਵਿਚ ਕੋਈ ਗੁਜਰੀ ਦੀ ਪੀਂਘ ਵੇ ਹੋ —

ਇਸ ਪਿਛੋਂ ਵੀਹ ਮਿੰਟ ਲਗਾਤਾਰ ਗਿੱਧਾ ਗੂੰਜਦਾ ਰਿਹਾ ਜਿਸ ਵਿਚ ਗੁਰਮੇਲ, ਪ੍ਰਮਿੰਦਰ ਰਾਏ, ਚਰਨਜੀਤ, ਦਿਲਜੀਤ, ਹਰਜੀਤ, ਕਮਲਜੀਤ, ਰਾਜਿੰਦਰ, ਅਨੀਤਾ, ਸੁਖਵਿੰਦਰ, ਜਸਵਿੰਦਰ, ਸੁਰਜੀਤ, ਬੀਨੂ ਅਤੇ ਸੁਰਤੀ ਨੇ ਭਾਗ ਲਿਆ। ਪਿਛੋਕੜ ਵਿਚੋਂ ਬੋਲੀਆਂ ਅਮਰਜੀਤ ਜੋਸ਼ ਅਤੇ ਹਰਿੰਦਰ ਲਿੱਧੜ (ਪਿੰਕੀ) ਨੇ ਭਰਪੂਰ ਅਵਾਜ਼ਾਂ ਵਿਚ ਪਾਈਆਂ। ਕਲਾਕਰ ਦਵਿੰਦਰ ਨੇ ਢੋਲਕ ਨਾਲ ਸਾਰੇ ਨਾਚ ਨੂੰ ਲੈਅ ਵਿਚ ਰੱਖਿਆ।

ਦੂਜੇ ਹਿੱਸੇ ਵਿਚ ਪੰਜਾਬੀ ਦੇ ਪ੍ਰਸਿਧ ਨਾਟਕਕਾਰ ਅਜਮੇਰ ਔਲਖ ਦਾ ਡਰਾਮਾ "ਤੂੜੀ ਵਾਲਾ ਕੋਠਾ" ਪੇਸ਼ ਕੀਤਾ ਗਿਆ ਜਿਸ ਦੀ ਡਾਇਰੈਕਸ਼ਨ ਅਜਮੇਰ ਰੋਡੇ(ਵੈਨਕੂਵਰ) ਵਲੋਂ ਕੀਤੀ ਗਈ। ਡਰਾਮੇ ਵਿਚ ਇਹਨਾਂ ਕਲਾਕਾਰਾਂ ਨੇ (ਸਟੇਜ ਤੇ ਪ੍ਰਵੇਸ਼ ਅਨੁਸਾਰ) ਅਦਾਕਾਰੀ ਕੀਤੀ:

ਭੂਪਿੰਦਰ ਧਾਲੀਵਾਲ : ਸੰਤੂ ਦੇ ਰੋਲ ਵਿਚ
ਕਰਮਜੀਤ ਘੁਮਾਣ : ਧਰਮਾਂ
ਪਰਮਿੰਦਰ ਰਾਇ : ਜੈਕੁਰ
ਬਚਿੱਤਰ ਬੱਧਣੀ : ਸ਼ਹੀਦ
ਸੁਖਵੰਤ ਢੀਂਡਸਾ : ਕਰਮਾ
ਇੰਦਰੇਸ਼ : ਜੰਗੀਰ ਸਿੰਘ (ਲੱਕੜ ਚੱਬ)
ਅਮਰਜੀਤ ਚਾਹਲ : ਧਿੰਦੀ (ਅਤੇ ਡੈਨੀ)
ਦਲਜੀਤ ਤੂਰ : ਨਾਹਰੀ
ਦਰਸ਼ਨ : ਮਿੰਦੋ
ਬਲਵਿੰਦਰ ਰੋਡੇ : ਪਾਲ (ਡੈਨੀ ਦਾ ਦੋਸਤ)

ਨਾਟਕ ਲਈ ਸਟੇਜ ਸੀਨਰੀ ਅਮਰਜੀਤ ਚਾਹਲ ਨੇ; ਲਾਈਟ ਐਂਡ ਸਾਊਂਡ ਕਰਨੈਲ ਮਾਨ ਨੇ; ਕਾਸਟਯੂਮ ਅੰਮ੍ਰਿਤ ਮਾਨ; ਮੇਕ ਅੱਪ ਦਰਸ਼ਨ ਅਤੇ ਉਦੇ ਕੌਰਟਾਣਾ; ਅਤੇ ਪਬਲੀਸਿਟੀ ਦਾ ਮੇਕ ਹਰਚੰਦ ਜੋਸ਼ ਨੇ ਕੀਤਾ। ਸੰਗੀਤ ਸੁਰਜੀਤ ਕਲਸੀ ਵਲੋਂ ਤਿਆਰ ਕੀਤਾ ਗਿਆ। ਅਜਮੇਰ ਔਲਖ ਦਾ ਇਹ ਨਾਟਕ ਪੰਜਾਬ ਵਿਚ ਸਟੇਜਾਂ ਤੇ ਬਹੁਤ ਵਾਰੀ ਪੇਸ਼ ਕੀਤਾ ਜਾ ਚੁੱਕਾ ਹੈ ਤੇ ਟੈਲੀਵਿਯਨ ਤੇ ਵੀ ਪ੍ਰੋਡਿਊਸ ਕੀਤਾ ਗਿਆ ਹੈ। ਵਿਦੇਸ਼ ਵਿਚ ਇਹ ਸੰਜੀਦਾ ਨਾਟਕ, ਭਾਰਤੀ ਨਾਟ ਕੇਂਦਰ ਵਲੋਂ ਪਹਿਲੀ ਵਾਰ ਖੇਡਿਆ ਗਿਆ ਹੈ। ਨਾਟਕ ਇਕ comic tragedy ਹੈ ਜਿਸ ਨੂੰ ਨਾਟ ਕੇਂਦਰ ਦੇ ਕਲਾਕਰਾਂ ਨੇ ਅਤਿ ਸਫਲਤਾ ਪੂਰਵਕ ਪੇਸ਼ ਕੀਤਾ। ਇਸ ਨਾਟਕ ਬਾਰੇ ਵਿਸਥਾਰ ਪੂਰਵਕ ਅਲੋਚਨਾ ਕਿਸੀ ਅਗਲੀ ਰਿਪੋਰਟ ਵਿਚ ਲਿਖੀ ਜਾਵੇਗੀ।

ਦਰਸ਼ਕਾਂ ਦੇ ਪ੍ਰਤਿਕਰਮ ਅਤੇ ਭਰਪੂਰ ਤਾੜੀਆਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪ੍ਰੋਗਰਾਮ ਬਹੁਤ ਸਫਲ ਰਿਹਾ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਇਹ talented ਕਲਾਕਾਰਾਂ ਦਾ ਗਰੁੱਪ ਇਸੇ ਤਰਾਂ ਉਤਸ਼ਾਹ ਨਾਲ ਉੱਚ ਪੱਧਰ ਦੇ ਨਾਟਕ ਪੇਸ਼ ਕਰਦਾ ਰਹੇਗਾ।

### ਧੰਨਵਾਦ

ਭਾਰਤੀ ਨਾਟ ਕੇਂਦਰ ਉਨ੍ਹਾਂ ਸਾਰੇ ਦੋਸਤਾਂ ਦਾ ਬਹੁਤ ਧੰਨਵਾਦੀ ਹੈ, ਜਿਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਸਫਲ ਬਨਾਉਣ ਵਿਚ ਸਹਿਯੋਗ ਦਿਤਾ। ਪ੍ਰਮੋਦ ਪੁਰੀ (ਲਿੰਕ), ਦਰਸ਼ਨ ਗਿੱਲ (ਕੈਨੇਡਾ ਦਰਪਣ), ਤਾਰਾ ਸਿੰਘ ਹੇਅਰ (ਇੰਡੋ ਕਨੇਡੀਅਨ), ਗੁਰਚਰਨ (ਫੋਟੋਗਰਾਫੀ, ਐਡਵਰਟਾਈਜਿੰਗ), ਚਰਨਜੀਤ ਕੰਗ (ਆਰਟ ਆਫ ਇੰਡੀਆ), ਮਨਜੀਤ ਵਿਰਦੀ (ਸੁਰ ਸਾਗਰ), ਪ੍ਰੇਮ, ਦਵਿੰਦਰ, ਸੁਖਦੇਵ ਸਾਕੀ (ਸੰਗੀਤ ਅਤੇ ਸੈਟ ਤਿਆਰੀ), ਨਿਰਮਲ ਧਾਲੀਵਾਲ (ਵੀਡੀਓ), ਭਰਪੂਰ ਮਾਨ (ਵੀਡੀਓ)।

## ਸਮਾਨਤਾ ਵਲੋਂ ਪੇਸ਼ "ਚੇਤਨਾ":

ਔਰਤਾਂ ਦੇ ਮਸਲੇ ਬਾਰੇ ਇਕ ਵਿਸ਼ੇਸ਼ ਪ੍ਰੋਗਰਾਮ ਜੂਨ 21, 1983 ਨੂੰ ਕੋਮਾਉ ਹਾਲ 707-12 ਸਟਰੀਟ ਨਿਊਵੈਸਮਿਨਸਟਰ ਵਿਚ ਸ਼ਾਮ ਦੇ 7 ਵਜੇ ਹੋਇਆ ਜਿਸ ਵਿਚ ਸਮਾਨਤਾ ਵਲੋਂ ਕੈਨੇਡਾ ਵਿਚ ਭਾਰਤੀ ਔਰਤਾਂ ਦੀ ਹਾਲਤ ਬਾਰੇ ਡਰਾਮਾ "ਚੇਤਨਾ" ਪੇਸ਼ ਕੀਤਾ ਗਿਆ।

ਇਪਾਨਾ ਵਲੋਂ ਸਪੋਨਸਰ ਕੀਤੇ ਪੰਜਾਬ ਦੇ ਮਸ਼ਹੂਰ ਨਾਟਕਕਾਰ ਸਰਦਾਰ ਗੁਰਸ਼ਰਨ ਸਿੰਘ ਨੇ ਇਸ ਪ੍ਰੋਗਰਾਮ ਨੂੰ ਵੈਨਕੂਵਰ ਵਿਚ ਆਪਣੇ ਆਖਰੀ ਦਿਨ ਵਜੋਂ ਔਰਤਾਂ ਦੇ ਮਸਲਿਆਂ ਲਈ ਅਰਪਣ ਕੀਤਾ। ਇਸ ਮੌਕੇ ਤੇ ਉਨ੍ਹਾਂ ਦੇ ਗਰੁਪ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਡਰਾਮਾ "ਅਹਿਸਾਸ" ਖੇਡਿਆ ਗਿਆ ਜਿਸ ਵਿਚ ਭਾਰਤ ਵਿਚ ਔਰਤਾਂ ਪ੍ਰਤੀ ਸਮਾਜਿਕ ਵਿਤਕਰੇ ਨੂੰ ਦਰਸਾਇਆ ਗਿਆ।

ਦੋ ਸੌ ਤੋਂ ਵੱਧ ਦਰਸ਼ਕਾਂ ਵਿਚ ਬੋਲਦਿਆਂ ਸਰਦਾਰ ਗੁਰਸ਼ਰਨ ਸਿੰਘ ਨੇ ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ ਬਿਆਨ ਕਰਦਿਆਂ ਕਿਹਾ ਕਿ "ਧਾਰਮਿਕ ਗ੍ਰੰਥਾਂ" ਵਿਚ ਔਰਤ ਨੂੰ ਬਰਾਬਰ ਸਮਝਣ ਉਤੇ ਜ਼ੋਰ ਦਿਤਾ ਗਿਆ ਹੈ ਪਰ ਜਦੋਂ ਧਾਰਮਿਕ ਗ੍ਰੰਥਾਂ ਨੂੰ ਪੜ੍ਹਿਆ ਤੇ ਵਿਆਖਿਆ ਜਾਂਦਾ ਹੈ ਤਾਂ ਅਸਲੀ ਤੌਰ ਤੇ ਔਰਤ ਦਾ ਦਰਜਾ ਅਣਡਿੱਠ ਹੀ ਕਰ ਦਿਤਾ ਜਾਂਦਾ ਹੈ। ਉਨ੍ਹਾਂ ਮਹਿਸੂਸ ਕੀਤਾ ਕਿ ਵਿਗਿਆਨ ਦੇ ਯੁਗ ਵਿਚ ਔਰਤਾਂ ਨਾ ਸਿਰਫ ਆਪਣਾ ਦਰਜਾ ਹੀ ਪ੍ਰਾਪਤ ਕਰ ਲੈਣਗੀਆਂ ਸਗੋਂ ਮਰਦਾਂ ਦੇ ਬਰਾਬਰ ਕੰਮ ਕਰਨ ਦੀ ਵਿਸ਼ੇਸ਼ਤਾ ਵੀ ਹਾਸਿਲ ਕਰਨਗੀਆਂ ਕਿਉਂਕਿ ਵਿਗਿਆਨਕ ਯੁਗ ਵਿਚ ਜਿਸਮਾਨੀ ਤਾਕਤ ਨਾਲੋਂ ਦਿਮਾਗੀ ਤਾਕਤ ਨੇ ਜਿੱਤ ਜਾਣਾ ਹੈ ਅਤੇ ਦਿਮਾਗੀ ਤੌਰ ਤੇ ਔਰਤ ਕਿਸੇ ਕੋਲੋਂ ਘੱਟ ਨਹੀਂ ਹੈ।

ਸਰਦਾਰ ਗੁਰਸ਼ਰਨ ਸਿੰਘ ਦੀ ਭਾਵਪੂਰਤ ਤਕਰੀਰ ਮਗਰੋਂ ਸਮਾਨਤਾ ਨੇ ਆਪਣੇ ਹਿੱਸੇ ਦੇ ਪ੍ਰੋਗਰਾਮ ਵਿਚ ਡਰਾਮਾ "ਚੇਤਨਾ" ਪੇਸ਼ ਕੀਤਾ। ਇਸ ਡਰਾਮੇ ਵਿਚ ਕੈਨੇਡਾ ਦੀਆਂ ਘਟਨਾਵਾਂ ਵਿਚੋਂ ਸਿਰਫ ਚਾਰ ਘਟਨਾਵਾਂ ਹੀ ਕਲਾਮਈ ਤਰੀਕੇ ਨਾਲ ਨਾਟਕੀ ਕਮੈਂਟਰੀ ਰਾਹੀਂ ਲੜੀਵਾਰ ਪੇਸ਼ ਕੀਤਾ ਗਿਆ। ਇਸ ਡਰਾਮੇ ਵਿਚ ਦੱਸਿਆ ਗਿਆ ਕਿ ਕਿਵੇਂ ਨਿੱਕੀ ਨਿੱਕੀ ਗੱਲ ਤੋਂ ਘਰਾਂ ਵਿਚ ਤਸ਼ੱਦਦ ਤੇ ਮਾਰਕੁਟਾਈ ਤੱਕ ਗੱਲ ਪਹੁੰਚ ਜਾਂਦੀ ਜਿਸ ਦਾ ਸ਼ਿਕਾਰ ਹਮੇਸ਼ਾ ਔਰਤ ਨੂੰ ਹੀ ਬਣਨਾ ਪੈਂਦਾ ਹੈ। ਕਈ ਵਾਰ ਕਸੂਰ ਕਿਸੇ ਦਾ ਵੀ ਨਹੀਂ ਹੁੰਦਾ, ਹਾਲਾਤ ਹੀ ਕਸੂਰਵਾਰ ਬਣ ਜਾਂਦੇ ਹਨ, ਜਿਵੇਂ ਕਿ ਪਹਿਲੀ ਝਾਕੀ ਵਿਚ ਨਸਲਵਾਦ ਅਤੇ ਬੇਰੁਜ਼ਗਾਰੀ ਦੇ ਸਤਾਏ ਹੋਏ ਮਰਦਾ ਦਾ ਗੁੱਸਾ ਘਰ ਆ ਕੇ ਬੀਵੀ ਉਤੇ ਨਿਕਲਦਾ ਹੈ ਇਸ ਸੱਮਸਿਆ ਨੂੰ ਕਲਾਕਾਰਾਂ ਸੁਖਵੰਦ ਢੀਂਡਸਾ ਅਤੇ ਪਰਮਿੰਦਰ ਰਾਏ ਨੇ ਬੜੇ ਨਾਟਕੀ ਢੰਗ ਨਾਲ ਪੇਸ਼ ਕੀਤਾ। ਦੂਜੀ ਝਾਕੀ ਵਿਚ ਪੂਰਬ ਤੇ ਪੱਛਮ ਵਿਚਕਾਰ ਦੋਫਾੜ ਹੋਈਆਂ ਸਾਡੀਆਂ ਕਦਰਾਂ ਕੀਮਤਾਂ ਵਿਚ ਪਿਸਦੇ ਪਰਵਾਰ ਤੇ ਨੌਜਵਾਨ ਪੀੜ੍ਹੀ ਤੇ ਖ਼ਾਸ ਕਰਕੇ ਧੀਆਂ ਨਾਲ ਹੁੰਦੀ ਕਲਾ ਕਲੇਸ਼ ਦੀ ਝਾਕੀ ਹਰਿੰਦਰ ਲਿੱਧੜ, ਅਜਮੇਰ ਰੋਡੇ ਅੰਮ੍ਰਿਤ ਮਾਨ ਤੇ ਬਾਲ ਕਲਾਕਾਰ ਸੁਰਤੀ ਨੇ ਨਾਟਕੀ ਢੰਗ ਨਾਲ ਪੇਸ਼ ਕੀਤੀ। ਤੀਸਰੀ ਝਾਕੀ ਵਿਚ ਬੀਵੀ ਤੋਂ ਨਜਾਇਜ਼ ਤਲਾਕ ਕਰਵਾ ਕੇ ਆਪਣੇ ਭਰਾ ਨੂੰ ਕੈਨੇਡਾ ਵਿਚ ਸਪਨੋਸਰ ਕਰਵਾਉਣ ਦੀ ਸਮਸਿਆ ਨੂੰ ਹਰਬੰਸ ਢਿਲੋਂ ਤੇ ਭੂਪਿੰਦਰ ਧਾਲੀਵਾਲ ਨੇ ਕਲਾਮਈ ਤਰੀਕੇ ਨਾਲ ਪੇਸ਼ ਕੀਤਾ। ਚੌਥੀ ਝਾਕੀ ਵਿਚ ਇਥੋਂ ਦੀਆਂ ਤਸ਼ੱਦਦ ਤੇ ਮਾਰ ਕੁਟਾਈ ਦੀਆਂ ਸ਼ਿਕਾਰ ਔਰਤਾਂ ਦੀ ਸੱਮਸਿਆ ਵੱਲ ਧਿਆਨ ਦੁਆਇਆ ਗਿਆ ਕਿ ਜਦੋਂ ਬਗਾਨੇ ਮੁਲਕ ਵਿਚ ਕਿਸੇ ਔਰਤ ਨੂੰ ਮਾਰ ਕੁਟ ਕੇ ਘਰੋਂ ਬਾਹਰ ਸੁੱਟ ਦਿਤਾ ਜਾਂਦੈ ਤਾਂ ਉਹ ਕਿੱਥੇ ਜਾਵੇ? ਕੀ ਸਾਡੀ ਅਗਾਂਹ ਵਧੂ ਤੇ ਪ੍ਰਫੁਲਤ ਕਮਿਊਨਿਟੀ ਨੇ ਅਜੇ ਤੱਕ ਏਸ ਬਾਰੇ ਕੁਝ ਸੋਚਿਆ ਹੈ? ਇਸ ਝਾਕੀ ਨੂੰ ਬੜੇ ਨਾਟਕੀ ਢੰਗ ਨਾਲ ਅੰਮ੍ਰਿਤ ਮਾਨ ਤੇ ਸੁਰਜੀਤ ਕਲਸੀ ਨੇ ਪੇਸ਼ ਕੀਤਾ। "ਚੇਤਨਾ" ਦੀਆਂ ਚਾਰੇ ਝਾਕੀਆਂ ਦੀ ਭਾਵਪੂਰਤ ਪੇਸ਼ਕਾਰੀ ਦਿਲ ਟੁੰਬਵੀਂ ਸੀ ਜਿਸ ਨਾਲ ਦਰਸ਼ਕਾਂ ਦੀਆਂ ਅੱਖਾਂ ਭਰ ਆਈਆਂ।

ਸਮਾਨਤਾ ਦੀ ਪ੍ਰਧਾਨ ਹਰਬੰਸ ਢਿਲੋਂ ਨੇ "ਚੇਤਨਾ" ਦੀ ਪੇਸ਼ਕਾਰੀ ਮਗਰੋਂ ਦਸਿਆ ਕਿ "ਇਹ ਡਰਾਮਾ ਕੈਨੇਡਾ ਦੇ ਸਾਡੇ ਹਾਲਾਤ ਦੀ ਇਕ ਸ਼ਕਤਸ਼ਾਲੀ ਪੇਸ਼ਕਾਰੀ ਸੀ। ਕਿਉਂਕਿ ਲੋਕਾਂ ਦੀਆਂ ਅੱਖਾਂ ਦੀ ਨਮੀ ਦਸ ਰਹੀ ਸੀ ਕਿ ਇਥੋਂ ਦੀਆਂ ਘਰੇਲੂ ਸਮਸਿਆਵਾਂ ਵਿਚ ਪਿਸਦੇ ਪਰਵਾਰ ਤੇ ਔਰਤ ਨੂੰ ਪੇਸ਼ ਆਉਂਦੀਆਂ ਔਕੜਾਂ, ਦੁੱਖ ਤਕਲੀਫਾਂ ਭਾਸ਼ਣਾ ਨਾਲ ਕਦੀ ਦੂਰ ਨਹੀਂ ਹੋ ਸਕਦੀਆਂ, ਇਨਾਂ ਸਮਸਿਆਵਾਂ ਦੇ ਸਾਨੂੰ ਬੌਧਿਕ ਹੱਲ ਲੱਭਣੇ ਪੈਣਗੇ, ਉਨ੍ਹਾਂ ਦੀ ਮਦਦ ਕਰਨੀ ਹੈ। ਪਰਵਾਰਾਂ ਤੇ ਖਾਸ ਕਰਕੇ ਔਰਤਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਤੇ ਦੁੱਖ ਤਕਲੀਫਾਂ ਨੂੰ ਤਹਿ ਦਿਲੋਂ ਮਹਿਸੂਸ ਕਰਵਾਉਣ ਲਈ ਹੀ ਸਮਾਨਤਾ ਨੇ ਅਜਿਹੀਆਂ ਘਟਨਾਵਾਂ ਨੂੰ ਚੁਣ ਕੇ ਡਰਾਮੇ ਦੇ ਰੂਪ ਵਿਚ ਪੇਸ਼ ਕੀਤਾ ਅਤੇ ਤੁਹਾਡਾ ਹੁੰਗਾਰਾ ਸਮਾਨਤਾ ਦੀ ਸਫਲਤਾ ਹੈ।"

ਸਮਾਨਤਾ ਵਲੋਂ ਅਖਬਾਰਾਂ:— ਦੀ ਲਿੰਕ, ਇੰਡੋ ਕਨੇਡੀਅਨ ਟਾਈਮਜ਼, ਅਤੇ ਕੈਨੇਡਾ ਦਰਪਣ ਦਾ ਧੰਨਵਾਦ ਕੀਤਾ ਜਾਂਦਾ ਹੈ ਜਿਹੜੇ ਸਮਾਨਤਾ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਂਦੇ ਹਨ। ਅਸੀਂ ਉਨਾਂ ਬਾਰੇ ਕਲਾਕਾਰਾਂ ਅਤੇ ਮੈਂਬਰਾਂ ਦਾ ਬਹੁਤ ਧੰਨਵਾਦ ਕਰਦੇ ਹਾਂ ਜਿਨ੍ਹਾਂ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਮਾਨਤਾ ਦੀ ਹਿਮਾਇਤ ਕੀਤੀ।

### ਇਕ ਬੇਨਤੀ

**"ਕੈਨੇਡਾ ਦਰਪਣ" ਦੇ ਅਗਲੇ ਅੰਕ ਤੋਂ 'ਰੰਗ ਮੰਚ ਦਰਪਣ' ਕਾਲਮ ਸ਼ੁਰੂ ਕਰਨ ਸਬੰਧੀ ਫੈਸਲਾ ਲਿਆ ਗਿਆ ਹੈ ਕੈਨੇਡਾ ਵਿਚ ਭਾਰਤੀ ਨਾਟ ਕੇਂਦਰ ਰੰਗ ਮੰਚ ਸਬੰਧੀ ਅਹਿਮ ਰੋਲ ਨਿਭਾ ਰਿਹਾ ਹੈ। ਇਸ ਲਈ ਇਸ ਦੇ ਕਲਾਕਾਰਾਂ ਨੂੰ ਰੰਗ ਮੰਚ ਬਾਰੇ ਲਿਖਣ ਲਈ ਅਸੀਂ ਸੱਦਾ ਦਿੰਦੇ ਹਾਂ।**

—ਸੰਪਾਦਕ

NATIONAL LIFE OF CANADA
SINCE 1899



DARSHAN GILL
Contact
Mr. Gill at 685-7231 or
321-6360 for professional advice

# ਸਿੱਖ ਲੰਬੀ ਲੜਾਈ ਲੜਨ ਲਈ ਤਿਆਰ ਰਹਿਣ — ਸੰਤ

## ਚੋਣਵੇਂ ਸਿੱਖਾਂ ਨੂੰ ਹਥਿਆਰਬੰਦ ਸਿਖਲਾਈ ਵੀ ?

ਆਨੰਦਪੁਰ ਸਾਹਿਬ— ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਿੱਖਾਂ ਨੂੰ ਆਨੰਦਪੁਰ ਮਤੇ ਨੂੰ ਲਾਗੂ ਕਰਵਾਉਣ ਲਈ ਲੰਬੀ ਲੜਾਈ ਲੜਨ ਲਈ ਤਿਆਰ ਰਹਿਣ ਦਾ ਸਦਾ ਦਿਤਾ ਹੈ।

ਸੰਤ ਲੌਂਗੋਵਾਲ ਨੇ ਇਹ ਸੱਦਾ ਆਨੰਦਪੁਰ ਵਿਚ ਦਲ ਵਲੋਂ ਅਕਾਲੀ ਮਰਜੀਵੜਿਆਂ ਲਈ ਲਾਏ ਗਏ ਸਿਖਲਾਈ ਕੈਂਪ ਦੀ ਸਮਾਪਤੀ ਦੇ ਮੌਕੇ ਉਤੇ ਭੇਜੇ ਗਏ ਸੁਨੇਹੇ ਵਿਚ ਦਿਤਾ ਹੈ ਜਿਹੜਾ ਕਿ ਦਲ ਦੇ ਸਕੱਤਰ ਸ: ਗੁਰਚਰਨ ਸਿੰਘ ਨੇ ਪੜ੍ਹ ਕੇ ਸੁਣਾਇਆ। ਕੈਂਪ ਖਤਮ ਹੋ ਗਿਆ। ਕੈਂਪ ਵਿਚ ਸ਼ਾਮਲ ਮਰਜੀਵੜਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਕੁਲ ਹਿੰਦ-ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਜਕਾਰੀ ਪ੍ਰਧਾਨ ਗੁਰਦਿਆਲ ਸਿੰਘ, ਯੂਥ ਅਕਾਲੀ ਦਲ ਦੇ ਕਨਵੀਨਰ ਪ੍ਰੋ: ਪਰਮ ਸਿੰਘ ਚੱਢਾ ਮਾਜਰਾ ਸ੍ਰੀਮਤੀ ਨਿਰਲੇਪ ਕੌਰ, ਰਿਟਾਇਰਡ ਜਨਰਲ ਜਸਵੰਤ ਸਿੰਘ ਭੁੱਲਰ, ਡਾ: ਸ੍ਰੀਮਤੀ ਰਾਜਿੰਦਰ ਕੌਰ ਤੇ ਸ: ਐਚ. ਐਸ. ਗਿੱਲ ਆਦਿ ਨੇ ਸੰਬੋਧਨ ਕੀਤਾ। ਇਹਨਾ ਨੇਤਾਵਾਂ ਨੇ ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਸ: ਬਲਵੰਤ ਸਿੰਘ ਦੀ ਕੋਠੀ ਤੇ ਬੰਬ ਸੁੱਟਣ ਦੀ ਤਿੱਖੀ ਨਿੰਦਾ ਕਰਦੇ ਹੋਏ ਕਿਹਾ ਕਿ ਇਸ ਘਟਨਾ ਪਿਛੇ ਸਰਕਾਰ ਦਾ ਹੱਥ ਹੈ, ਕਿਉਂਕਿ ਉਹ ਮੋਰਚੇ ਵਿਚ ਸਰਗਰਮ ਪ੍ਰਮੁਖ ਅਕਾਲੀ ਲੀਡਰਾਂ ਨੂੰ ਚੁਪ ਕਰਾਉਣਾ ਚਾਹੁੰਦੀ ਹੈ। ਸਾਬਕਾ ਡੀ. ਪੀ. ਆਈ. ਸ੍ਰੀ ਬਲਦੇਵ ਸਿੰਘ ਨੇ ਸੁਝਾਅ ਦਿਤਾ ਕਿ ਪੰਜਾਬ ਵਿਚ ਸਿੱਖਾਂ ਦੀ ਆਬਾਦੀ ਦੇ ਦੇ ਅਧਾਰ ਤੇ ਸਿੱਖਾਂ ਦੇ ਅਲੱਗ ਚੋਣ ਖੇਤਰ ਬਣਾਏ ਜਾਣ।

ਹਾਲਾਂ ਕਿ ਪੰਜਾਬ ਦੇ ਸਾਬਕ ਮੁਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਕੇਂਦਰੀ ਖੇਤਬਾੜੀ ਸ: ਸੁਰਜੀਤ ਸਿੰਘ ਬਰਨਾਲਾ ਨੇ ਇਸ ਗੱਲ ਦਾ ਖੰਡਨ ਕੀਤਾ ਸੀ ਕਿ ਸਿਖਲਾਈ ਕੈਂਪ ਵਿਚ ਸ਼ਾਮਲ ਮਰਜੀਵੜਿਆਂ ਨੂੰ ਹਥਿਆਰ ਚਲਾਉਣ ਦੀ ਟਰੇਨਿੰਗ ਦਿਤੀ ਜਾਵੇਗੀ। ਪਰ ਪਤਾ ਲੱਗਾ ਹੈ ਕਿ ਕੁਝ ਚੁਣੇ ਮਰਜੀਵੜਿਆਂ ਨੂੰ ਹਥਿਆਰ ਚਲਾਉਣ ਦੀ ਸਿਖਲਾਈ ਦਿਤੀ ਗਈ ਹੈ। ਟਰੇਨਿੰਗ ਕੈਂਪ ਲਾਗੇ ਰਹਿਣ ਵਾਲੇ ਕੁਝ ਲੋਕਾਂ ਨੇ ਦੱਸਿਆ ਕਿ ਯੂਥ ਅਕਾਲੀ ਦਲ ਦੇ ਕਰੀਬ ਚਾਰ ਦਰਜਨ ਵਾਲੰਟੀਅਰਾਂ ਨੇ ਅੱਧੀ ਦਰਜਨ ਦੇ ਲਗਪਗ ਫਾਇਰ ਕੀਤੇ। ਇਸੇ ਦਿਨ ਕੇਸਰੀ ਨਿਸ਼ਾਨ ਸਾਹਿਬ ਨੂੰ ਭੀ ਗੋਲੀਆਂ ਚਲਾ ਕੇ ਸਲਾਮੀ ਦਿਤੀ ਗਈ।

# ਹਿੰਦ ਤੇ ਚੀਨ ਵਲੋਂ ਆਪਸੀ ਸੰਬੰਧਾਂ ਵਿਚ ਸੁਧਾਰ ਦੀ ਲੋੜ ਤੇ ਜ਼ੋਰ — ਇੰਦ੍ਰਾ — ਯਾਓ ਵਾਰਤਾ

ਬਲਗਰਾਦ— ਚੀਨ ਦੇ ਉਪ ਪ੍ਰਧਾਨ ਮੰਤਰੀ ਯਾਓ ਲੀ ਬਿਨ ਨੇ ਏਥੇ ਹਿੰਦ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਯਕੀਨ ਦੁਆਇਆ ਚੀਨ ਹਿੰਦ ਨਾਲ ਸਬੰਧ ਸੁਧਾਰਨ ਵਲ "ਉਸਾਰੂ ਵਤੀਰਾ" ਅਖਤਿਆਰ ਕਰ ਰਿਹਾ ਹੈ।

ਸ੍ਰੀਮਤੀ ਗਾਂਧੀ ਨਾਲ ਅੱਧੇ ਘੰਟੇ ਦੀ ਮੁਲਾਕਾਤ ਵਿਚ ਚੀਨ ਦੇ ਉਪ ਪ੍ਰਧਾਨ ਮੰਤਰੀ ਨੇ ਕਿਹਾ ਕਿ "ਪਿਛਲੇ ਕੁਝ ਸਾਲਾਂ ਵਿਚ ਚੀਨ ਸੋਵੀਅਤ ਸਬੰਧਾਂ ਵਿਚ ਉਸਾਰੂ ਪ੍ਰਗਤੀ ਹੋਈ ਹੈ।" ਮਿ: ਯਾਓ ਨੇ ਕਿਹਾ "ਅਸੀਂ ਇਸ ਤੋਂ ਖੁਸ਼ ਹਾਂ ਅਤੇ ਅਸੀਂ ਉਸਾਰੂ ਵਤੀਰਾ ਰਖਦੇ ਹਾਂ।"

ਸ੍ਰੀਮਤੀ ਗਾਂਧੀ ਨੇ ਉਤਰ ਵਿਚ ਕਿਹਾ, 'ਮੈਨੂੰ ਵੀ ਸਬੰਧਾਂ ਵਿਚ ਸੁਧਾਰ ਦੀ ਯਕੀਨਨ ਬੜੀ ਆਸ ਹੈ।' ਹਿੰਦ ਦੀ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਹਿੰਦ ਚੀਨ ਨਾਲ ਸਬੰਧਾਂ ਵਿਚ ਸੁਧਾਰ ਨੂੰ ਬੜੀ ਮਹੱਤਤਾ ਦਿੰਦਾ ਹੈ।

ਸ੍ਰੀਮਤੀ ਗਾਂਧੀ ਤੇ ਮਿ: ਯਾਓ ਵਿਚਾਲੇ ਗਲਬਾਤ "ਸਫੈਦ ਮਹਲ" ਵਿਚ ਹੋਈ ਜਿਥੇ ਹਿੰਦ ਦੀ ਪ੍ਰਧਾਨ ਮੰਤਰੀ ਠਹਿਰੇ ਹੋਏ ਸਨ। ਇਹ ਦੋਵੇਂ ਆਗੂ ਬਲਗਰਾਦ ਵਿਚ ਅੰਕਟੀਡ ਵਿਚ ਹਿਸਾ ਲੈਣ ਲਈ ਆਏ ਹੋਏ ਸਨ।

ਮਿ: ਯਾਓ ਨੇ ਸ੍ਰੀਮਤੀ ਗਾਂਧੀ ਨੂੰ ਦੱਸਿਆ ਕਿ ਚੀਨ ਸਰਕਾਰ ਆਉਂਦੇ ਸਤੰਬਰ ਵਿਚ ਹੋ ਰਹੇ ਸੰਯੁਕਤ ਰਾਸ਼ਟਰ ਮਹਾ ਸਭਾ ਦੇ ਅਜਲਾਸ ਵਿਚ ਰਾਜਾਂ ਦੇ ਜਾਂ ਸਰਕਾਰਾਂ ਦੇ ਮੁਖੀਆਂ ਦੇ ਸ਼ਾਮਲ ਹੋਣ ਦੀ ਤਜਵੀਜ਼ ਬਾਰੇ ਛੇਤੀ ਹੀ ਫੈਸਲਾ ਲਏਗੀ।

ਸ੍ਰੀਮਤੀ ਗਾਂਧੀ ਨੇ ਦੱਸਿਆ ਕਿ ਇਸ ਸੁਝਾ ਨੂੰ ਰਸਮੀ ਕਾਨਫਰੰਸ ਦੇ ਰੂਪ ਵਿਚ ਨਹੀਂ ਲਿਆ ਜਾਣਾ ਚਾਹੀਦਾ ਹੈ। ਇਸ ਦਾ ਮੰਤਵ ਤਾਂ ਕੇਵਲ ਏਨਾ ਹੀ ਹੈ ਕਿ ਆਗੂਆਂ ਨੂੰ ਆਪਸੀ ਵਿਚਾਰ ਵਟਾਂਦਰੇ ਦਾ ਮੌਕਾ ਮਿਲ ਸਕੇਗਾ ਅਤੇ ਇਸ ਵਿਚੋਂ ਗੰਭੀਰ ਕੌਮਾਂਤਰੀ ਆਰਥਕ ਤੇ ਰਾਜਨੀਤਕ ਸਮਸਿਆਵਾਂ ਨਾਲ ਨਿਪਟਣ ਬਾਰੇ ਕੁਝ ਨਾ ਕੁਝ ਉਭਰ ਸਕੇਗਾ।

# ਠਹਿਰੋ ! ਫਾਂਸੀ ਰੋਕ ਦਿਓ !

ਨਵੀਂ ਦਿੱਲੀ—ਸੁਪਰੀਮ ਕੋਰਟ ਨੇ ਅਜਮੇਲ ਸਿੰਘ ਨੂੰ ਅੰਮ੍ਰਿਤਸਰ ਸੈਂਟਰਲ ਜੇਲ੍ਹ ਵਿਚ ਫਾਂਸੀ ਦਿੱਤੇ ਜਾਣ ਤੋਂ ਕੇਵਲ 18 ਘੰਟੇ ਪਹਿਲਾਂ ਫਾਂਸੀ ਰੋਕ ਦਿਤੀ। ਸਟੇਅ ਦਾ ਹੁਕਮ ਛੁਟੀਆਂ ਦੇ ਜੱਜ ਮਿ: ਜਸਟਿਸ ਏ. ਵਰਧਾਰਾਜਨ ਨੇ ਇਕ ਪੈਟੀਸ਼ਨ ਉਤੇ ਜਾਰੀ ਕੀਤਾ। ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਅਦਾਲਤ ਨੇ ਕਿਹਾ ਇਸ ਪੈਟੀਸ਼ਨ 'ਤੇ ਸੁਣਵਾਈ ਵੀ ਏਸੇ ਤਰ੍ਹਾਂ ਦੀਆਂ ਹੋਰ ਪੈਟੀਸ਼ਨਾਂ ਦੇ ਨਾਲ 19 ਜੁਲਾਈ ਨੂੰ ਹੋਵੇਗੀ।

ਇਹਨਾਂ ਸਾਰੀਆਂ ਪੈਟੀਸ਼ਨਾਂ ਵਿਚ ਰਸੀ ਰਾਹੀਂ ਫਾਂਸੀ ਲਾਉਣ ਦੇ ਢੰਗ ਨੂੰ ਗੈਰ-ਸੰਵਿਧਾਨਕ, ਬਰਬਰੀਅਤ ਭਰੀ, ਜਾਲਮਾਨਾ ਤੇ ਅਣਮਨੁਖੀ ਕਰਾਰ ਦਿਤਾ।

# ਮੁਰਾਰਜੀ ਬਾਰੇ ਵਿਸਥਾਰ ਨਾਲ ਜਾਨਣ ਲਈ ਅਮਰੀਕਾ ਨੂੰ

ਨਵੀਂ ਦਿੱਲੀ— ਜਨਤਾ ਪਾਰਟੀ ਦੇ ਆਗੂ ਡਾ: ਸੁਬਰਾਮਨੀਅਮ ਸਵਾਮੀ ਇਤਵਾਰ ਨੂੰ ਅਮਰੀਕਾ ਜਾ ਰਹੇ ਹਨ ਜਿਥੇ ਉਹ ਇਹਨਾਂ ਦੋਸ਼ਾਂ ਦੇ ਵਿਸਥਾਰ ਜਾਨਣਗੇ ਕਿ ਸਾਬਕਾ ਪ੍ਰਧਾਨ ਮੰਤਰੀ ਮੁਰਾਰਜੀ ਡੀਸਾਈ ਸੀ. ਆਈ. ਏ. ਦੇ ਏਜੰਟ ਵਜੋਂ ਕੰਮ ਕਰਦੇ ਰਹੇ ਹਨ।

ਸ੍ਰੀ ਡੀਸਾਈ 1967 ਤੋਂ 1969 ਤਕ ਇੰਦਰਾ ਗਾਂਧੀ ਮੰਤਰੀ ਮੰਡਲ ਵਿਚ ਮੰਤਰੀ ਸਨ। ਅਮਰੀਕੀ ਪੱਤਰਕਾਰ ਮਿ: ਹੈਰਸ਼ ਵਲੋਂ ਆਪਣੀ ਨਵੀਂ ਕਿਤਾਬ "ਸਤਾ ਦਾ ਮੁੱਲ" ਵਿਚ ਖੋਹਲੇ ਗਏ ਇਸ ਸੁਨਸਨੀ ਖੇਜ਼ ਭੇਦ ਨੂੰ ਸ੍ਰੀ ਮੁਰਾਰਜੀ ਡੀਸਾਈ "ਪਾਗਲਾਨਾ ਕਹਾਣੀ" ਆਖ ਕੇ ਰੱਦ ਕਰ ਚੁਕੇ ਹਨ।

ਇਹ ਵੀ ਖਬਰ ਹੈ ਕਿ ਅਮਰੀਕਾ ਵਿਚ ਵਸਦੇ ਕੁਝ ਹਿੰਦੁਸਤਾਨੀ ਪੱਤਰਕਾਰੰ ਵਿਰੁਧ ਹੱਤਕ ਇੱਜ਼ਤ ਦਾ ਦਾਅਵਾ ਕਰ ਰਹੇ ਹਨ।

# ਰਜਨੀਸ਼ ਦੇ ਚੇਲੇ ਨਗਨਤਾ ਦਾ ਖੁਲ੍ਹਾ ਨਾਚ ਨੱਚਣਗੇ

ਅੰਟੇਲੋਪ(ਓਰੇਗੋਨ)—ਇਥੇ ਅਚਾਰਿਆ ਰਜਨੀਸ਼ ਦੇ ਪ੍ਰਬੰਧ ਹੇਠਲੇ ਸ਼ਹਿਰ ਅੰਟੇਲੋਪ ਦੀ ਕੌਂਸਲ ਨੇ ਸਰਬ ਸੰਮਤੀ ਨਾਲ ਇਕ ਮਤਾ ਪਾਸ ਕਰਕੇ ਸ਼ਹਿਰ ਦੇ ਨਵੇਂ ਬਣੇ ਪਾਰਕ ਵਿਚ ਨਗਨਤਾ ਦੀ ਖੁਲ੍ਹ ਦੇ ਦਿਤੀ ਹੈ।

ਕੌਂਸਲ ਮੈਂਬਰ ਮਾਂ ਦੇਵਾ ਪਰਤਿਮਾ ਵਲੋਂ ਇਹ ਮਤਾ ਜਿਸ ਦਾ ਨਾਂਅ ਆਰਾਮ ਲਈ ਸ਼ਹਿਰੀ ਜਾਇਦਾਦ ਦੀ ਵਰਤੋਂ ਅਤੇ ਬਿਨਾਂ ਕਪੜੇ ਪਹਿਨੇ ਅਨੰਦ ਸੀ, ਮਾਂ ਦੇਵਾ ਪ੍ਰਤਿਮਾ ਵਲੋਂ ਪੇਸ਼ ਕੀਤਾ ਗਿਆ। ਇਹ ਮਤਾ ਪਾਸ ਕਰ ਦਿਤਾ ਗਿਆ ਪਰ ਪਾਰਕ ਦੀ ਉਸ ਸਮੇਂ ਤੱਕ ਵਰਤੋਂ ਨਾ ਕਰਨ ਦੀ ਹਿਦਾਇਤ ਕੀਤੀ ਗਈ ਹੈ ਜਦੋਂ ਤੱਕ ਕਿ ਇਸ ਵਿਚ ਇਸ ਕੰਮ ਲਈ ਸਾਰੀਆਂ ਸਹੂਲਤਾਂ ਮੁਹੱਈਆ ਨਹੀਂ ਕਰ ਦਿਤੀਆਂ ਜਾਂਦੀਆਂ। ਇਹਨਾਂ ਸਹੂਲਤਾਂ ਤੇ ਵਿਚਾਰ ਕਰਨ ਲਈ ਇਕ ਕਮੇਟੀ ਕਾਇਮ ਕਰ ਦਿਤੀ ਗਈ ਹੈ

ਅੰਟੇਲੋਪ ਦੀ ਪ੍ਰਧਾਨ ਜੀਨ ਓਪਰੇ ਜਿਸ ਦਾ ਘਰ ਕਿ ਸੁਝਾਏ ਗਏ ਪਾਰਕ ਦੇ ਨਜ਼ਦੀਕ ਹੈ ਉਸਦਾ ਰਜਨੀਸ਼ ਧਰਮ ਨਾਲ ਕੋਈ ਲੈਣ ਦੇਣ ਨਹੀਂ ਹੈ ਪਰ ਉਹ ਚਾਹੁੰਦੀ ਹੈ ਕਿ ਇਸ ਪਾਰਕ ਨੂੰ ਕਿਤੇ ਹੋਰ ਸਥਾਨ ਤੇ ਬਦਲ ਦਿਤਾ ਜਾਵੇ। ਇਸ ਮਤੇ ਬਾਰੇ ਅਚਾਰੀਆ ਰਜਨੀਸ਼ ਦੇ ਚੇਲੇ ਸਵਾਮੀ ਅਨੰਦ ਦੀਬੇਨ ਨੇ ਬੋਲਦੇ ਹੋਏ ਕਿਹਾ ਕਿ 'ਅੰਟੇਲੋਪ ਦੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ਮਨੁਖੀ ਸਰੀਰ ਸੁੰਦਰ ਹੈ' ਅਤੇ ਉਹ ਜਿਸ ਤਰ੍ਹਾਂ ਆਏ ਹਨ। ਉਸ ਤਰ੍ਹਾਂ ਦੀ ਕੁਦਰਤ ਨਾਲ ਇਸ ਜ਼ਮੀਨ ਤੇ ਰਹਿਣਾ ਚਾਹੁੰਦੇ ਹਨ ਉਹਨਾਂ ਇਸ ਪਾਰਕ ਨੂੰ ਤੁਲਨਾ ਉਸ ਕੋਪਨ ਹੇਗਨ ਦੇ ਬਾਦਸ਼ਾਹ ਦੇ ਬਾਗ ਨਾਲ ਕੀਤੀ ਜਿਥੇ ਕਿ ਨਗਨਤਾ ਨੂੰ ਪੂਰੀ ਖੁਲ੍ਹ ਹੈ। ਇਸ ਮਤੇ ਦਾ ਵਿਰੋਧ ਕੋਈ ਵੀ ਨਾ ਕਰ ਸਕਿਆ ਕਿਉਂਕਿ ਕੌਂਸਲ ਵਿਚ ਸਿਰਫ ਇਕੋ ਮੈਂਬਰ ਅਜਿਹਾ ਹੈ ਜੋ ਰਜਨੀਸ਼ ਦਾ ਚੇਲਾ ਨਹੀਂ ਹੈ।

# ਹਥਿਆਰਾਂ ਬਾਰੇ ਅਮਰੀਕੀ ਸੋਵੀਅਤ ਵਾਰਤਾ ਮੁੜ ਸ਼ੁਰੂ

ਜੈਨੇਵਾ— ਯੁਧਨੀਤਕ ਹਥਿਆਰਾਂ ਨੂੰ ਸੀਮਤ ਕਰਨ ਬਾਰੇ ਅਮਰੀਕੀ ਅਤੇ ਸੋਵੀਅਤ ਅਧਿਕਾਰੀਆਂ ਵਿਚਕਾਰ ਗਲਬਾਤ ਮੁੜ ਸ਼ੁਰੂ ਹੋ ਗਈ ਹੈ।

ਦੋਹਾਂ ਧਿਰਾਂ ਵਲੋਂ ਇਸ ਗੱਲ ਦਾ ਸੰਕੇਤ ਮਿਲਿਆ ਹੈ ਕਿ ਇਸ ਗਲਬਾਤ ਵਿਚ ਇਸ ਗੱਲ ਉਤੇ ਵਿਚਾਰ ਹੋਈ ਕਿ ਕੀ ਮਿਜ਼ਾਈਲਾਂ ਬਾਰੇ ਅਮਰੀਕੀ ਪ੍ਰਧਾਨ ਰੋਨਾਲਡ ਰੀਗਨ ਦੀਆਂ ਨਵੀਆਂ ਤਜਵੀਜ਼ਾਂ ਨਾਲ ਗਲਬਾਤ ਦੀ ਸਫਲਤਾ ਦੇ ਮੌਕਿਆਂ ਵਿਚ ਵਾਧਾ ਹੋ ਸਕਦਾ ਹੈ।

ਹਥਿਆਰਾਂ ਉਤੇ ਕੰਟਰੋਲ ਬਾਰੇ ਅਮਰੀਕੀ ਦਫਤਰ ਵਿਚ ਕਲ੍ਹ 2 ਘੰਟੇ 40 ਮਿੰਟ ਦੀ ਇਸ ਖੁਫੀਆ ਮੀਟਿੰਗ ਵਿਚ ਵਿਚਾਰ ਬਾਰੇ ਦੋਹਾਂ ਦੇਸ਼ਾਂ ਦੇ ਵਫਦਾਂ ਨੇ ਕੋਈ ਟਿੱਪਣੀ ਨਹੀਂ ਕੀਤੀ। ਦੋਹਾਂ ਦੇਸ਼ਾਂ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਗਲਬਾਤ ਦਾ ਅਗਲਾ ਸੈਸ਼ਨ ਸੋਵੀਅਤ ਮਿਸ਼ਨ ਦੇ ਦਫਤਰ ਵਿਚ ਹੋਵੇਗਾ।

ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਗਲਬਾਤ ਲਈ ਸੋਵੀਅਤ ਐਕਟਿੰਗ ਮੁਖੀ ਅਲੈਕਸੇਈ ਏ. ਉਬੂਖੋਵ ਨੇ ਲੰਮੀ ਦੂਰੀ ਉਤੇ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਉਤੇ ਪਾਬੰਦੀ ਬਾਰੇ ਰੀਗਨ ਦੀ ਤਜਵੀਜ਼ ਉਤੇ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਮੈਂ ਹਾਲਾਂ ਇਸ ਤਜਵੀਜ਼ ਬਾਰੇ ਨਹੀਂ ਪੜ੍ਹਿਆ।

ਮਾਸਕੋ ਵਿਚ ਸੋਵੀਅਤ ਖਬਰ ਏਜੰਸੀ ਤਾਸ ਨੇ ਕਿਹਾ ਹੈ ਕਿ ਰੀਗਨ ਦੀ ਤਜਵੀਜ਼ ਦਾ ਮੰਤਵ ਇਹ ਹੈ ਕਿ ਅਮਰੀਕਾ ਵਧੇਰੇ ਮਿਜ਼ਾਇਲਾਂ ਤਾਇਨਾਤ ਕਰਨ ਦਾ ਹਕ ਪ੍ਰਾਪਤ ਕਰੇ ਲਗੇ ਅਤੇ ਇਸ ਪੇਸ਼ਕਸ਼ ਦਾ ਇਹ ਵੀ ਮਣਸ਼ਾ ਹੈ ਕਿ ਸੋਵੀਅਤ ਸੁਰਖਿਆ ਪ੍ਰਬੰਧਾਂ ਨੂੰ ਸੀਮਤ ਕੀਤਾ ਜਾਵੇ। ਜਦ ਕਿ ਅਮਰੀਕਾ ਆਪ ਹੋਰ ਨਵੀਆਂ ਮਿਜ਼ਾਇਲਾਂ ਤਾਇਨਾਤ ਕਰਨ ਦੀ ਮਨਜ਼ੂਰੀ ਚਾਹੁੰਦਾ ਹੈ।

# ਝੋਨੇ ਦੀ ਨਵੀਂ ਕਿਸਮ

ਪੰਤਨਗਰ— ਜੀ. ਬੀ. ਪੰਤ ਯੂਨੀਵਰਸਿਟੀ ਨੇ ਝੋਨੇ ਦੀ ਇਕ ਅਜੇਹੀ ਕਿਸਮ ਤਿਆਰ ਕੀਤੀ ਹੈ ਜਿਸ ਦਾ ਨਾਂਅ ਉਹਨਾਂ ਪੰਤ ਧਾਨ-4 ਰਖਿਆ ਹੈ। ਇਹ ਕਿਸਮ ਝੋਨੇ ਦੀ ਹਾਈ ਯੀਲਡ (ਵਧ ਪੈਦਾਵਾਰ) ਪ੍ਰਾਪਤ ਕਰਨ ਵਾਲੀ ਹੈ।

# 12 ਕੁਇੰਟਲ ਫੀਮ ਫੜੀ

ਭਿਖੀਵਿੰਡ—ਪਾਕਿਸਤਾਨ ਕਸਟਮ ਅਧਿਕਾਰੀਆਂ ਨੇ ਕਰਾਚੀ ਤੇ ਕੋਇਟਾ ਵਿਖੇ ਅਲਗ ਅਲਗ ਨਾਕਾਬੰਦੀਆਂ ਦੌਰਾਨ 12 ਕੁਇੰਟਲ ਅਫੀਮ ਤੇ 25 ਕਿਲੋ ਹੀਰੋਇਨ ਪਕੜੀ ਹੈ ਇਸ ਸਬੰਧੀ 8 ਸਮਗਲਰਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

# ਖੇਤੀ ਕਮਿਸ਼ਨ ਵਲੋਂ ਝੋਨੇ ਦਾ ਭਾਅ 132 ਰੁ: ਕਰਨ ਦੀ ਸਿਫਾਰਸ਼

**ਚੰਡੀਗੜ੍ਹ—ਸਮਝਿਆ ਜਾਂਦਾ ਹੈ ਕਿ ਖੇਤੀਬਾੜੀ ਕੀਮਤ ਕਮਿਸ਼ਨ ਨੇ ਸਾਲ 1983-84 ਦੌਰਾਨ ਸੌਣੀ ਦੀ ਫਸਲ ਲਈ ਝੋਨੇ ਦੀਆਂ ਆਮ ਕਿਸਮਾਂ ਦਾ ਭਾਅ 132 ਰੁਪਏ ਪ੍ਰਤੀ ਕੁਇੰਟਲ ਮਿਥਣ ਦੀ ਸਿਫਾਰਸ਼ ਕੀਤੀ ਹੈ।**

ਸਰਕਾਰ ਨੂੰ ਭੇਜੀ ਆਪਣੀ ਰਿਪੋਰਟ ਵਿਚ ਕਮਿਸ਼ਨ ਨੇ ਬਾਜਰਾ, ਜੁਆਰ ਅਤੇ ਮੱਕੀ ਦੀ ਕੀਮਤ 124 ਰੁਪਏ ਪ੍ਰਤੀ ਕੁਇੰਟਲ ਨੀਅਤ ਕਰਨ ਦੀ ਸਿਫਾਰਸ਼ ਕੀਤੀ ਹੈ। ਆਉਣ ਵਾਲੇ ਸੀਜ਼ਨ ਵਿਚ ਝੋਨੇ ਦੀ ਸਿਫਾਰਸ਼ ਕੀਤੀ ਗਈ। 132 ਰੁਪਏ ਭਾਅ ਪਿਛਲੇ ਸਾਲ ਦੇ 122 ਰੁਪਏ ਦੇ ਭਾਅ ਨਾਲੋਂ 10 ਰੁਪਏ ਵੱਧ ਹੈ। ਦਸਿਆ ਗਿਆ ਹੈ ਕਿ ਕਮਿਸ਼ਨ ਨੇ ਇਹ ਭਾਅ ਮੰਗ ਅਤੇ ਸਪਲਾਈ ਨੂੰ ਧਿਆਨ ਵਿਚ ਰਖਦੇ ਹੋਏ ਚੌਲਾਂ ਦੀ ਪੈਦਾਵਾਰ ਨੂੰ ਉਤਸਾਹਿਤ ਕਰਨ ਅਤੇ ਵਧੀਆ ਲਾਗਤ ਨੂੰ ਮੁਖ ਰਖਦੇ ਹੋਏ ਸੁਝਾਇਆ ਹੈ।

ਚੌਲਾਂ ਦੀ ਕੁਆਲਿਟੀ ਵਿਚ ਸੁਧਾਰ ਲਿਆਉਣ ਲਈ ਕਮਿਸ਼ਨ ਨੇ ਵਧੀਆ ਕੁਆਲਿਟੀ ਦੇ ਝੋਨੇ ਅਤੇ ਆਮ ਝੋਨੇ ਦੇ ਖਰੀਦ ਮੁਖ ਵਿਚ ਸੱਤ ਰੁਪਏ ਦਾ ਫਰਕ ਰਖਿਆ ਹੈ। ਪਿਛਲੇ ਸਾਲ ਸੁਪਰਫਾਈਨ ਝੋਨੇ ਦਾ ਭਾਅ ਆਮ ਝੋਨੇ ਨਾਲੋਂ ਚਾਰ ਰੁਪਏ ਵੱਧ ਸੀ। ਪੰਜਾਬ ਅਤੇ ਹਰਿਆਣਾ ਵਧੀਆ ਝੋਨਾ ਜਿਸ ਤਰ੍ਹਾਂ ਕਿ ਪੀ. ਆਰ. - 106 ਪੈਦਾ ਕਰਨ ਦਾ ਮੁਖ ਸੂਬੇ ਹਨ। ਇਸ ਕਿਸਮ ਲਈ ਕਮਿਸ਼ਨ ਨੇ 146 ਰੁਪਏ ਕੀਮਤ ਦੀ ਸਿਫਾਰਸ਼ ਕੀਤੀ ਹੈ ਜਦੋਂ ਕਿ ਪਿਛਲੇ ਸਾਲ ਝੋਨੇ ਦੀ ਇਸ ਕਿਸਮ ਦਾ ਭਾਅ 130 ਰੁਪਏ ਸੀ।

ਪੰਜਾਬ ਨੇ ਕੇਂਦਰ ਤੋਂ ਮੰਗ ਕੀਤੀ ਹੈ ਕਿ ਆਮ ਝੋਨੇ ਦਾ ਖਰੀਦ ਮੁਲ 139 ਰੁਪਏ ਪ੍ਰਤੀ ਕੁਇੰਟਲ ਰੱਖਿਆ ਜਾਵੇ ਜਦੋਂ ਕਿ ਹਰਿਆਣੇ ਵਲੋਂ ਹੋਰ ਵੀ ਉਚੀਆਂ ਕੀਮਤਾਂ ਇਸ ਅਧਾਰ ਤੇ ਮੰਗੀਆਂ ਗਈਆਂ ਹਨ ਕਿ ਹਰਿਆਣੇ ਵਿਚ ਪੈਦਾਵਾਰ ਲਾਗਤ ਵਧ ਹੈ। ਕਮਿਸ਼ਨ ਵਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਮਤਭੇਦ ਰਖਦੇ ਹੋਏ ਕਮਿਸ਼ਨ ਵਿਚ ਕ੍ਰਿਸ਼ਕਾਂ ਦੀ ਪ੍ਰਤੀਨਿਧਤਾ ਕਰਦੇ ਸ੍ਰੀ ਰਣਧੀਰ ਸਿੰਘ ਨੇ ਮੰਗ ਕੀਤੀ ਹੈ ਕਿ ਝੋਨੇ ਦਾ ਭਾਅ ਪ੍ਰਤੀ ਕੁਇੰਟਲ 152 ਰੁਪਏ ਰੱਖਿਆ ਜਾਵੇ ਤੇ ਉਨ੍ਹਾਂ ਕਿਹਾ ਕਿ ਇਹ ਦੱਖਣੀ, ਉਤਰੀ ਅਤੇ ਪੂਰਬੀ ਰਾਜਾਂ ਜਿਥੇ ਕਿ ਪੈਦਾਵਾਰ ਲਾਗਤਾਂ ਵੱਧ ਹਨ ਵਿਚ ਇਹ ਭਾਅ 157 ਰੁਪਏ ਰਖਿਆ ਜਾਵੇ। ਉਸਨੇ ਬਾਜਰਾ, ਮੱਕੀ ਅਤੇ ਜੁਆਰ ਦੀਆਂ ਕੀਮਤਾਂ 144 ਰੁਪਏ ਪ੍ਰਤੀ ਕੁਇੰਟਲ ਨੀਅਤ ਕਰਨ ਦੀ ਸਿਫਾਰਸ਼ ਕੀਤੀ ਹੈ।

ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ ਕਿ ਖਾਦਾਂ ਦੀਆਂ ਵਧੀਆਂ ਕੀਮਤਾਂ ਕਾਰਨ ਛੋਟੇ ਅਤੇ ਦਰਮਿਆਨੇ ਕਿਸਾਨਾਂ ਵਲੋਂ ਖਾਦਾਂ ਦੀ ਵਰਤੋਂ ਤੇ ਪਏ ਮਾੜੇ ਅਸਰ ਨੂੰ ਦੂਰ ਕਰਨ ਲਈ ਛੇਵੀਂ ਯੋਜਨਾ ਦੇ ਬਾਕੀ ਰਹਿੰਦੇ ਸਮੇਂ ਵਿਚ ਖਾਦਾਂ ਤੇ 25 ਫੀ ਸਦੀ ਦੀ ਸਬਸਿਡੀ ਦਿਤੀ ਜਾਵੇ। ਇਸ ਤੋਂ ਇਲਾਵਾ ਖਾਦਾਂ ਉਪਰ ਸੂਬਾ ਸਰਕਾਰ ਵਲੋਂ ਲਗਾਇਆ ਜਾਂਦਾ ਸੇਲ ਟੈਕਸ ਖਤਮ ਕੀਤਾ ਜਾਵੇ।

# ਜਿੰਦਾਬਾਦ ! ਪ੍ਰਵਾਰ ਨਿਯੋਜਨ ਜਿੰਦਾਬਾਦ !।

ਬਲੰਦ ਸ਼ਹਿਰ ਜ਼ਿਲੇ ਦੇ ਪਿੰਡ ਅਹਿਮਦਪੁਰ ਦੀ ਇੱਕ ਇਸਤਰੀ ਨੇ ਇਕੱਠ ਸੱਤ ਬੱਚਿਆਂ ਨੂੰ ਜਨਮ ਦਿਤਾ। ਜਿਨਾਂ ਵਿਚੋਂ 6 ਥੋੜੀ ਦੇਰ ਬਾਅਦ ਹੀ ਮਰ ਗਏ। ਸੱਤਵਾਂ ਠੀਕ ਠਾਕ ਹੈ। (ਨਵਾਂ ਜ਼ਮਾਨਾ)

# ਵਿਸ਼ਵ ਦਾ ਸੋਨਾ ਉਤਪਾਦਨ

ਵਿਸ਼ਵ ਦੇ ਸੋਨਾ ਉਤਪਾਦਨ 1982 ਵਿਚ 44 ਟਨ ਦਾ ਵਾਧਾ ਹੋਇਆ ਅਤੇ ਇਸ ਤਰ੍ਹਾਂ ਸੋਨੇ ਦਾ ਉਤਪਾਦਨ 1010 ਟਨ ਹੋਇਆ। ਜੋ ਪਿਛਲੇ ਅੱਠ ਸਾਲਾਂ ਦੌਰਾਨ ਸਭ ਤੋਂ ਵੱਧ ਹੈ।

ਸੋਵੀਅਤ ਯੂਨੀਅਨ ਨੇ ਸੋਨੇ ਦਾ ਉਤਪਾਦਨ ਜੋ 1981 ਵਿਚ 345 ਟਨ ਸੀ ਇਸ ਦਿਹਾਕੇ ਦੇ ਆਖੀਰ ਤੱਕ 459 ਟਨ ਤੱਕ ਪੁਜਣ ਦੀ ਆਸ ਹੈ।

# ਨਹੀਂ ਰੀਸਾਂ ਡਾਕ ਵਿਭਾਗ ਦੀਆਂ

ਹੁਬਲੀ—ਇਕ ਪੋਸਟ ਕਾਰਡ ਨੂੰ 45 ਕਿਲੋਮੀਟਰ ਦੂਰ ਪੁਜਣ ਲਈ 27 ਸਾਲ ਤੋਂ ਵੱਧ ਸਮਾਂ ਲਗਿਆ। ਹੁਨਗੁੰਦ (ਧਾਰਵੜ) ਤੋਂ 25 ਮਾਰਚ 55 ਨੂੰ ਪੋਸਟ ਕੀਤਾ ਕਾਰਡ ਮਦਾਓ ਦੇ ਸਬ ਰਜਿਸਟਰਾਰ ਦੇ ਦਫਤਰ 31 ਮਈ 1983 ਨੂੰ ਪੁੱਜਾ।

# ਪਾਕ ਵਿਚ ਜਸੂਸੀ ਕੇਂਦਰ

—ਪਾਕਿਸਤਾਨ ਭਾਰਤ 'ਚ ਖਾਸਕਰ ਪੰਜਾਬ ਵਿਚ ਤੋੜ ਭੰਨ ਅਤੇ ਮਾਰਧਾੜ ਦੀਆਂ ਵਾਰਦਾਤਾਂ ਕਰਾਉਣ ਲਈ ਐਬਟਾਬਾਦ ਵਿਖੇ ਇਕ ਸਿਖਲਾਈ ਕੇਂਦਰ ਚਲਾ ਰਿਹਾ ਹੈ। ਇਸ ਜਸੂਸੀ ਕੇਂਦਰ ਦਾ ਮੁਖੀ ਜਨਰਲ ਨਿਆਜ਼ੀ ਹੈ ਜਿਸਨੇ ਕਿ 1971 ਦੀ ਬੰਗਲਾ ਦੇਸ਼ ਦੀ ਲੜਾਈ ਵਿਚ ਭਾਰਤੀ ਫੌਜ ਸਮੁਖ ਆਤਮ ਸਮਰਪਨ ਕੀਤਾ ਸੀ।

# ਨਵ-ਵਿਆਹੀਆਂ ਦੇ ਪੱਲੇ ਮੌਤ ਕਿਓਂ ?

—ਤਰਵਿੰਦਰ ਕੌਰ ਬਿੰਦੀ—

28 ਮਈ ਤੋਂ 4 ਜੂਨ ਤਕ ਕੇਵਲ ਅਠ ਦਿਨਾਂ ਵਿਚ ਸਿਰਫ ਦਿੱਲੀ ਵਿਚ ਹੀ 18 ਤੋਂ 29 ਸਾਲ ਦੀ ਉਮਰ ਦੀਆਂ 16 ਜਵਾਨ ਔਰਤਾਂ ਦੀ ਹਤਿਆ ਕੀਤੀ ਗਈ. ਰਾਜਧਾਨੀ ਵਿਚ 1982 ਦੌਰਾਨ ਦਾਜ ਕਾਰਨ ਹੋਈਆਂ 332 ਮੌਤਾਂ ਦੀ ਰਿਪੋਰਟਾਂ ਦਰਜ ਹੈ ਜਦ ਕਿ 1981 ਵਿਚ ਇਹਨਾਂ ਦੀ ਗਿਣਤੀ 305 ਸੀ. ਅਨੁਮਾਨ ਹੈ ਕਿ ਤਕਰੀਬਨ ਇੰਨੀਆਂ ਹੀ ਮੌਤਾਂ ਦੀ ਰਿਪੋਰਟ ਦਰਜ ਨਹੀਂ ਹੋਈ.

ਕੁਝ ਸਾਲ ਪਹਿਲਾਂ ਜਦੋਂ ਬਿਲੇ ਅਤੇ ਰੰਗੇ ਨੇ ਦੋ ਮਾਸੂਮ ਬਚਿਆਂ ਨੂੰ ਮਾਰਿਆ ਸੀ ਤਾਂ ਇਸ ਖਬਰ ਨੇ ਸਭ ਨੂੰ ਇੰਨਾ ਹਿਲਾ ਦਿਤਾ ਸੀ ਕਿ ਹਰ ਇਕ ਨੇ ਹਤਿਆਰਿਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਸੀ. ਉਸ ਘਟਨਾ ਤੋਂ ਬਾਅਦ ਹੁਣ ਤਕ ਸਾਡੇ ਅਹਿੰਸਾਮਈ ਕਹਾਉਣ ਵਾਲੇ ਸਮਾਜ ਦੇ ਮੈਂਬਰ ਹਜ਼ਾਰਾਂ ਲੋਕਾਂ ਨੇ ਆਪਣੀਆਂ ਨੂਹਾਂ ਜਾਂ ਪਤਨੀਆਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਉਹ ਭੋਲੀ ਭਾਲੀ ਸੂਰਤਵਾਲੇ ਜਲਾਦ ਨਾਸਿਰਫ ਦੰਡ ਤੋਂ ਹੀ ਸਾਫ ਬਚ ਗਏ, ਸਗੋਂ ਇਸ ਸਮਾਜ ਦੇ ਇਜ਼ਤਦਾਰ ਮੈਂਬਰ ਵੀ ਬਣੇ ਫਿਰਦੇ ਹਨ.

ਇਹਨਾਂ ਮੌਤਾਂ ਨੂੰ ਦਾਜ ਦਾ ਨਾਂ ਦੇ ਦਿਤਾ ਗਿਆ ਹੈ ਜਿਵੇਂ ਕਿ ਇਹ ਆਮ ਹਤਿਆਵਾਂ ਤੋਂ ਵਖਰੀਆਂ ਹੋਣ. ਅਸਲ ਵਿਚ ਇਹ ਦਾਜ ਮੌਤ ਵੀ ਆਮ ਹਤਿਆ ਵਾਂਗ ਭਿਆਨਕ ਦਿਲ-ਕੰਬਾਊ ਅਤੇ ਪਹਿਲਾਂ ਤੋਂ ਸੋਚੀ ਸਮਝੀ ਸਕੀਮ ਅਨੁਸਾਰ ਹੀ ਹੁੰਦੀ ਹੈ.

ਉਦਾਹਰਣ ਵਜੋਂ 21 ਸਾਲਾ ਸੁਧਾ ਜਿਸ ਦੀ ਹਤਿਆ 1980 ਵਿਚ ਕੀਤੀ ਗਈ ਸੀ, ਸਾਢੇ ਅਠ ਮਹੀਨੇ ਤੋਂ ਗਰਭਵਤੀ ਸੀ. ਕਿਉਂਕਿ ਜੇ ਬੱਚਾ ਪੈਦਾ ਹੋ ਜਾਂਦਾ ਤਾਂ ਪਤੀ ਦੀ ਦੂਸਰੀ ਸ਼ਾਦੀ ਵਿਚ ਮੁਸ਼ਕਲ ਆ ਸਕਦੀ ਸੀ ਇਸ ਲਈ ਪਤੀ, ਸੱਸ ਤੇ ਦਿਉਰ ਨੇ ਉਸਨੂੰ ਗਰਭਵਤੀ ਅਵਸਥਾ ਵਿਚ ਹੀ ਜਲਾ ਦਿਤਾ.



# "ਛੱਟਾ ਚਾਨਣਾ ਦਾ ਦੇਈ ਜਾਣਾ"

.....

# ਐਡਮਿੰਟਨ ਵਿਚ ਗੁਰਸ਼ਰਨ ਸਿੰਘ ਦੇ ਨਾਟਕਾਂ ਦਾ ਤਾੜੀਆਂ ਨਾਲ ਸਵਾਗਤ

ਐਡਮਿੰਟਨ— 26 ਜੂਨ, 1983 ਨੂੰ ਜੁਬਲੀ ਆਡੋਟੋਰੀਅਮ ਵਿਚ ਇਕ ਹਜ਼ਾਰ ਤੋਂ ਵੱਧ ਦਰਸ਼ਕਾਂ ਨੇ ਅੰਮ੍ਰਿਤਸਰ ਨਾਟ ਕਲਾ ਕੇਂਦਰ ਵਲੋਂ ਪੇਸ਼ ਕੀਤੇ ਚਾਰ ਨਾਟਕਾਂ ਦਾ ਲਗਾਤਾਰ ਤਾੜੀਆਂ ਨਾਲ ਪੁਰਜ਼ੋਰ ਸਵਾਗਤ ਕੀਤਾ ।

ਕੈਲਗਰੀ ਵਿਚ 24 ਜੂਨ 1983 ਨੂੰ ਨਾਟਕ ਖੇਡਣ ਤੋਂ ਪਿਛੋਂ ਅੰਮ੍ਰਿਤਸਰ ਨਾਟ ਕਲਾ ਕੇਂਦਰ ਦੇ ਕਲਾਕਾਰਾਂ ਨੇ ਐਡਮਿੰਟਨ ਦੇ ਦਰਸ਼ਕਾਂ ਦਾ ਮਨ ਮੋਹ ਲਿਆ। ਕਲਾ ਕੇਂਦਰ ਵਲੋਂ 'ਚਾਂਦਨੀ ਚੌਕ ਤੋਂ ਸਰਹੰਦ ਤੱਕ' 'ਟੋਆ' 'ਮਿਟੀ ਦਾ ਮੁੱਲ' ਤੇ 'ਇਕ ਮਾਂ-ਦੋ ਮੁਲਕ' ਨਾਟਕ ਖੇਡੇ ਗਏ।

'ਚਾਂਦਨੀ ਚੌਕ ਤੋਂ ਸਰਹੰਦ ਤੱਕ' ਨਾਟਕ ਜਿਥੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦ ਤਾਜ਼ਾ ਕਰਵਾਉਂਦਾ ਹੈ ਉਥੇ ਜ਼ੁਲਮ ਖਿਲਾਫ ਲੜਨ ਲਈ ਵੀ ਪਰੇਰਨਾ ਸਰੋਤ ਬਣਦਾ ਹੈ। ਐਮਰਜੈਂਸੀ ਦੇ ਪ੍ਰਸੰਗ ਵਿਚ ਭਾਰਤ ਦੀ ਦਸ਼ਾ ਨੂੰ ਵਰਨਣ ਕਰਨ ਵਿਚ ਤੇਜ਼ ਚੋਭਾਂ ਸਮੇਤ ਇਹ ਨਾਟਕ ਬਹੁਤ ਸਫਲ ਸੀ ।

'ਟੋਆ' ਨਾਟਕ ਭਾਰਤ ਦੀ ਅਜੋਕੀ ਹਾਲਤ ਤੇ ਬਹੁਤ ਤਿੱਖਾ ਵਿਅੰਗ ਹੈ । ਸਮਾਜਕ, ਆਰਥਿਕ, ਰਾਜਨੀਤਕ ਸਥਿਤੀਆਂ ਨੂੰ ਵਿਅੰਗਾਤਮਕ ਸ਼ੈਲੀ ਵਿਚ ਰੂਪਮਾਨ ਕਰਦਾ ਕ੍ਰਿਸ਼ਨ ਚੰਦਰ ਦਾ ਲਿਖਿਆ ਨਾਟਕ, ਅੰਨ੍ਹੀ ਤੇ ਬੋਲੀ ਸਰਕਾਰ ਲਈ ਇਕ ਚਿਣੌਤੀ ਬਣ ਕੇ ਉਘੜਦਾ ਹੈ । ਏਸੇ ਤਰ੍ਹਾਂ 'ਮਿਟੀ ਦਾ ਮੁੱਲ' ਨਾਟਕ ਅਜਿਹੀਆਂ ਪ੍ਰਸਥਿਤੀਆਂ ਤੇ ਕੁਰਪਸ਼ਨ ਦਾ ਪਾਜ ਉਘਾੜਦਾ ਹੈ ।

'ਇਕ ਮਾਂ - ਦੋ ਮੁਲਕ' ਜਿਥੇ ਪਾਕਿਸਤਾਨ ਤੇ ਹਿਂਦੁਸਤਾਨ ਦੀ 1947 ਦੀ ਵੰਡ ਸਮੇਂ ਦੀ ਝਲਕ ਪੇਸ਼ ਕਰਦਾ ਹੈ, ਉਥੇ ਅਜਿਹੇ ਵੱਖਵਾਦੀ ਲੋਕਾਂ ਨੂੰ ਵੀ ਸ਼ਰਮਸਾਰ ਕਰਦਾ ਹੈ ਜੋ ਖਾਲਿਸਤਾਨ ਵਰਗੇ ਨਾਅਰੇ ਦੇ ਕੇ ਭਾਰਤ ਨੂੰ ਹੋਰ ਵੰਡਣ ਦੀ ਕੋਝੀ ਚਾਲ ਚਲ ਰਹੇ ਹਨ। ਇਹ ਨਾਟਕ ਅਜੋਕੀ ਪ੍ਰਸਥਿਤੀ ਵਿਚ ਹੋਰ ਵੀ ਪ੍ਰਭਾਵਸ਼ਾਲੀ ਹੋ ਨਿਬੜਦਾ ਹੈ ਜਦ ਭਾਰਤ ਵਿਚ ਅਜਿਹਾ ਅਨਸਰ ਪੈਦਾ ਹੋ ਰਿਹਾ ਹੈ ਜੋ ਧਰਮ ਦੇ ਨਾਂ ਤੇ ਵਖੇਵੇਂ ਪੈਦਾ ਕਰਕੇ, ਲੋਕਾਂ ਨੂੰ ਆਰਥਿਕ ਮੰਗਾਂ ਤੋਂ ਅਵੇਸਲੇ ਕਰਨ ਵਿਚ ਸਹਾਈ ਹੋ ਰਿਹਾ ਹੈ।

ਨਾਟਕ-ਸਮਾਗਮ ਦਾ ਆਰੰਭ ਸੁਰਿੰਦਰ ਗਿੱਲ ਦੇ ਗੀਤ 'ਛੱਟਾ ਚਾਨਣਾ ਦਾ ਦੇਈ ਜਾਣਾ' ਨਾਲ ਹੋਇਆ। ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਵਲੋਂ ਲਾਟ ਭਿੰਡਰ ਨੇ ਬੜੇ ਸੁਚੱਜੇ ਢੰਗ ਨਾਲ ਸਟੇਜ ਦੀ ਸੇਵਾ ਨਿਭਾਈ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਵਲੋਂ ਸੰਤ ਰਾਮ ਉਦਾਸੀ ਦੇ ਦੋ ਗੀਤ ਸਮੂਹ-ਗਾਨ ਦੇ ਰੂਪ ਵਿਚ ਪੇਸ਼ ਕੀਤੇ ਗਏ। 'ਅਸੀਂ ਆਖਣਾ ਸਮੇਂ ਦੀ ਸਰਕਾਰ ਨੂੰ ਗਹਿਣੇ ਸਾਡਾ ਦੇਸ਼ ਨਾ ਕਰੇ' ਦੀ ਪੇਸ਼ਕਾਰੀ ਬਹੁਤ ਵਧੀਆ ਢੰਗ ਨਾਲ ਕੀਤੀ ਗਈ। ਜੋਗਿੰਦਰ ਰੰਧਾਵਾ ਦੀ ਅਗਵਾਈ ਵਿਚ ਇਹ ਸਮੂਹ-ਗਾਨ ਪੇਸ਼ ਕੀਤੇ ਗਏ। ਇਹ ਸਮੂਹ-ਗਾਨਾਂ ਦੀ ਵੱਡੀ ਖੂਬਸੂਰਤੀ .ਇਹ ਸੀ ਕਿ ਇਨ੍ਹਾਂ ਵਿਚ ਹਰ ਉਮਰ ਦੇ ਗਾਇਕ ਮੌਜੂਦ ਸਨ।

ਇਪਾਨਾ ਦੇ ਪ੍ਰਧਾਨ ਹਰਿੰਦਰ ਮਾਹਲ ਨੇ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਤੇ ਐਡਮਿੰਟਨ ਦੇ ਦਰਸ਼ਕਾਂ ਦਾ ਧੰਨਵਾਦ, ਕਰਦਿਆਂ ਕਿਹਾ ਕਿ ਗੁਰਸ਼ਰਨ ਸਿੰਘ ਹੋਰਾਂ ਨੇ ਕੈਨੇਡਾ ਵਿਚ ਭਾਰਤੀ ਸਭਿਆਚਾਰ ਪੇਸ਼ ਕਰਕੇ ਕੈਨੇਡਾ ਨਿਵਾਸੀਆਂ ਦਾ ਸਿਰ ਉਚਾ ਕੀਤਾ ਹੈ।

# ਝੋਲੀ ਪਾਈਆਂ ਤੇਰੀਆਂ ਦਾਤਾਂ

ਕੈਨੇਡਾ ਆ ਕੇ ਬਹੁਤ ਸੂਝਵਾਨ ਸੱਜਣਾਂ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ, ਜਿਨਾਂ ਵਿਚ ਕੁਝ ਇਥੇ ਦੇ ਪੁਰਾਣੇ ਵਸੇ ਹੋਏ ਕੁਝ ਨਵੇਂ ਆਏ ਸਿਆਣੇ ਜੋ ਆਪਣੀ ਕਾਮਯਾਬ ਜ਼ਿੰਦਗੀ ਦੇ ਆਖਰੀ ਪੜਾ ਵਿਚ ਆਪਣ ਪੁਤਰਾਂ ਜਾਂ ਧੀਆਂ ਪਾਸ ਆਏ ਹੋਏ ਹਨ। ਕਾਫੀ ਪੜ੍ਹੇ ਲਿਖੇ ਉਚ ਸਿਖਿਆ ਪ੍ਰਾਪਤ ਬੱਚੇ ਬੱਚੀਆਂ ਇਥੋਂ ਦੇ ਵਸਨੀਕ ਵੀ ਤੇ ਦੇਸੋਂ ਆਏ ਹੋਏ ਵੀ ਸ਼ਾਮਲ ਹਨ। ਗਲਬਾਤ ਕਰਦਿਆਂ ਕਿਸੇ ਨੂੰ ਵੀ ਪੂਰਣ ਰੂਪ ਵਿਚ ਸੰਤੁਸ਼ਟ ਨਹੀਂ ਪਾਇਆ । ਜਿਵੇਂ "ਨਾਨਕ ਦੁਖੀਆ ਸਭ ਸੰਸਾਰ" ਪਰ ਉਹਨਾਂ ਦੇ ਅਰਮਾਨਾਂ ਦੀ ਤਰਜਮਾਨੀ ਕਰਨ ਦੇ ਯਤਨ ਵਿਚ ਇਹ ਤੁਛ ਜਿਹੀ ਤੁਕ ਬੰਦੀ ਕੀਤੀ ਹੈ ਜੇ ਪ੍ਰਵਾਨ ਹੋ ਜਾਵੇ।

**ਮਲਕੀਤ ਸਿੰਘ ਦੁਸਾਂਝ, ਡੈਲਟਾ**

ਚੌੜੇ ਸੀਨੇ ਫੜਕਦੇ ਡੌਲੇ ਅੱਖ ਮਸਤਾਨੀ ਲੰਮੀਆਂ ਬਾਹਾਂ
ਦਰਦ ਦਿਲਾਂ ਦੇ ਸਾਗਰੋਂ ਡੂੰਘੇ ਹੌਕੇ ਭਰਦੀਆਂ ਠੰਡੀਆਂ ਸਾਹਾਂ
ਵਿਜਟਰ ਰਫਿਊਜੀ ਕਈ ਵੇਹਲੇ, ਹੋਰ ਵੀ ਪੈਂਦੇ ਰੌਲੇ ਗੌਲੇ
ਆਪਣੀ ਹੀ ਧੁਨ ਦਾ ਇਹ ਬੇਲੀ, ਗਲ ਕਿਸੇ ਦੀ ਮੂਲ ਨਾ ਗੌਲੇ
ਦੁਖ ਦੇ ਕਾਲੇ ਬੱਦਲਾਂ ਵਿਚੋਂ, ਸੁਖ ਦੇ ਚੰਨ ਦੀਆਂ ਕਿਰਨਾਂ ਟੋਲੇ
ਦੁਖ ਸੁਖ ਜਰਦਾ ਗੱਲ ਨਹੀਂ ਕਰਦਾ ਦਿਲ ਆਪਣੇ ਦੀ ਗੰਢ ਨ ਖੋਲ੍ਹੇ
ਮੁੜ ਘਿੜ ਪਿਛਲੀਆਂ ਯਾਦਾਂ ਅੰਦਰ, ਪਲ ਭਰ ਲਈ ਵੀ ਚੈਨ ਨ ਪਾਵੇ
ਪ੍ਰਦੇਸਾਂ ਵਿਚ ਖੇਤਾਂ ਦੇ ਵਿਚ, ਮਨ ਹੀ ਮਨ ਕੁਝ ਸੋਚੀ ਜਾਵੇ

ਅੱਜ ਤੇ ਕੱਲ ਦੀਆਂ ਸੱਚੀਆਂ ਬਾਤਾਂ

ਸਖੀਆਂ ਭੁਲਕੇ, ਪਿਆਰਾਂ ਭੁਲ ਕੇ, ਪ੍ਰੀਤਾਂ ਭੁਲ ਕੇ ਗੀਤਾਂ ਭੁਲ ਕੇ
ਗਿਧਿਆਂ ਭੁਲ ਕੇ, ਗੀਤਾਂ ਭੁਲ ਕੇ, ਸੋਹਣੇ ਸਾਜ ਸੰਗੀਤਾਂ ਭੁਲ ਕੇ
ਹਸਦੀ ਵਸਦੀ ਬਸਤੀ ਭੁਲ ਕੇ, ਆ ਜਾਂਦੀ ਮਸਤੀ ਭੁਲ ਕੇ
ਖੇਤਾਂ ਖੂਹਾਂ ਨਹਿਰਾਂ ਭੁਲ ਕੇ, ਪਿੰਡ ਦੀਆਂ ਲਹਿਰਾਂ ਵਹਿਰਾਂ ਭੁਲ ਕੇ
ਵੀਰ ਪਿਆਰੇ ਭੈਣਾਂ ਭੁਲੇ, ਰੱਖੜੀ ਭੁਲ ਗਈ ਸ਼ੇਰਾਂ ਵੀਰਾਂ
ਸ਼ੇਰੇ ਪੰਜਾਬ ਦੇ ਕੋਹੇਨੂਰ ਹੀਰੇ, ਵਾਰਸ ਸ਼ਾਹ ਦੀਆਂ ਕਮਲੀਆਂ ਹੀਰਾਂ
ਘੱਟੀਂ ਰੁਲ ਗਏ ਮੋਤੀ ਅੱਖ ਦੇ, ਡਾਲਰ ਖਾਤਰ ਜ਼ਿੰਦਗੀ ਰੋਲੀ
ਚੁਪ ਚੁਪੀਤੇ ਅਥਰੂ ਰੋ ਕੇ, ਬੁਲ ਫਰਕਦੇ ਹੌਲੀ ਹੌਲੀ

ਹੱਡ ਬੀਤੀਆਂ ਲੰਮੀਆਂ ਗਾਥਾਂ

ਦੇਸ਼ ਨੂੰ ਛੱਡ ਕੇ, ਝੋਲੀ ਅੱਡ ਕੇ, ਜੌਬਾਂ ਖਾਤਰ ਤਰਲੇ ਕੱਢ ਕੇ
ਪਾਰ ਸਮੁੰਦਰੋਂ ਆ ਬੈਠੇ ਹਾਂ, ਮ੍ਰਿਗ ਤ੍ਰਿਸ਼ਣਾ ਵਿਚ ਆ ਫੱਸੇ ਹਾਂ
ਇਥੇ ਆ ਕੇ ਕੀ ਹੈ ਲਭਿਆ, ਮਾੜੇ ਧੰਦੇ ਕੱਚੇ ਰਿਸ਼ਤੇ ਫੋਕੀਆਂ ਰਸਮਾਂ
ਸੱਚ ਲਪੇਟੇ ਝੂਠ ਦੇ ਹੌਕੇ, ਬਾਈ ਗੌਡ ਦੀਆਂ ਐਵੇਂ ਕਸਮਾਂ
ਗੋਰੀ ਚਮੜੀ ਦਿਲ ਦੇ ਕਾਲੇ, ਸੌਰੀ ਕਹਿ ਕਹਿ ਲੁੱਟਣ ਵਾਲੇ
ਮੂੰਹ ਦੇ ਮਿੱਠੇ ਅੰਦਰੋਂ ਖਾਰੇ, ਦੇਖਣ ਵਿਚ ਇਹ ਭੋਲੇ ਭਾਲੇ
ਗੋਰੇ ਕਾਲੇ ਦੇ ਆਪਸੀ ਝਗੜੇ, ਹਾਏ ਬਾਏ ਦੇ ਪੈ ਗਏ ਰਗੜੇ
ਵਿਸਕੀਆਂ ਬੀਯਰਾਂ ਪੀਵਣ ਖਾਤਰ ਸੁਖ ਦੀ ਜ਼ਿੰਦਗੀ ਜੀਵਨ ਖਾਤਰ

ਗਰੇਵ ਯਾਰਡ ਦੀਆਂ ਕਾਲੀਆਂ ਰਾਤਾਂ

ਸੁਪਨੇ ਦੇ ਦੇ ਮਾਂ ਦੀਆਂ ਸਧਰਾਂ, ਕਦ ਸਰੂ ਦੇ ਚਾਵੀਂ ਪਲੇ
ਅਕੜੇ ਅਕੜੇ ਜੀਨੀਂ ਜਕੜੇ ਗੁੱਸੇ ਦੇ ਵਿਚ ਜਲੇ ਬਲੇ
ਡੀਲ ਡੌਲ ਦੇ ਬੱਲੇ ਬੱਲੇ, ਅਕਲ ਸਕਲ ਦੇ ਬੱਲੇ ਬੱਲੇ
ਪੜ੍ਹੇ ਲਿਖੇ ਇਹ ਸਿਆਣੇ ਸਿਆਣੇ ਰਹਿਣਾ ਚਾਹੁੰਦੇ 'ਕੱਲੇ ਕੱਲੇ'.
ਮੀਸਨੇ ਮਚਲੇ ਯਾਰ ਮਤਲਬੀ, ਹਸਦੇ ਰੁਸਣ ਜਿਦ ਦੇ ਪੱਕੇ
ਰੋਬ ਨਾ ਛਡਣ, ਭੇਦ ਨਾ ਕੱਢਣ ਜਾਣਦਿਆਂ ਵੀ ਹੱਕੇ ਬੱਕੇ
ਇਕ ਪਲ ਜੋੜਨ, ਪਲ ਵਿਚ ਤੋੜਨ, ਗੱਲ ਗੱਲ ਉਤੇ ਮੋਢੇ ਚੁਕਣ
ਫੈਸ਼ਨ ਪ੍ਰਸਤ ਨਸ਼ਿਆਂ ਦੇ ਰਸੀਏ, ਛੱਡ ਇਹਨਾਂ ਜਾ ਕਿਥੇ ਵਸੀਏ।

ਉਮਰਾਂ ਸਜਾਵਾਂ ਇਹ ਸੁਗਾਤਾਂ

ਡੂੰਘੀਆਂ ਸੋਚਾਂ ਔਖੀਆਂ ਰਾਹਾਂ ਸਬਰ ਸ਼ੁਕਰ ਦੀਆਂ ਮਲੀਆਂ ਸਾਹਾਂ
ਰਬ ਹੀ ਜਾਣੇ ਉਸ ਦੇ ਭਾਣੇ, ਕਿਸ ਨੇ ਕਿੰਨੇ ਧੱਕੇ ਖਾਣੇ
ਭੰਵਰਾਂ ਦੇ ਵਿਚ ਫਸ ਗਈ ਕਿਸ਼ਤੀ, ਕੱਢੂ ਕੌਣ ਸਵਾਏ ਰੱਬ ਦੇ
ਜਿਸ ਦੁਖ ਦਿਤਾ ਸੁਖ ਵੀ ਦਊ ਆਪੇ ਕਰਤਾ ਦੁਖ ਹਰਤਾ ਜੋ ਸਭ ਦੇ
ਕੀ ਹੱਸਣਾ ਤੇ ਕੀ ਹੈ ਰੋਣਾ, ਜੋ ਉਸ ਨੂੰ ਮਨਜ਼ੂਰ ਸੋ ਹੋਣਾ
ਜੋ ਹੋਇਆ ਸੋ ਚੰਗਾ ਹੋਇਆ ਜੋ ਹੋਵੇਗਾ ਚੰਗਾ ਹੋਣਾ
ਦੁਖ ਦਿਲਾਂ ਦਾ ਕੀ ਹੈ ਦੱਸਣਾ, ਪੀੜ ਅਨੋਖੀ ਹੱਸ ਹੱਸ ਸਹਿਣਾ
ਜੇ ਤੂੰ ਰਾਜੀ ਅਸੀਂ ਵੀ ਖੁਸ਼ ਹਾਂ ਜਿਵੇਂ ਤੂੰ ਰੱਖੇਂ ਤਿਵੇਂ ਹੀ ਰਹਿਣਾ
ਝੋਲੀ ਪਾਈਆਂ ਤੇਰੀਆਂ ਦਾਤਾਂ
ਝੋਲੀ ਪਾਈਆਂ ਤੇਰੀਆਂ ਦਾਤਾਂ।

---

ਲਫਜ਼ਾਂ ਦੇ ਬਸਤਰ ਮਸਾਂ ਕੁਝ ਲੋਕਾਂ ਪੁਆਏ ਦੋਸਤੋ,
ਲੋਥ ਮੇਰੀ ਫੇਰ ਵੀ ਨੰਗੀ ਹੀ ਸੀ ਨੰਗੀ ਗਈ।

---

ਮਰੀਜ਼—"ਡਾਕਟਰ ਮੇਰਾ ਜੀ ਬਹੁਤ ਘਬਰਾ ਰਿਹਾ ਏ, ਇਹ ਮੇਰਾ ਪਹਿਲਾ ਅਪਰੇਸ਼ਨ ਐ ।"

ਡਾਕਟਰ—"ਮੈਂ ਤੁਹਾਡੀ ਹਾਲਤ ਸਮਝ ਸਕਦਾ ਹਾਂ, ਮੇਰਾ ਵੀ ਇਹ ਪਹਿਲਾ ਅਪਰੇਸ਼ਨ ਹੈ ।"

---


# ਸਵ੍ਰ ਸਾਗਰ ਰੇਡੀਓ ਪ੍ਰੋਗਰਾਮ






ਹਿੰਦੀ ਅਤੇ ਪੰਜਾਬੀ ਦਾ ਹਰਮਨ ਪਿਆਰਾ ਰੇਡੀਓ ਪ੍ਰੋਗਰਾਮ

**ਹਰ ਐਤਵਾਰ ਸਵੇਰੇ ਤੇ ਸ਼ਾਮ**

ਰੇਡੀਓ ਤੇ ਸੀ. ਜੇ. ਸੀ(CJJC 800 AM DIAL)

**Sunday Entertainment:**

**ਸਵ੍ਰ ਸਾਗਰ ਪ੍ਰੋਗਰਾਮ ਨੂੰ ਸੁਣਨੋ ਨਾ ਭੁਲੋ**

ਹਰ ਐਤਵਾਰ
**ਸ਼ਾਮ**
7:05 ਤੋਂ 8:00

**SWAR ਹਰ ਐਤਵਾਰ SAGAR**

ਹਰ ਐਤਵਾਰ
**ਸਵੇਰੇ**
10:05 ਤੋਂ 11:05

ਹਿੰਦੀ ਅਤੇ ਪੰਜਾਬੀ ਦੇ ਹਰਮਨ ਪਿਆਰੇ ਰੇਡੀਓ ਪ੍ਰੋਗਰਾਮ ਨੂੰ ਸੁਣੋ

ਇਹ ਪ੍ਰੋਗਰਾਮ ਤੁਸੀਂ ਗਰੇਟਰ ਵੈਨਕੂਵਰ, ਲੋਅਰ ਮੇਨ ਲੈਂਡ, ਵਿਕਟੋਰੀਆ, ਨਨਾਇਮੋਂ, ਡੰਕਨ, ਪੋਰਟ ਅਲਬਰਨੀ ਅਤੇ ਕੈਂਬਲ ਰਿਵਰ ਤਕ ਸੁਣ ਸਕਦੇ ਹੋ

ਵਪਾਰੀ ਵੀਰਾਂ ਲਈ ਵਪਾਰ ਵਿਚ ਵਾਧੇ ਲਈ ਰੇਡੀਓ ਪ੍ਰੋਗਰਾਮ ਵਿਚ ਇਸ਼ਤਿਹਾਰ ਦੇਣ ਲਈ ਫੋਨ ਕਰੋ:

**Producer : Manjit Virdi**

**PH: 434-8786 ਜਾਂ 253-7596 24 Hrs Pager 9090**

# ਸੰਸਾਰ ਦਰਪਣ

## ਮੌਤ ਵਿਉਪਾਰੀ - ਹਥਿਆਰ ਅਜਾਰੇਦਾਰ

ਗੁਰਨਾਮ ਸਿੰਘ ਸੰਘੇੜਾ

"ਫੌਜੀਵਾਦ ਦੇ ਆਪਣੇ ਵਿਚ ਹੀ ਆਪਣੀ ਬਰਬਾਦੀ ਦੇ ਬੀਜ ਹਨ।"

(ਐਂਗਲਜ਼ - ਪੁਸਤਕ ਐਂਟੀ ਡਿਉਰੰਗ - ਪੰਨਾ 204

ਡੀਫੈਂਸ, ਹਥਿਆਰਾਂ ਅਤੇ ਇਸ ਜੰਗੀ ਤਿਆਰੀ ਤੇ ਪ੍ਰਚਾਰ ਤੋਂ ਲਾਭ ਉਠਾਉਣ ਵਾਲੇ ਕੌਣ ਹਨ ? ਉਹ ਹਨ ਮਰਹੂਮ ਪ੍ਰਧਾਨ ਆਈਜ਼ਨਹਾਵਰ (ਅਮਰੀਕਾ ਦਾ) ਦੇ ਸ਼ਬਦਾਂ ਵਿਚ "ਫੌਜੀ ਦਸਤਕਾਰੀ ਕੰਮਪਲਿਕਸ।" ਉਸਨੇ 17 ਜਨਵਰੀ 1961 ਨੂੰ ਅਲਵਦਾਈ ਭਾਸ਼ਨ ਵਿਚ ਟੈਲੀਵੀਜਨ ਤੇ ਆਖਿਆ, "ਇਸ ਅਥਾਹ ਫੌਜੀ ਅਦਾਰੇ ਅਤੇ ਵੱਡੀ ਹਥਿਆਰ ਦਸਤਕਾਰੀ ਦੇ ਮੇਲ ਦਾ ਇਕ ਨਵਾਂ ਅਮਰੀਕਨ ਤਜਰਬਾ ਹੈ — ਸਾਨੂੰ ਇਸ ਦੀਆਂ ਗੰਭੀਰ ਉਲਝਨਾਂ ਤੇ ਅਰਥ ਭਾਵਨਾਵਾਂ ਨੂੰ ਜ਼ਰੂਰ ਸਮਝਣਾ ਚਾਹੀਦਾ ਹੈ।" ਅੱਜ ਵੱਡੀ ਦਸਤਕਾਰੀ, ਪੈਂਟੇਗਨ ਅਤੇ ਕਾਂਗਰਸ ਦੇ ਆਪਸੀ ਘਿਓ ਖਿਚੜੀ ਵਾਲੇ ਸਬੰਧ ਸਮਝਣੇ ਚਾਹੀਦੇ ਅਤੇ "ਫੌਲਾਦੀ ਤ੍ਰਿਗੜੀ" ਤੋਂ ਸੁਚੇਤ ਰਹਿਣਾ ਅਤੇ ਲੋਕਾਂ ਵਿਚ ਨੰਗਾਂ ਕਰਨਾ ਜ਼ਰੂਰੀ ਹੈ। ਜਿਵੇਂ "ਜਨਰਲ ਡਾਇਨੈਮਿਕਸ" (ਜਿਨਾਂ ਦਾ ਮੁਖ ਵਪਾਰ ਫੌਜੀ ਹੈ) ਨੇ ਪਿਛਲੇ ਸਾਲ ਪੰਜ ਅਰਬ ਡਾਲਰ ਦੀ ਵਿਕਰੀ ਤੋਂ ਸਿਰਫ ਬਾਰਾਂ ਕਰੋੜ ਚਾਲੀ ਲੱਖ ਡਾਲਰ ਬਣਾਏ। ਅਤੇ ਆਖੇ ਜਾਂਦੇ ਰੇਗਨ ਦੇ ਸੰਕਟ ਸਾਲ ਵਿਚ ਸਾਰੇ ਫੌਜੀ ਦਸਤਕਾਰਾਂ ਤੇ ਮੁਨਾਫੇਖੋਰਾਂ ਨੇ ਸਿਰਫ ਪਿਛਲੇ ਸਾਲ ਪੰਜਾਹ ਅਰਬ ਡਾਲਰ ਮੁਨਾਫਾ ਕਮਾਇਆ।

ਇਨ੍ਹਾਂ ਦਿਉ ਕਦ ਫੌਜੀ ਦਸਤਕਾਰੀ ਕੰਮਪਲਿਕਸਾਂ ਜਨਰਲ ਮੋਟਰ ਇੰਟਰਨੈਸ਼ਨਲ ਬਿਜ਼ਨਸ ਮਸ਼ੀਨਜ਼, ਰੌਕਫੈਲਰ ਦਾ ਐਕਸੌਨ, ਜਨਰਲ ਅਲੈਕਟਰਿਕ ਡੀਓ ਪੌਂਟ ਡਿ-ਨੀਮਰਜ਼, ਲੌਕਹੀਡ, ਡਗਲ, ਬੋਇੰਗ ਅਤੇ ਸੌ ਹੋਰ ਵੱਡੀਆਂ ਕਾਰਪੋਰੇਸ਼ਨਾਂ ਨੂੰ ਡੀਫੈਂਸ ਡੀਪਾਰਟਮੈਂਟ ਅਤੇ ਨੈਸ਼ਨਲ ਐਰੋਨੌਟਿਕਸ ਐਂਡ ਸਪੇਸ ਏਜੰਸੀ (ਨਾਸਾ NASA) ਵਲੋਂ ਠੇਕੇ, ਖੋਜ ਠੇਕੇ ਅਤੇ ਵਪਾਰ ਮਿਲਦਾ ਹੈ। ਵੈਸੇ ਤਾਂ ਇਨਾਂ ਧਨੀਆਂ ਵਿਚ ਆਪਸੀ ਵਿਰੋਧ ਅਤੇ ਟੱਕਰਾਂ ਹਨ। ਜਿਵੇਂ ਵੱਡੇ ਅੱਠ ਠੇਕੇਦਾਰਾਂ ਨੂੰ ਡੀਫੈਂਸ ਡੀਪਾਰਟਮੈਂਟ ਦਾ ਪੱਚੀ ਫੀ ਸਦੀ ਅਤੇ 37 ਫੀ ਸਦੀ ਖੋਜ ਠੇਕੇ - ਇਕ ਹਜ਼ਾਰ ਆਰਬ ਡਾਲਰ ਦੇ ਮਿਲੇ। ਫੌਜੀ ਠੇਕਿਆਂ ਅਤੇ ਹਥਿਆਰਾਂ ਵਾਲੇ ਵਪਾਰੀਆਂ ਨੂੰ ਸਿਵਲ ਵਪਾਰੀਆਂ ਨਾਲੋਂ ਘੱਟੋ ਘੱਟ ਸੱਠ ਫੀ ਸਦੀ ਜ਼ਿਆਦਾ ਮੁਨਾਫਾ ਹੁੰਦਾ ਹੈ।

ਇਨ੍ਹਾਂ ਅਤੇ ਹੋਰ ਧਨੀਆਂ ਤੇ ਅਜਾਰੇਦਾਰਾਂ ਦੇ ਆਪਣੇ ਤੇ ਹਿਤਾਂ ਵਾਲੇ ਬੰਦੇ ਪਾਰਲੀਮੈਂਟਾਂ, ਅਸੰਬਲੀਆਂ ਅਤੇ ਸਰਕਾਰਾਂ ਵਿਚ ਹੁੰਦੇ ਹਨ। ਲੌਬੀ, ਪਰੇਰਨਾ ਅਤੇ ਦਬਾਅ ਪਾਇਆ ਜਾਂਦਾ ਅਤੇ ਬੜੇ ਢੰਗ ਨਾਲ ਪਰਚਾਰਿਆ ਜਾਂਦਾ ਹੈ ਜਿਸ ਦਾ ਲਾਭ ਧਨੀਆਂ ਨੂੰ ਪੁੱਜੇ ਤੇ ਸਰਕਾਰ ਹਥਿਆਰਾਂ ਵੱਲ ਵਧੇ। ਹਥਿਆ ਤੇ ਹਥਿਆਰ ਦੌੜ ਤੇ ਜੰਗ ਸਰਮਾਏਦਾਰੀ ਪ੍ਰਬੰਧ ਦਾ ਸੁਭਾਅ ਅਤੇ ਅੰਤਰ ਵਿਆਪੀ ਹੈ। ਇਨਾਂ ਦਸਤਕਾਰੀਆਂ ਤੇ ਕਾਰਪੋਰੇਸ਼ਨਾਂ ਦੇ ਮਾਲਕ ਨਿਜੀ ਵਿਅਕਤੀ ਹਨ ਅਤੇ ਉਨਾਂ ਦੀ ਨਿਜੀ ਜਾਏਦਾਦ ਕਾਨੂੰਨ ਰਾਹੀਂ ਸੁਰਖਿਅਤ ਹੈ। ਉਨ੍ਹਾਂ ਲਈ ਰੀਪਬਲੀਕਨ ਜਾਂ ਡੈਮੋਕਰੇਟ ਦੇ ਜਿਤਣ ਦਾ ਕੋਈ ਫਰਕ ਨਹੀਂ ਪੈਂਦਾ। ਕਿਉਂਕਿ ਇਹ ਸਰਕਾਰਾਂ ਧਨੀ ਜਮਾਤ ਦੀਆਂ ਹਨ ਅਤੇ ਸਰਦਾਰੀ ਵੱਡੀ ਸਰਮਾਏਦਾਰੀ ਪਾਸ ਹੈ।

ਆਉ ਇਸ ਸਭ ਵਿਚ ਵਿਸਥਾਰ ਨਾਲ ਝਾਤ ਮਾਰੀਏ।

### ਸਾਮਰਾਜੀ ਦੇਸ਼ ਅਤੇ ਉਨ੍ਹਾਂ ਦੀਆਂ ਅਜਾਰੇਦਾਰ ਕਾਰਪੋਰੇਸ਼ਨਾਂ —

ਸਮਾਜਵਾਦ ਅਤੇ ਕੌਮੀ ਆਜ਼ਾਦੀ ਦੀਆਂ ਲਹਿਰਾਂ ਦੇ ਵਿਰੋਧ ਵਿਚ ਹਿਤਾਂ ਨੂੰ ਮੁਖ ਰੱਖਦੇ ਹੋਏ ਸਰਮਾਏਦਾਰੀ ਪ੍ਰਬੰਧ ਵਿਚ ਭਾਰੂ ਹੀ ਨਹੀਂ ਸਗੋਂ ਸਰਦ ਜੰਗ ਤੋਂ ਅੱਗੇ ਨੂੰ ਧੱਕ ਰਹੀਆਂ ਹਨ। ਅਤੇ ਖੁਲੇ ਤੌਰ ਉਤੇ ਸਮਾਜਵਾਦੀ ਦੇਸ਼ਾਂ ਦੇ ਡੀਫੈਂਸ਼ ਲਈ ਹਥਿਆਰਾਂ ਨੂੰ ਬਹੁਤ ਹੀ ਵਧਾ ਚੜ੍ਹਾਂ ਕੇ ਸਗੋਂ ਉਸਦੇ ਪ੍ਰਸੰਗ ਵਿਚ ਭਾਰੀ ਖਤਰਾ ਦੱਸਦੇ ਹਨ ਜਦ ਕਿ ਅਸਲੀ ਖਤਰਾ ਸਾਮਰਾਜੀ ਦੇਸ਼ਾਂ ਦੇ ਹਥਿਆਰ ਵਪਾਰੀਆਂ ਤੋਂ ਹੈ। ਉਪਰਲੇ ਫੌਜੀ ਅਫਸਰ ਵੱਡੇ ਅਜਾਰੇਦਾਰ ਧਨਾਢ ਆਦਿ ਆਪਸ ਵਿਚ ਰਲ ਕੇ ਸਮਾਜਵਾਦੀ ਦੇਸ਼ਾਂ ਵਿਰੁਧ ਹਥਿਆਰਾਂ ਦਾ ਭੰਡੀ ਪਰਚਾਰ ਕਰਦੇ ਅਤੇ ਆਪਣੇ ਪ੍ਰਬੰਧਕਾਂ ਤੇ ਸੇਵਕਾਂ ਨੂੰ ਹਥਿਆਰ ਉਪਰ ਹੋਰ ਅਥਾਹ ਖਰਚ ਕਰਨ ਲਈ ਦਬਾਅ ਪਾਉਂਦੇ ਹਨ।

ਉਨ੍ਹਾਂ ਨੂੰ ਆਪਣੇ ਮੁਨਾਫੇ ਦੀ ਧੁਨ ਅਤੇ ਲੋਕਾਂ ਨਾਲ ਨਫਰਤ ਹੈ। ਉਨ੍ਹਾਂ ਨੂੰ ਲੋਟੂ ਦੇਸ਼ਾਂ ਦੇ ਕਾਮਿਆਂ ਤੇ ਕਿਸਾਨਾਂ ਦੀ ਨਿਘਰਦੀ ਅਤੇ ਪਤਲੀ ਹਾਲਤ ਦੀ ਕੋਈ ਪ੍ਰਵਾਹ ਨਹੀਂ। ਇਨ੍ਹਾਂ ਬੰਬਾਂ ਦੇ ਵਪਾਰੀਆਂ ਨੇ ਦੂਜੀ ਵੱਡੀ ਜੰਗ ਤੋਂ ਝੱਟ ਪਿਛੋਂ ਹੀ ਸਮਾਜਵਾਦ ਵਿਰੁਧ ਸਰਦ ਜੰਗ ਤੇਜ ਕੀਤੀ ਸੀ। 1950 ਵਿਚ ਅਮਰੀਕਾ ਨੇ "ਰੋਕੋ" ਅਤੇ "ਡੱਕ ਲਾਉ" ਦੇ ਨਾਮ ਉਤੇ ਇਹ ਯੁੱਧ ਨੀਤੀ ਬਣਾਈ, "ਤਾਕਤ ਦਾ ਇਕ ਜ਼ਰੂਰੀ ਤੱਤ ਫੌਜੀ ਤਾਕਤ ਹੈ— ਵਧੀਆਂ ਸਮੁੱਚੀ ਫੌਜੀ ਤਾਕਤ ਤੋਂ ਬਿਨਾਂ - ਇਹ ਰੋਕਣ ਦੀ ਨੀਤੀ ਸਿਰਫ — ਫੋਕਾ ਦਬਕਾ ਹੀ ਰਹਿ ਜਾਏਗੀ।"

ਸਰਮਾਏਦਾਰੀ ਦੇਸ਼ਾਂ ਦੀ ਸਾਰੀ ਨੀਤੀ ਦਬਾਉਣ, ਲੁੱਟਣ ਅਤੇ ਸਰਦ ਜੰਗ ਵਿਚ ਜਿੱਤ ਵੱਲ ਲੱਗੀ। ਅਪਰੈਲ 1949 ਵਿਚ ਸਮਾਜਵਾਦੀ ਦੇਸ਼ਾਂ ਵਿਰੁਧ ਸਾਮਰਾਜੀਆਂ ਨੇ "ਨੇਟੋ" ਖੜੀ ਕੀਤੀ। ਸਮਾਜਵਾਦੀ ਜਾਂ "ਰੂਸੀ" ਖਤਰੇ ਦਾ ਹਊਆ ਖੜਾ ਕਰਕੇ ਆਪਣੇ ਮੁਨਾਫੇ ਕਮਾਉਣ ਦਾ ਖਿਆਲ ਰਖਦੇ ਹਨ। ਇਸੇ ਹੀ ਤਰ੍ਹਾਂ ਵੀਅਤਨਾਮ ਬਾਰੇ ਭੀ ਲੋਕਾਂ ਨੂੰ ਝੋਕਟ, ਆਜ਼ਾਦੀ ਲਹਿਰ ਰੋਕਣ ਅਤੇ ਹਥਿਆਰ ਵੇਚ ਕੇ ਅਥਾਹ ਮੁਨਾਫਿਆਂ ਲਈ ਗਲਤ ਅਫਵਾਹਾਂ ਅਤੇ ਝੂਠੀਆਂ ਖਬਰਾਂ ਦਿੱਤੀਆਂ।

ਪੰਜਾਹਵੇਂ ਵਿਚ ਅਮਰੀਕਾ ਦੇ ਬੰਬਾਂ ਵਿਚ ਪਛੜੇਵੇਂ ਨੂੰ ਧੁਮਾਇਆ ਅਤੇ ਬੰਬ ਵਪਾਰੀਆਂ ਨੇ ਹਥਿਆਰਾਂ ਦੇ "ਕਰੈਸ਼ ਪ੍ਰੋਗਰਾਮ" ਨੂੰ ਚਾਲੂ ਕਰਵਾਇਆ। ਪਿਛੋਂ ਵਪਾਰੀਆਂ ਨੇ ਮੰਨਿਆ ਕਿ ਅਮਰੀਕਾ ਸਗੋਂ ਅੱਗੇ ਸੀ ਪਰ ਇਸ ਨਾਲ ਕੰਮ ਕਾਰ ਚੰਗਾ ਚਲਦਾ ਹੈ। 1960 ਵਿਚ "ਵਿਮਾਨਾੜੇ" (ਮਿਸਾਈਲ ਗੈਪ) ਦਾ ਰੌਲਾ ਪਾ ਕੇ ਹਥਿਆਰ ਵਪਾਰੀਆਂ ਨੇ "ਰੂਸੀ ਖਤਰੇ" ਅਧੀਨ ਮੁਹਿਮ ਹੋਰ ਤੇਜ ਕੀਤੀ। 1970 ਦੇ ਆਰੰਭ ਵਿਚ ਫਿਰ ਵੱਡੇ ਪਾੜੇ ਬਾਰੇ ਪੈਂਟਾਗਨ ਦੇ ਆਦਮ ਖੋਰਾਂ ਨੇ ਲੋਕ ਰਾਏ ਹੋਰ ਹਥਿਆਰਾਂ ਦੀ ਲੋੜ ਵੱਲ ਮੋੜਨ ਲਈ ਰੌਲਾ ਪਾਇਆ ਅਤੇ ਹੁਣ "ਰੂਸ ਦੀ ਸਿਵਲ ਡੀਫੈਂਸ ਅਤੇ ਖਤਰੇ" ਦਾ ਹਊਆ ਖੜਾ ਕਰਕੇ ਹਥਿਆਰ ਬਣਾਉਣ ਦੀ ਮੁਹਿਮ ਤੇਜ ਕੀਤੀ ਹੈ।

ਇਹ ਫੌਜੀ ਤੇ ਦਸਤਕਾਰ ਜੁੰਡਲੀ ਆਪਣੇ ਹਥਿਆਰ ਵਪਾਰ ਲਈ ਹਰ ਹਰਬਾ ਵਰਤਦੀ ਹੈ। ਹਥਿਆਰ ਅਜਾਰੇਦਾਰਾਂ ਦੀ ਸਭ ਤੋਂ ਨਰੋਈ ਤੇ ਭਾਰੂ ਲੌਬੀ ਅਮਰੀਕਾ ਵਿਚ ਹੈ। ਚੋਣਾਂ ਸਮੇਂ ਲੱਖਾਂ ਡਾਲਰ ਇਨਾਂ ਬੰਬ ਤੇ ਵਿਮਾਨ ਵਪਾਰੀਆਂ ਦੀ ਜੇਬ ਵਿਚੋਂ ਆਉਂਦੇ ਹਨ। ਜਿਵੇਂ ਅਮਰੀਕਾ ਸੈਨੇਟ ਦੀ ਸੀਟ ਉਪਰ ਤੀਹ ਲੱਖ ਡਾਲਰ ਖਰਚ ਅਤੇ ਕਾਂਗਰਸ ਮੈਨ (ਐਮ. ਪੀ.) ਦੀ ਚੋਣ ਉਤੇ ਕੋਈ ਛੇ ਲੱਖ ਡਾਲਰ। ਸੋ ਉਹ ਚੁਣੇ ਹੋਏ ਨੁਮਾਇੰਦੇ ਫੌਜੀ-ਦਸਤਕਾਰ ਜੁੰਡਲੀ ਦੇ ਹਥਿਆਰ ਮੁਨਾਫਿਆਂ ਅਤੇ ਹੋਰ ਆਰਡਰਾਂ ਬਾਰੇ ਨਾਂਹ ਨਹੀਂ ਕਰ ਸਕਦੇ। ਫੌਜੀ ਪੈਂਟਾਗਨ ਦੇ ਹਥਿਆਰ ਆਰਡਰ ਵੱਡੀਆਂ ਅਜਾਰੇਦਾ ਕੰਪਨੀਆਂ ਨੂੰ ਜਾਂਦੇ ਹਨ।

ਇਕ ਪਾਸੇ ਨਸ਼ਤਰੀਕਰਨ (ਡਿਸ ਆਰਮਾਮੈਂਟ) ਦੇ ਨਾਅਰੇ ਅਤੇ ਯੂ. ਐਨ. ਓ. ਦੇ ਸੈਸ਼ਨ ਪਰ ਦੂਜੇ ਪਾਸੇ ਹਥਿਆਰਾਂ ਦੀ ਦੌੜ ਹੈ। ਹੁਣ ਤੱਕ ਤਿੰਨ ਵੱਡੀਆਂ ਨਸ਼ੱਸ਼ਤਰੀ ਕਰਨ ਅਤੇ ਅਮਨ ਦੀਆਂ ਕਾਨਫਰੰਸਾਂ ਇਤਿਹਾਸ ਵਿਚ ਹੋਈਆਂ ਪਰ ਤਿੰਨੇ ਹੀ ਮੌਤ ਵਪਾਰੀਆਂ ਮਿੱਟੀ ਵਿਚ ਮਿਲਾਈਆਂ। ਜਿਵੇਂ 1899 ਅਤੇ 1907 ਦੀਆਂ "ਹੇਗ' ਕਾਨਫਰੰਸਾਂ ਨੂੰ ਜਰਮਨੀ ਦੇ ਫੌਜੀ ਸਟਾਫ ਅਤੇ ਬੰਬ ਵਪਾਰੀਆਂ ਨੇ ਖਤਮ ਅਤੇ ਫਿਰ ਉਸ ਵਿਚ ਜੰਗ ਲੜਨ ਦੇ ਨਿਰਮ ਘੜੇ ਗਏ।

1932 ਵਿਚ "ਜਨੀਵਾ" ਵਿਚ ਲੀਗ ਆਫ ਨੇਸ਼ਨਜ਼ ਨੇ ਨਸ਼ਸ਼ਤਰੀਕਰਨ ਬਾਰੇ ਕਾਨਫਰੰਸ ਸੱਦੀ। ਪਰ ਜਰਨੈਲਾ, ਹਵਾਈ ਮਾਰਸ਼ਲਾਂ ਅਤੇ ਦਸਤਕਾਰਾਂ ਨੇ ਵਿਰੋਧ ਕੀਤਾ ਅਤੇ ਅੰਤ ਦੂਜੀ ਜੰਗ ਵਿਚ ਤੇ ਐਟਮ ਬੰਬ ਵਿਚ ਹੋਇਆ। ਜੰਗਾਂ ਨੂੰ ਭੀ ਕਈ ਵਾਰ ਇਤਿਹਾਸ ਵਿਚ ਗੈਰ ਕਾਨੂੰਨੀ ਆਖਿਆ ਗਿਆ ਜਿਵੇਂ "ਲੀਗ ਆਫ ਨੇਸ਼ਨਜ਼ ਨੇ 1919 ਵਿਚ ਫਿਰ 1928 ਦਹ ਕੈਲੌਗ ਬਰਾਇਨ ਸੰਧੀ ਵਿਚ ਫਿਰ ਦੂਜੀ ਜੰਗ ਦੌਰਾਨ 1941 ਦੇ ਅਟਲਾਂਟਕ ਚਾਰਟਰ ਵਿਚ ਅਤੇ ਮਾਸਕੋ ਦੀ 1943 ਵਿਚ ਬਦੇਸ਼ਾ ਮੰਤਰੀਆਂ ਦੀ ਮੀਟਿੰਗ ਵਿਚ। ਹੁਣ ਯੂ. ਐਨ. ਓ. ਦਾ ਸਪੇਸ਼ਲ ਸੈਸ਼ਨ ਭੀ ਇਸ ਬਾਰੇ। ਕੋਈ ਗਿਆਰਾਂ ਹਜ਼ਾਰ ਤੋਂ ਵੱਧ ਤਾਂ ਨੁਕਲੀਅਰ ਹਥਿਆਰ ਇਕੱਲੇ ਯੂਰਪ ਵਿਚ ਹੈ ਅਤੇ ਦੁਨੀਆਂ ਦੇ ਹਰ ਵਸਨੀਕ ਲਈ ਕਈ ਟਨ "ਟੀ. ਐਨ. ਟੀ. ਭੀ ਮੌਤ ਲਲਾਰੀਆਂ ਨੇ ਜ਼ਮਾ ਕਰ ਰੱਖਿਆ ਹੈ। ਪਰ ਲੋਕਾਂ ਦਾ ਧਿਆਨ ਸਗੋਂ ਇਨ੍ਹਾਂ ਆਦਮ-ਬੋ ਆਦਮ-ਬੋ ਕਰਦੇ ਦੈਂਤਾਂ ਦੇ ਹੱਕ ਵੱਲ ਅਤੇ ਬੇ-ਬਹਾ ਬਰਬਾਦੀ ਦੇ ਖਤਰੇ ਤੋਂ ਕੁਰਾਹੇ ਪਾਇਆ ਜਾਂਦਾ ਹੈ। ਜਾਂ ਫਿਰ ਲੱਚਰ ਸਾਹਿਤ ਵੱਲ ਮੋੜਿਆ ਜਾਂਦਾ ਹੈ। ਬੰਬਾਂ, ਮਿਜ਼ਾਇਲਾਂ ਅਦਿ ਉਪਰ ਦੁਨੀਆਂ ਵਿਚ ਹਰ ਮਿੰਟ ਦਸ ਲੱਖ ਡਾਲਰ ਅਤੇ ਦਿਹਾੜੀ ਵਿਚ ਇਕ ਸੌ ਕਰੋੜ ਡਾਲਰ ਖਰਚ ਕੀਤਾ ਜਾਂਦਾ ਹੈ। ਸਾਮਰਾਜ ਦੇਸ਼ਾਂ ਦੇ ਬੰਬ ਵਪਾਰੀ ਕੋਈ 105 ਦੇਸ਼ਾਂ ਨੂੰ ਹਥਿਆਰ ਵੇਚਦੇ ਹਨ। ਇਸ ਹਥਿਆਰਾਂ ਦੇ ਵਪਾਰ ਦੀ ਕੀਮਤ ਕੋਈ ਇਕ ਹਜ਼ਾਰ ਕਰੋੜ ਡਾਲਰ ਹੈ ਜੋ ਅਮਰੀਕਾ, ਫਰਾਂਸ, ਜਰਮਨੀ ਆਦਿ ਨੂੰ ਜਾਂਦੇ ਹਨ।

ਇਨ੍ਹਾਂ ਅਜਾਰੇਦਾਰਾਂ ਮੌਤ ਵਪਾਰੀਆਂ ਦੇ ਆਪਸੀ ਗੂੜੇ ਸਬੰਧ ਅਤੇ ਗੁਪਤ ਨਾਤੇ ਹਨ। ਇਹ ਉਚੇ ਫੌਜੀ ਅਫਸਰਾਂ ਨਾਲ ਹੇਲ ਮੇਲ ਹਨ ਅਤੇ ਇਹ ਰਲਕੇ ਸਰਕਾਰਾਂ ਅਤੇ ਪ੍ਰਬੰਧ ਨੂੰ ਆਪਣੀ ਮਰਜੀ ਅਨੁਸਾਰ ਤੋਰਦੇ ਅਤੇ ਢਾਲਦੇ ਹਨ। ਇਸ ਸਮੇਂ ਸਭ ਤੋਂ ਵੱਧ ਮੁਨਾਫਾ ਲੜਾਕੇ ਹਵਾਈ ਜਹਾਜ਼ਾਂ, ਮਿਜ਼ਾਇਲਾਂ, ਐਟਮ ਡੁਬਕਨੀਆਂ ਹਰ ਕਿਸਮ ਦੇ ਬਿਜ਼ਲਾਰੂ ਜੰਤਰਾਂ (electronic equipment) ਅਤੇ ਹਵਾਈ ਹਥਿਆਰਾਂ ਵਿਚ ਹੈ। ਅਮਰੀਕਨ ਆਰਥਕਤਾ ਤਾਂ ਜੰਗੀ ਹਥਿਆਰਾਂ ਨਾਲ ਬੱਝੀ ਹੋਈ ਹੈ। ਇਸ ਸਮੇਂ ਆਰਥਕ ਸੰਕਟ ਹੈ ਅਤੇ ਇਹ ਬੰਬ ਵਪਾਰੀ "ਨਿਊਟਰਨ ਬੰਬ" ਆਦਿ ਦੇ ਤੇਜੀ ਨਾਲ ਬਨਾਉਣ ਲਈ ਦਬਾਉ ਪਾਇਆ ਜਾ ਰਿਹਾ ਹੈ। ਇਨ੍ਹਾਂ ਮਾਰੂ ਲੜਾਕੇ ਜੰਤਰਾਂ ਪਿਛੇ ਸੌ ਫੀ ਸਦੀ ਮੁਨਾਫਾ ਹੈ। ਸੋ ਕੌਮੀ ਆਮਦਨ ਦਾ ਵੱਡਾ ਹਿੱਸਾ ਇਸ ਪਾਸੇ ਖਰਚ ਕਰਨ ਲਈ ਲਾਬੀ ਚਲਦੀ ਰਹਿੰਦੀ ਹੈ। ਇਸ ਨਾਲ ਆਮ ਟੱਬਰ ਦੀ ਵੀਹ ਫੀ ਸਦੀ ਤੋਂ ਉਪਰ ਖਰੀਦ ਸ਼ਕਤੀ ਘਟਦੀ ਹੈ।

ਅਮਰੀਕਾ ਦੇ "ਲਿਟਨ ਹਥਿਆਰ ਕਾਰਖਾਨੇਦਾਰ" ਨੂੰ 1977 ਦੇ ਜੁਲਾਈ ਤੋਂ ਸਤੰਬਰ ਵਿਚ 547 ਫੀ ਸਦੀ ਵਧ ਮੁਨਾਫਾ (1976 ਨਾਲੋਂ) ਹੋਇਆ। "ਨੌਰਥਰੌਪ ਕੋ" ਨੂੰ 483 ਫੀ ਸਦੀ "ਲੌਕਹੀਡ" ਨੂੰ 141 ਫੀ ਸਦੀ ਅਤੇ "ਫੇਅਰਚਾਈਲਡ ਕਾਰਪੋਰੇਸ਼ਨ" ਨੂੰ 140 ਫੀ ਸਦੀ ਵਧ ਮੁਨਾਫੇ ਹੋਏ। ਸੋ ਇਹ ਫੌਜੀ ਹਥਿਆਰ ਕਾਰਖਾਨੇਦਾਰ ਅਤੇ ਵਪਾਰੀ ਲੋਕਾਂ ਦੇ ਲਹੂ ਤੇ ਤ੍ਰਿਹਾਏ ਹੋਏ, ਹੋਰ ਤੇ ਹੋਰ ਮੁਨਾਫੇ ਲਈ ਲਾਬੀ ਕਰਦੇ ਰਹਿੰਦੇ ਹਨ। ਮਾਰਕਸ ਨੇ ਤਾਂ ਇਸ ਲਾਲਸਾ ਅਤੇ ਮੁਨਾਫੇ ਸਿਧਾਂਤ ਨੂੰ ਖੂਬ ਚੰਗੀ ਤਰ੍ਹਾਂ ਆਪਣੀਆਂ ਲਿਖਤਾਂ ਤੇ ਖਾਸ ਕਰ "ਕੈਪੀਟਲ" ਵਿਚ ਬੜੀ ਚੰਗੀ ਤਰ੍ਹਾਂ ਅਤੇ ਵਿਸਥਾਰ ਨਾਲ ਬਿਆਨ ਕੀਤਾ ਤੇ ਇਸ ਦੇ ਪਰਖਚੇ ਉਡਾਏ ਹਨ। ਇਸ ਵੱਧ ਤੋਂ ਵੱਧ ਮੁਨਾਫਿਆਂ ਦੀ ਲਾਲਸਾ ਬਾਰੇ ਮਾਰਕਸ ਨੇ ਲਿਖਿਆ, "ਸੌ ਫੀ ਸਦੀ (ਮੁਨਾਫੇ ਦੀ ਲਾਲਸਾ) ਵਿਚ ਇਨਸਾਨੀ ਕਾਨੂੰਨਾਂ ਨੂੰ ਪੈਰਾਂ ਥੱਲੇ ਲਤਾੜਨ ਲਈ ਤਿਆਰ ਹਨ ; ਤਿੰਨ ਸੌ ਫੀ ਸਦੀ ਮੁਨਾਫੇ ਲਈ ਹਰ ਜ਼ੁਰਮ ਕਰਨ ਲਈ ਤਿਆਰ ਅਤੇ ਹਰ ਖਤਰਾ ਮੁਲ ਲੈਣ ਲਈ ਤਿਆਰ ਹੈ। ਇਥੋਂ ਤੱਕ ਕਿ ਫਾਂਸੀ ਚੜਨ ਲਈ ਭੀ ਤਿਆਰ ਹੈ।"

ਹੁਣ ਤਾਂ ਇਨਾਂ ਵੱਡਿਆਂ ਫੌਜੀ ਦਸਤਕਾਰ ਵਪਾਰੀਆਂ ਤੇ ਕਾਰਪੋਰੇਸ਼ਨਾਂ ਨੇ ਬਹੁ-ਦੇਸ਼ੀ ਆਪਸੀ ਸਮਝੌਤੇ ਕੀਤੇ ਹੋਏ ਹਨ। ਪਰ ਇਸ ਦਾ ਇਹ ਭੀ ਭਾਵ ਨਹੀਂ ਕਿ ਇਨਾਂ ਲੋਟੂਆਂ ਅਤੇ ਮੌਤ ਵਪਾਰੀਆਂ ਦਾ ਆਪਸੀ ਮੁਕਾਬਲਾ ਤੇ ਆਪਸੀ ਵਿਰੋਧ ਖਤਮ ਹੋ ਗਏ ਹਨ।

ਅਮਰੀਕਾ ਦਾ ਫੌਜੀ- ਦਸਤਕਾਰੀ ਦਾ ਰੌਕਫੈਲਰ ਗਰੁਪ ਸਭ ਤੋਂ ਵੱਧ ਮਜ਼ਬੂਤ ਅਤੇ ਸਿਆਸੀ ਤੌਰ ਉਤੇ ਭਾਰੂ ਹੈ। ਇਸ ਦੇ ਨੇੜੇ ਦੇ ਗਰੋਹ ਮੈਕਡੌਨਿਲ ਡਗਲਸ ਅਤੇ ਬੋਇੰਗ ਐਂਡ ਯੂਨਾਈਟਿਡ ਟੈਕਨੌਲੌਜੀਜ਼ ਭੀ ਵੱਡੇ ਤਬਾਹਕੁਨ ਹਥਿਆਰ ਬਣਾਉਂਦੇ ਹਨ। ਮੈਕਡੌਨਿਲ ਡਗਲਸ ਅਮਰੀਕਨ ਫੌਜਾਂ ਨੂੰ ਸੁਪਰਸੌਨਿਕ ਫੈਨਟਮ ਬੰਬਾਰ ਅਤੇ ਐਫ-15 ਲੜਾਕੇ ਜਹਾਜ਼ ਦਿੰਦਾ ਅਤੇ ਹੁਣ "ਕਰੂਜ਼ ਮਿਜ਼ਾਇਲ ਤਿਆਰ ਕਰਨ ਰਿਹਾ ਹੈ। ਬੋਇੰਗ ਵਾਲੇ "ਮਿਨਟ ਮੈਨ" ਅੰਤਰ-ਮਹਾਂਦੀਪ "ਬੈਲਿਸਟਿਕ ਮਿਜ਼ਾਇਲ" ਦੇ ਵੱਡੇ ਠੇਕੇਦਾਰ ਹਨ। ਯੂਨਾਈਟਿਡ ਟੈਕਨਾਲੌਜੀ ਵਾਲੇ ਰੌਕਿਟ ਇੰਜਨ ਅਤੇ ਫੌਜੀ ਹੈਲੀਕੌਪਟਰ ਦੇ ਕਾਰਖਾਨੇਦਾਰ। ਇਨ੍ਹਾਂ ਤਿੰਨਾਂ ਪਾਸ ਦੋ ਲੱਖ ਚੌਹਟ ਹਜ਼ਾਰ ਕੰਮ ਕਰਨ ਵਾਲੇ ਹਨ ਅਤੇ ਇਨ੍ਹਾਂ ਤਿੰਨ ਅਜਾਰੇਦਾਰਾਂ ਨੂੰ 1976 ਵਿਚ ਬਾਰਾਂ ਅਰਬ ਪੰਜਾਹ ਕਰੋੜ ਡਾਲਰ ਦਾ ਮੁਨਾਫਾ ਹੋਇਆ ਪਰ ਦੂਜੇ ਪਾਸੇ ਲੱਖਾਂ ਲੋਕ ਗਰੀਬੀ ਦੀ ਲਕੀਰ ਤੋਂ ਥੱਲੇ ਰਹਿੰਦੇ ਹਨ। ਅਤੇ ਅਮਰੀਕਨ ਕਾਲੇ ਨੌਜੁਆਨਾਂ ਵਿਚ ਕੋਈ ਚਾਲੀ ਫੀ ਸਦੀ ਬੇਰੁਜ਼ਗਾਰੀ ਅਤੇ ਸ਼ਿਕਾਗੋ ਤੇ ਨਿਊਯਾਰਕ ਆਦਿ ਦੇ ਗਰੀਬ ਇਲਾਕਿਆਂ ਅਤੇ ਘਰਾਂ ਦੀ ਹਾਲਤ ਭਾਰਤ ਕਈ ਸ਼ਹਿਰੀ ਗਰੀਬ ਤੇ ਢੱਠੇ ਹੋਏ ਇਲਾਕਿਆਂ ਨਾਲ ਮਿਲਦੀ ਹੈ।

ਅਮਰੀਕਨ ਹਥਿਆਰ ਵਪਾਰੀਆਂ ਦੀ ਸਾਂਝ ਜਰਮਨ, ਫਰਾਂਸ ਬਿਲਜੀਅਮ ਅਤੇ ਹਾਲੈਂਡ ਆਦਿ ਦੇ ਧਨੀਆਂ ਨਾਲ ਭੀ ਹੈ। ਜਿਵੇਂ ਯੁਨਾਈਟਿਡ ਟੈਕਨਾਲੌਜੀਜ਼ ਦਾ ਇਕ ਹਿਸਾ ਹਾਲੈਂਡ ਦੀ "ਫੋਕਰ ਕੰਪਨੀ ਅਤੇ ਦੂਜਾ ਫਰਾਂਸ ਦੀ "ਨੌਰਡ ਏਵੀਏਸ਼ਨ" ਕੰਪਨੀ ਨਾਲ ਹੈ। ਇਸ ਹੀ ਤਰ੍ਹਾਂ ਨੇਦਰਲੈਂਡ ਦੇ "ਫੋਕਰ" ਬਿਲਜੀਅਮ ਦੇ "ਸਬਕਾ" ਅਤੇ ਜਪਾਨ ਦੇ "ਮਿਤ੍ਰਬਿਸ਼ੀ" ਦੀ ਸਾਂਝ ਤੇ ਅੰਤਰ ਸਬੰਧ ਅਤੇ ਅਮਰੀਕਨ ਫੌਜੀ ਪੈਂਟਾਗਨ ਨੇ ਜਪਾਨ ਨੂੰ ਭੀ ਇਸ ਫੌਜੀ ਕਰਨ ਵਿਚ ਤੇਜੀ ਨਾਲ ਭਾਈਵਾਲ ਬਣਾਇਆ ਹੈ।

ਜਰਮਨੀ ਦੀ "ਐਮ. ਬੀ. ਸੀ." ਹਥਿਆਰਾਂ ਦੇ ਵੱਡੇ ਕਾਰਖਾਨੇਦਾਰ ਹਨ। ਹੁਣ ਇਹ "ਨੇਟੋ" ਲਈ ਬਹੁ-ਪੱਖੀ ਅਤੇ ਲੜਾਕਾ ਹਵਾਈ ਜਹਾਜ਼ "ਟੌਰਨੇਡੋ" ਬਣਾ ਰਹੇ ਹਨ। ਜਰਮਨੀ ਦੇ ਇਹ ਐਮ. ਬੀ. ਸੀ. ਵਪਾਰੀ ਕੋਈ ਨਵਾਂ "ਵੰਡਰ ਬੰਬ" ਬਣਾ ਰਹੇ ਹਨ। ਇਥੇ ਦੇ "ਡੌਰਨੀਅਰ" "ਕਰੌਸ ਮਫੀ" "ਹੋਵਾਲਡ" "ਸੀਮਨਜ਼", ਫੈਲੀਫੰਕਨ ਆਦਿ ਵੱਡੇ ਹਥਿਆਰ ਅਜਾਰੇਦਾਰ ਹਨ ਅਤੇ ਪੱਛਮੀ ਜਰਮਨੀ ਦੀ ਇਸ ਦਸਤਕਾਰੀ ਵਿਚ ਦੋ ਲੱਖ ਵੀਹ ਹਜ਼ਾਰ ਤੋਂ ਵੱਧ ਲੋਕ ਇਨਾਂ ਵਿਚ ਕੰਮ ਕਰਦੇ ਹਨ। ਇਸ ਹੀ ਤਰ੍ਹਾਂ ਫਰਾਂਸ ਦੇ ਮੌਤ ਵਪਾਰੀਆਂ ਅਧੀਨ ਕੋਈ ਦੋ ਲੱਖ ਸੱਤਰ ਹਜ਼ਾਰ ਲੋਕ ਕੰਮ ਕਰਦੇ ਹਨ।

ਨੇਟੋ ਜੋ ਸਮਾਜਵਾਦੀ ਦੇਸ਼ਾਂ ਅਤੇ ਕੌਮੀ ਆਜ਼ਾਦੀ ਤੇ ਅਗਾਂਹ ਵਧੂ ਲਹਿਰਾਂ ਵਿਰੋਧੀ ਸਾਮਰਾਜੀਆਂ ਦਾ ਗੱਠ ਜੋੜ ਹੈ, ਇਹ ਅਮਰੀਕਾ ਦੇ ਅਤੇ ਫਿਰ ਇਨਾਂ ਮੌਤ ਹਥਿਆਰਾਂ ਦੇ ਵਪਾਰੀਆਂ ਦੇ ਪੰਜੇ ਵਿਚ ਹੈ। ਇਸ ਵਿਚ ਉਚ ਫੌਜੀ ਅਫਸਰ ਅਜਾਰੇਦਾਰ ਕਾਰਖਾਨੇਦਾਰਾਂ ਨਾਲ ਭਾਈਵਾਲ ਹਨ। ਕਈ ਹੋਰ ਐਟਮ, ਰਸਾਇਣ ਅਤੇ ਖੋਜ ਆਦਰੇ ਭੀ ਮਾਰੂ ਹਥਿਆਰਾਂ ਦੀ ਪੈਦਾਵਾਰ ਵਿਚ ਭਾਈਵਾਲ ਹਨ। ਇਥੋਂ ਤਕ ਕਿ ਕਈ ਯੁਨੀਵਰਸਿਟੀਆਂ ਆਦਿ ਵਿਚ ਭੀ ਭੇਦ ਭਰੇ ਹਾਲਾਤ ਅਧੀਨ ਇਹ ਲੋਕ ਖੋਜ ਕਰਾਉਂਦੇ ਹਨ। ਇਹ ਸਾਰੀ ਸਾਜ਼ਿਸ਼ ਅਤੇ ਡਰਾਮਾ ਸਭ ਦੇ ਸਾਹਮਣੇ ਖੇਡਿਆ ਜਾ ਰਿਹਾ ਹੈ।

ਇਨ੍ਹਾਂ ਅਜ਼ਾਰੇਦਾਰਾਂ ਨਾਲ ਉਚ ਅਧਿਕਾਰੀ ਅਤੇ ਸਿਆਸਤਦਾਨ ਭੀ ਸ਼ਾਮਲ ਹਨ। ਹਥਿਆਰ ਕਾਰਖਾਨੇਦਾਰਾਂ ਨੂੰ ਬਿਨਾਂ ਵਿਆਜ ਗਰਾਂਟਾਂ ਅਤੇ ਕਰਜੇ ਦਿਤੇ ਜਾਂਦੇ ਹਨ। ਫੈਕਟਰੀਆਂ ਸਸਤੇ ਭਾਅ ਉਤੇ ਕੱਚਾ ਮਾਲ ਘੱਟ ਕੀਮਤ ਉਤੇ ਦਿਤਾ ਜਾਂਦਾ ਹੈ। ਵੇਚਣ ਜਾਂ ਖਪਤ ਮੰਡੀ ਦੀ ਭਾਲ ਦੀ ਲੋੜ ਨਹੀਂ ਕਿਉਂਕਿ ਉਹ ਤਾਂ ਪਹਿਲਾਂ ਹੀ ਤਿਆਰ ਹੈ।

ਉਚ ਪ੍ਰਬੰਧਕ ਤੇ ਰੀਟਾਇਰ ਹੋਰ ਸਿਵਲ ਤੇ ਫੌਜੀ ਅਫਸਰ ਆਮ ਹੀ ਇਨਾਂ ਹਥਿਆਰ ਅਜਾਰੇਦਾਰਾਂ ਅਤੇ ਵਪਾਰ ਕੰਪਨੀਆਂ ਵਿਚ ਲੱਗੇ ਹੋਏ ਹਨ ਪਰ ਬਹੁਤ ਸਾਰੇ ਲੋਕਾਂ ਦੇ ਨਾਮ ਬਾਹਰ ਨਹੀਂ ਦੱਸੇ ਜਾਂਦੇ। ਸੈਨੇਟਰ ਜੈਕਸਨ (ਜੋ ਡੈਮੋਕਰੇਟਿਕ ਨੇਤਾ ਹੈ) ਦਾ ਬੋਇੰਗ ਕਾਰਪੋਰੇਸ਼ਨ ਨਾਲ ਨੇੜੇ ਦਾ ਨਾਤਾ ਹੈ। ਪੈਂਟਾਗਨ ਦੇ ਰਹਿ ਚੁਕੇ 160 ਅਫਸਰ ਇਨਾਂ ਕੰਪਨੀਆਂ ਵਿਚ ਚੰਗੀਆਂ ਨੌਕਰੀਆਂ ਉਤੇ ਹਨ। ਕਈ ਹਜ਼ਾਰ ਰੀਟਾਇਰ ਹੋਏ ਕਰਨਲ ਤੇ ਜਰਨੈਲ ਇਨਾਂ ਕਾਰਪੋਰੇਸ਼ਨਾਂ ਵਿਚ ਕੰਮ ਕਰਦੇ ਹਨ। ਜਿਵੇਂ ਮੈਕਡੌਨਿਲ ਡਗਲਸ, ਲੌਕਹੀਡ, ਤੇ ਬੋਇੰਗ ਵਿਚ 500 ਰਹਿ ਚੁਕੇ ਅਫਸਰ ਸਲਾਹਕਾਰਾਂ ਅਤੇ ਡਾਇਰੈਕਟਰਾਂ ਦੇ ਤੌਰ ਉਤੇ ਕੰਮ ਕਰਦੇ ਹਨ।

ਜਰਮਨੀ ਦੀ ਸੱਜ ਪਿਛਾਖੜ ਕਰਿਸਟੀਅਨ ਡੈਮੋਕਰੇਟਿਕ ਯੂਨੀਅਨ ਦੇ ਨੇਤਾ ਸ੍ਰੀ ਸਟਰਾਸ ਦੇ ਭੀ "ਐਮ. ਬੀ. ਬੀ." ਹਥਿਆਰ ਅਜਾਰੇਦਾਰ ਨਾਲ ਨੇੜੇ ਦੇ ਸਬੰਧ ਹਨ। ਇਸ ਹੀ ਤਰ੍ਹਾਂ ਦੂਜੇ ਦੇਸ਼ਾਂ ਦੇ ਮੰਤਰੀਆਂ ਆਦਿ ਦੇ ਭੀ ਸਬੰਧ ਹਨ। ਅਤੇ ਫਿਰ ਮਾਇਕ ਲਾਭ ਭੀ ਹਾਸਲ ਹੁੰਦੇ ਹਨ। ਇਹ ਅਜਾਰੇਦਾਰ ਪ੍ਰਬੰਧਕਾਂ ਅਤੇ ਸਿਆਸਤਦਾਨਾਂ ਤੋਂ ਦਬਾਅ ਨਾਲ ਕੰਮ ਕਰਾਉਂਦੇ ਹਨ। ਕਿਉਂਕਿ ਇਹ ਪ੍ਰਬੰਧਕ ਅਤੇ ਸ਼ਾਸਕ ਤਾਂ ਉਨ੍ਹਾਂ ਦੇ ਨੁਮਾਇੰਦੇ ਹਨ।

ਇਸ ਸਾਰੇ ਮਾਰੂ ਅਥਾਹ ਖਰਚ ਦਾ ਭਾਰ ਟੈਕਸਾਂ ਰਾਹੀਂ ਆਮ ਲੋਕਾਂ ਉਪਰ ਪਾਇਆ ਜਾਂਦਾ ਹੈ। ਇਸ ਫਜ਼ੂਲ ਵਧਾਏ ਹੋਏ ਖਰਚ ਨਾਲ ਲੋਕਾਂ ਦੀ ਖਰੀਦ ਸ਼ਕਤੀ ਘਟਦੀ, ਮੁਨਾਫੇ ਅਤੇ ਕੀਮਤਾਂ ਵਿਚ ਵਾਧਾ ਆਦਿ। ਸਿੱਟੇ ਵਜੋਂ ਪੈਸੇ ਦਾ ਫੈਲਾਉ (ਇਨਫਲੇਸ਼ਨ) ਜਿਸ ਨਾਲ ਮਜ਼ਦੂਰ ਅਤੇ ਕਿਸਾਨ ਉਪਰ ਹੋਰ ਸੱਟ ਪੈਂਦੀ ਹੈ। ਸਾਮਰਾਜੀ ਦੇਸ਼ ਆਪਣੇ ਸੰਕਟ ਨੂੰ ਟਾਲਣ ਲਈ ਜੰਗ ਦੇ ਅਖਾੜਿਆਂ ਲਈ ਦੌੜੇ ਫਿਰਦੇ ਹਨ। ਆਪਣੇ ਦੇਸ਼ਾਂ ਵਿਚ ਪਲੇ ਪਲਾਏ ਸਸਤੇ ਮਜ਼ਦੂਰਾਂ ਨੂੰ ਭੀ ਨਸਲਵਾਦ ਅਤੇ ਹਿੰਸਾ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਬਦੇਸ਼ੀ ਜਾਂ ਅਵਾਸੀ ਮਜ਼ਦੂਰ ਨੂੰ ਦੇਸੀ ਮਜ਼ਦੂਰ ਨਾਲੋਂ ਪਾੜਨ ਅਤੇ ਉਨ੍ਹਾਂ ਦੀ ਜੰਗ ਵਿਰੁਧ ਏਕਤਾ ਤੇ ਅਗਾਂਹ ਵਧੂ ਨਿਸ਼ਾਨੇ ਵਲ ਵਧਣ ਤੋਂ ਰੋਕਣ ਲਈ ਇਹ ਹਰ ਉਪਰਾਲਾ ਕਰਦੇ ਅਤੇ ਭੁਲੇਖੇ ਪਾਉਂਦੇ ਹਨ। ਧਨੀ ਅਮਰੀਕਾ ਦੇਸ਼ ਵਿਚ ਹੀ ਢਾਈ ਕਰੋੜ ਲੋਕ ਅਤਿ ਗਰੀਬੀ ਵਿਚ ਰਹਿ ਰਹੇ ਹਨ। ਇਹ ਆਦਮ ਖੋਰ ਵਿਗਿਆਨਕ ਅਤੇ ਟੈਕਨੀਕਲ ਖੋਜ ਤੇ ਉਨਤੀ ਨੂੰ ਲੋਕਾਂ ਦੀ ਬੇਹਤਰੀ ਲਈ ਵਰਤਣ ਦੇ ਵਿਰੁਧ ਹਨ। ਹਥਿਆਰਾਂ ਉਪਰ ਅਰਬਾਂ ਡਾਲਰ ਦੇ ਖਰਚ ਨੂੰ ਬੰਦ ਕਰਕੇ ਆਮ ਲੋਕਾਂ ਦੇ ਰੋਟੀ ਕਪੜੇ, ਸੇਹਤ ਵਿਦਿਆ ਅਤੇ ਘਰਾਂ ਉਪਰ ਖਰਚਣ ਦਾ ਵਿਰੋਧ ਕਰਦੇ ਹਨ। ਸਗੋਂ ਆਖਦੇ ਹਨ ਕਿ ਇਹ ਲੋਕ ਘਟੀਆ, ਸੁਸਤ ਅਤੇ ਮਾੜੇ ਦਿਮਾਗ ਦੇ ਹੋਣ ਕਰਕੇ ਗਰੀਬ, ਪਛੜੇ ਹੋਏ ਤੇ ਵਾਂਝੇ ਹਨ। ਇਹ ਅਜਾਰੇਦਾਰ ਡਰਦੇ ਹਨ ਕਿ ਕਿਤੇ ਚੇਤੰਨ ਤੇ ਇਕੱਠੇ ਹੋ ਕੇ ਮਜ਼ਦੂਰ ਕਿਸਾਨ ਇਨਾਂ ਦਾ ਵਿਰੋਧ ਨਾ ਕਰਨ। ਸਰਮਾਏਦਾਰੀ ਤਾਂ ਜਨਮ ਤੋਂ ਹੀ ਲਹੂ ਭਿਜੀ ਅਤੇ "ਹਰ ਮੁਸਾਮ ਵਿਚ ਖੂਨ ਕੇਰਦੀ ਆਈ ਹੈ" (ਮਾਰਕਸ)। ਇਸ ਤੋਂ ਹੋਰ ਵੱਖਰੀ ਕਿਸਮ ਦੀ ਤੇ ਚੰਗੀ ਆਸ ਰਖਣਾ ਵੱਡੀ ਭੁੱਲ ਹੈ। ਪਰ ਇਹ ਅਜਾਰੇਦਾਰ ਭੀ ਭੁਲਦੇ ਹਨ ਕਿ ਸਦਾ ਇਨਾਂ ਦਾ ਬੋਲ ਬਾਲਾ ਰਹੇਗਾ। ਜੀਵਨ ਸਮਾਜ ਤੇ ਪ੍ਰਕਿਰਤੀ ਗਤੀ ਵਿਚ ਹਨ। ਗਲ ਅੱਗੇ ਨੂੰ ਹੀ ਜਾਣੀ ਹੈ ਮਜ਼ਦੂਰ ਕਿਸਾਨ ਨੇ ਉਠਣਾ ਇਕੱਠੇ ਹੋਣਾ ਅਤੇ ਆਖਰ ਕਰ ਘਮੰਡੀ ਸਰਮਾਏਦਾਰੀ ਅਜਾਰੇਦਾਰੀ ਦਾ ਲੋਕ ਲਹਿਰਾਂ ਨੇ ਇੰਗਲੈਂਡ ਦੇ "ਬਾਦਸ਼ਾਹ ਕੈਨੀਉਟ" ਦੇ ਤਖਤ ਦਾ ਸਮੁੰਦਰੀ ਲਹਿਰਾਂ ਦੇ ਰੋੜ ਕੇ ਡਬਾਉਣ ਵਾਂਗ, ਮੌਤ ਵਪਾਰੀਆਂ ਨੂੰ ਖਤਮ ਕਰ ਦੇਣਾ ਹੈ।

ਨੁਕਲੀਅਰ ਅਤੇ ਹੋਰ ਹਥਿਆਰਾਂ ਦੀ ਦੌੜ ਨੂੰ ਬੰਦ ਕਰਨ ਦੀ ਲੋੜ ਲਈ ਇਸ ਵਿਰੁਧ ਲੋਕ ਰਾਏ ਉਸਾਰਨੀ ਜ਼ਰੂਰੀ ਹੈ। ਨਿਰਪੱਖ ਦੇਸ਼ਾਂ ਦੀ 1961 ਦੀ ਮੀਟਿੰਗ ਵਿਚ ਭੀ ਨਸ਼ੱਸ਼ਤਰੀ ਕਰਨ ਦੇ ਮਸਲੇ ਉਤੇ ਦੁਨੀਆਂ ਭਰ ਦੀ ਕਾਨਫਰੰਸ ਸੱਦਣ ਦੀ ਤਜਵੀਜ਼ ਸੀ ਅਤੇ ਫਿਰ ਉਨ੍ਹਾਂ ਦੀ ਪੰਜਵੀਂ ਉਚ ਸਮੇਲਨ ਕਾਨਫਰੰਸ ਨੇ ਫਿਰ ਇਹ ਗੱਲ ਯੂ. ਐਨ. ਓ. ਦੇ ਅਜੰਡੇ ਲਈ ਨੋਟ ਕਰਵਾਈ ਅਤੇ ਯੂ. ਐਨ. ਓ. ਵਿਚ ਬਹਿਸ ਅਤੇ ਮਤਿਆਂ ਵਿਚੋਂ ਸਗੋਂ ਸਾਮਰਾਜੀ ਦੇਸ਼ਾਂ ਨੇ ਇਹ ਕੰਮ ਹੋਰ ਭੀ ਤੇਜ ਕਰ ਦਿੱਤਾ। ਅਸਲ ਵਿਚ ਜਿੰਨੀ ਦੇਰ ਲੋਟੂ ਜਮਾਤਾਂ ਕਾਇਮ ਅਤੇ ਸਰਮਾਏਦਾਰੀ ਲੁਟ ਮਾਰ ਦਾ ਪ੍ਰਬੰਧ ਅਤੇ ਸਿਧਾਂਤ ਕਾਇਮ ਹੈ। ਉਨਾਂ ਦੇਰ ਜੰਗ ਦਾ ਫਲਸਫਾ ਕਾਇਮ ਰਹੇਗਾ। ਬਸਤੀਵਾਦ ਅਤੇ ਲੁਟ ਮਾਰ ਦੇ ਪ੍ਰਬੰਧ ਦੀ ਮੌਤ ਨਾਲ ਹੀ ਜੰਗ ਅਤੇ ਮਾਰੂ ਹਥਿਆਰਾਂ ਦਾ ਭੋਗ ਪਵੇਗਾ।

ਦਸਤਕਾਰੀ ਤੌਰ ਤੇ ਪਛੜੇ ਹੋਏ ਦੇਸ਼ਾਂ ਪਛੜੇਵਾਂ ਇਨਾਂ ਸਾਮਰਾਜੀਆਂ ਦੀ ਬਸਤੀਵਾਦੀ ਅਤੇ ਨਵ-ਬਸਤੀਵਾਦੀ ਲੁਟ ਮਾਰ ਅਤੇ ਪਾਸਕੂ ਵਪਾਰ (ਸਾਮਰਾਜੀਆਂ ਦੇ ਹੱਕ ਅਤੇ ਘੱਟ ਉਨਤ ਦੇਸ਼ਾਂ ਲਈ ਹਾਨੀਕਾਰਕ ਮੁਆਦੇ ਆਦਿ) ਜੁੰਮੇਵਾਰ ਹਨ। ਇਸ ਸਭ ਲਈ ਸਾਮਰਾਜੀ ਆਪਣੇ ਮੌਤ ਵਪਾਰੀਆਂ ਨਾਲ ਹਿਸਾ ਪਾਉਂਦੇ ਅਤੇ ਹਥਿਆਰਾਂ ਲਈ ਖਪਤ ਮੰਡੀਆਂ ਲਈ ਭੀ ਜ਼ੋਰ ਲਾਉਂਦੇ ਹਨ। ਨਸ਼ੱਸ਼ਤਰੀ ਕਰਨ ਨਾਲ ਲੋਕਾਂ ਨੂੰ ਜੰਗ ਦੇ ਖਤਰੇ ਅਤੇ ਮੌਤ ਤੋਂ ਬਚਾਉਣ ਦੇ ਨਾਲ ਨਾਲ ਕਰੋੜਾਂ ਡਾਲਰ ਬਚਾ ਕੇ ਲੋਕਾਂ ਦੀ ਖੁਰਾਕ ਸੇਹਤ ਘਰਾਂ ਅਤੇ ਵਿਦਿਆ ਉਪਰ ਖਰਚੇ ਜਾ ਸਕਦੇ ਹਨ। ਪਰ ਇਹ ਤਦ ਹੀ ਹੋ ਸਕੇਗਾ ਜੇ ਕਰ ਹਰ ਦੇਸ਼ ਵਿਚ ਲੋਟੂਆਂ ਦੇ ਵਿਰੁਧ ਅਮਨ ਅਤੇ ਸਮਾਜਵਾਦ ਲਈ ਮਜ਼ਬੂਤ ਲਹਿਰ ਉਸਾਰਨ ਵਲ ਤੇਜੀ ਨਾਲ ਵਧਿਆ ਜਾਏ।

ਅਗਲਾ — ਅਮਨ ਲਹਿਰ —

■ ਫੋਰਮੈਨ : ਦਾਅਵੇ ਦੇ ਨਾਲ ਕਹਿ ਸਕਦਾ ਹਾਂ ਕਿ ਤੂੰ ਉਨ੍ਹਾਂ ਲੋਕਾਂ ਵਿੱਚੋਂ ਹੈਂ, ਜੋ ਘੰਟੀ ਵੱਜਦੇ ਹੀ ਕੰਮ ਛੱਡ ਕੇ ਚਲ ਪੈਂਦੇ ਹਨ.

ਮਜ਼ਦੂਰ : ਜੀ ਨਹੀਂ, ਕੰਮ ਕਰਨ ਦੇ ਬਾਅਦ ਮੈਂ ਆਮ ਤੌਰ 'ਤੇ ਪੰਜ ਮਿੰਟ ਤੱਕ ਘੰਟੀ ਵੱਜਣ ਦਾ ਇੰਤਜ਼ਾਰ ਕਰਦਾ ਹਾਂ.

*You are cordially invited to...*

# AMBIKA

SAVE!

30 ਜੂਨ ਤੋਂ 10 ਜੁਲਾਈ ਤੱਕ

SAVE!

## Grand Anni

ਵਰ੍ਹੇ ਗੰਢ ਸੇਲ

| | | |
|---|---|---|
| **Almond** **$6.99** ਬਦਾਮ 1800 G [4 LB.] | **Farin Atta Flour** **$3.95** 10 KG. BAG ਰੋਟੀ ਆਟਾ (ਫਾਰੀਨ) | **Robinhood All Purpose Maida** **$5.69** [Yellow Bag] 10 KG. ਰੌਬਿਨਹੁਡ ਮੈਦਾ |
| Goar (By the Bhille) **Jaggary Brown Sugar** FROM INDIA **59c lb.** ਗੁੜ ਬਰਾਊਨ ਸ਼ੂਗਰ | **Shona Saag** 2 TIN FOR **99c** ਸ਼ੋਹਣਾ ਸਾਗ | **Panch Ranga Achar** 750 MG. **$1.49** ਪਚਰੰਗਾ ਅਚਾਰ |

| | | | |
|---|---|---|---|
| ਅੰਬ ਦਾ ਗੁੱਦਾ **Mango Pulp** 800 GM. TIN **$1.49** | **Chilli Pawder** **99c lb.** ਚਿਲੀ ਪਾਊਡਰ | **Haldi** **99c lb.** ਹਲਦੀ | **Whole Dhaniya** **99c lb.** ਸਾਬਤ ਧਨੀਆ |
| **Corn Mutton** **$1.89** TIN ਕੀਮਾਂ ਕਰਨ ਮਟਨ **Goat Meat** **$2.89 lb.** ਬੱਕਰੇ ਦਾ ਮੀਟ | *MEAT DEPARTMENT* ਮੀਟ ਵਾਲੇ ਪਾਸੇ **Chicken Legs** **99c lb.** ਮੁਰਗੇ ਦੀਆਂ ਲੱਤਾਂ | **Lamb Chop** **$1.47 lb.** ਲੈਂਬ ਚੌਪ | **Chicken Fryer** **99c lb.** ਸਾਬਤ ਮੁਰਗਾ |









ਹਰ ਸਨਿਚਰਵਾਰ ਨੂੰ
ਫੀਜੀ ਤੋਂ ਤਾਜੀਆਂ ਸਬਜ਼ੀਆਂ



*VEGETABLES ARRIVE FROM FIJI EVERY SATURDAY*

# FOODS

SAVE!

...rsary Sale

ਵਰ੍ਹੇ ਗੰਢ ਸੇਲ

30 ਜੂਨ ਤੋਂ 10 ਜੁਲਾਈ ਤੱਕ

LOTTO 649

For your **649 LOTTO CENTRE**

## BUY NOW AND SAVE!

| | | | |
|---|---|---|---|
| **Red Lentils**<br>**29c lb.**<br>ਲਾਲ ਮਸਰ | **Split Peas**<br>**19c lb.**<br>ਸਪਲਿਟ ਪੀਜ਼ | ***BEANS***<br>**Tooar Dal oily**<br>**79c lb.**<br>ਬੀਨਸ | **Black Chana**<br>**49c lb.**<br>ਕਾਲੇ ਛੋਲੇ |
| **Long Grain Rice**<br>50 LB. OR 20 KG.<br>**$12.49**<br>ਲੌਂਗ ਗਰੇਨ ਚਾਵਲ | **Basmati Rice**<br>**69c lb**<br>ਬਾਸਮਤੀ ਚਾਵਲ | ***RICE***<br>**Parboil Rice**<br>25LB. OR 10 KG.<br>**$10.89**<br>ਪਰਬੋਇਲ ਚਾਵਲ | **SUGAR**<br>**BEST PRICE IN TOWN**<br>ਖੰਡ |
| **Vegetable Oil**<br>**$2.99**<br>ਵੈਜੀਟੇਬਲ ਆਇਲ | ***VEGETABLE OIL***<br>**Vegetable oil**<br>16 LIT.<br>**$14.89**<br>ਵੈਜੀਟੇਬਲ ਆਇਲ | **Safflo**<br>3 LIT<br>**$4.49**<br>ਸੇਫਲੋ | ਖਾਣਾ ਪਕੌਣ ਵਾਲੇ ਤੇਲ<br>**Mazzola**<br>3 LIT.<br>**$5.39**<br>ਮਜ਼ੋਲਾ |

***WE RESERVE RIGHT TO LIMIT QUANTITY***  ***PRICES EFFECTIVE FROM JUNE30 TO JULY 10 OR WHILE STOCKS LAST.***

***PRICES SUBJECT TO CHANGE***



***Cash & Carry - No Cheques***

*Large varieties of fresh vegetables/fruits from Fiji*

*"SEEING IS BELIEVING"*

ਹਰ ਸਨਿਚਰਵਾਰ ਨੂੰ
ਫੀਜੀ ਤੋਂ ਤਾਜੀਆਂ ਸਬਜੀਆਂ

# 5125 Victoria Drive, Vancouver

## PHONE: 327—0295

# ਸਾਹਿਤ ਦਰਪਣ

## ਯਾਦ

ਮੱਖਣ ਸਿੰਘ "ਟੁਟ"

ਤੁਰਨ ਲੱਗਿਆਂ ਯਾਦ ਤੇਰੀ ਆ ਗਈ ।
ਚਿਹਰੇ ਉਤੇ ਬਣ ਉਦਾਸੀ ਛਾ ਗਈ ।
ਹੰਝੂਆਂ ਨੇ ਹੜ੍ਹ ਜਿਹਾ ਲੈ ਆਂਦਾ ।
ਭੁੱਬਾਂ ਮਾਰ ਉਠੀ ਦਿਲੋਂ ਧਾਹ ਜਿਹੀ ।
ਜਿਸ ਮਿਟੀ 'ਚ ਬਚਪਨ ਸੀ ਖੇਡਿਆ
ਆਉਂਦੀ ਵਾਰੀ ਧੂੜ ਮੱਥੇ ਲਾ ਲਈ ।
ਯਾਦ ਆਉਣ ਅਜੇ ਛਾਵਾਂ ਬੋਹੜ ਦੀਆਂ
ਜਿਥੇ ਸੀ ਜਵਾਨੀ ਪੀਂਘਾ ਪਾ ਗਈ ।
ਪਿੰਡ ਮੇਰੇ ਜੂਹ ਰੋਈ ਮਾਂ ਵਾਂਗੂੰ
ਸੱਥ ਗੁਜਾਰੀ ਘੜੀ ਚੇਤੇ ਆ ਗਈ ।
ਧੀ ਵਿਆਂਦੜ ਵਾਂਗੂੰ ਤੈਨੂੰ ਛੱਡ ਤੁਰੇ
ਰੂਹ ਸਾਡੀ ਕੂੰਜ ਵਾਂਗ ਕੁਰਲਾ ਰਹੀ ।
ਜਲਾਵਤਨੀ ਕੋਈ ਨਾ ਚੁਮਿਓਂ ਸਾਡੀ ਤਰ੍ਹਾਂ
ਪ੍ਰਦੇਸਾਂ ਮਜ਼ਬੂਰੀ ਹੱਸ ਵਿਆਹ ਲਈ ।

## ਇਹ ਨਗਰੀ

(ਪਛਮੀ-ਸਭਿਅਤਾ ਦੇ ਨਾਂ)

ਸੋਨੇ ਦੇ ਪਿੰਜਰੇ 'ਚ
ਬੰਦ ਹੈ ਬੁਲਬੁਲ
ਸੋਨੇ ਦੇ ਹੱਥਾਂ ਤੇ
ਖੇਡਣ ਗੋਲੇ ਕਬੂਤਰ
ਖਿਜਾਂ ਦੀ ਰੁੱਤੇ ਮਹਿਕੇ
ਨਕਲੀ ਬਹਾਰਾਂ ਦੀ ਖੁਸ਼ਬੋ
ਗਲੀਆਂ 'ਚ ਉਡਦਾ
ਕਾਗਜ਼ੀ ਚਮਨ
ਇਹ ਕੇਹੀ ਨਗਰੀ ਹੈ ਯਾਰੋ ?
ਜਿਥੇ ਸਯਾਦ ਹੱਸਦਾ ਹੈ
ਬੁਲਬੁਲ ਮਦਹੋਸ਼ ਹੈ
ਗੋਲੇ ਕਬੂਤਰਾਂ ਦੀ
ਖੰਭ ਕੱਟੀ ਉਡਾਰੀ
ਸੋਨੇ ਦੇ ਹੱਥਾਂ ਤੇ ਆ ਲਹਿੰਦੀ
ਚਾਨਣ ਦੀ ਕਬਰ ਤੇ ਹੁੰਦਾ
ਨੰਗੇ ਨਾਚ ਦਾ ਮੁਜਰਾ ।
ਅਗਰ ਦੀਆਂ ਕੇਹੀਆਂ ਇਹ ਗਲੀਆਂ ?
ਜਿਥੇ ਭਟਕਦੀਆਂ ਰੂਹਾਂ ਵਾਂਗ
ਭਟਕਣ ਲਾਵਾਰਸਾਂ ਦੇ ਵਜੂਦ
ਫਿਰ ਪਤਾ ਨਹੀਂ
ਕਿਸ ਮੋੜ ਤੇ ਲਿਖਿਆ ਜਾਵੇ
ਪਿਓ-ਧੀ ਦਾ ਸੰਜੋਗ
ਜਾਂ ਮਾਂ-ਪੁੱਤ ਦਾ ਕਿੱਸਾ
ਚਾਨਣ ਦੇ ਨੇਤਰ ਕੱਢੇ
ਸੱਚ ਦੀ ਜੀਭ ਕੱਟੇ
ਅੰਨ੍ਹੇ ਰਾਂਗਲੇ ਪਲੰਘੀ
ਮਾਤਰੀ-ਖੂਨ ਸੇਜ ਚੜ੍ਹੇ
ਤੇ ਜਦ -
ਚਾਨਣ ਜ਼ਿਹਨ 'ਚ ਵੜੇ,
ਕੋਈ ਦਰਿਆ ਜਾਂ ਇਮਾਰਤ
ਬੈਠੀ ਮੌਤ ਲਕੋਈ,
ਇਸ ਨ੍ਹੇਰੇ ਦੀ ਕਾਲਖ ਤੇ
ਚਾਨਣ ਦਾ ਪਰਦਾ ਪਾ
ਨਗਰ ਰਖਵਾਲੀ ਪਤ੍ਰਕਾ ਰੋਈ
"ਕੱਲ੍ਹ ਕੋਈ "ਮੀਰਾ"
ਜ਼ਹਿਰ ਪੀ ਮੋਈ ।"

---

### ਟੈਲੀਫੂਨ

ਪ੍ਰੋਫੈਸਰ—ਕੀ ਤੁਸੀਂ ਦਸ ਸਕਦੇ ਹੋ ਕਿ ਟੈਲੀਫੂਨ ਦੀਆਂ ਤਾਰਾਂ ਜ਼ਿਆਦਾ ਉੱਚੀਆਂ ਕਿਉਂ ਲਾਈਆਂ ਜਾਂਦੀਆਂ ਹਨ.

ਵਿਦਿਆਰਥੀ—ਤਾਂ ਜੋ ਕੋਈ ਗੱਲ ਨਾਂ ਸੁਣ ਲਏ.

## ਕਹਾਣੀ :

# ਲੇਡੀਜ਼ ਸੰਗੀਤ

ਸੋਹਣ ਸੁਰਿੰਦਰ ਸੰਘਾ ਸਕਰੂਲਵੀ

"ਚਾਚੀ ਮੱਥਾ ਟੇਕਨੀਆਂ ।" ਜ਼ਰਾ ਅੱਗੇ ਨੂੰ ਝੁਕ ਕੇ ਰੇਸ਼ਮ ਕੌਰ ਨੇ ਇੰਦ ਕੌਰ ਨੂੰ ਆਖਿਆ । "ਠੰਡੀ ਰਹਿ, ਸਪੁਤੀ ਰਹਿ, ਬੁਢ ਸੁਹਾਗਣ ਹੋਵੇਂ" ਇੰਦ ਕੌਰ ਸਹਿਜ ਸੁਭਾਅ ਕਹਿ ਗਈ । "ਨਾਲੇ ਵਧਾਈਆਂ ਤੈਨੂੰ ਸੁਖ ਨਾਲ ਪੋਤੇ ਦੇ ਵਿਆਹ ਦੀਆਂ ।" ਰੇਸ਼ਮ ਕੌਰ ਨੇ ਆਪਣਾ ਫਰਜ਼ ਪੂਰਾ ਕੀਤਾ ।

"ਤੈਨੂੰ ਸਵਾਈਆਂ, ਧੰਨ ਭਾਗ ਕੁੜੀ ਤੈਨੂੰ ਭੀ ਨਾਲ ਲੈ ਆਈ । ਆ ਤੈਨੂੰ ਬਹੂ ਦਿਖਾਨੀ ਆਂ । ਨਿਰੀ ਚੰਦ ਵਰਗੀ, ਸੁਖ ਨਾਲ ਸੋਲ੍ਹਵੀਂ ਦੇ ਪਰਚੇ ਪਾ ਕੇ ਆਈ ਆ ।" ਰੇਸ਼ਮ ਕੌਰ ਦੇ ਨਾਲ ਤੁਰਦੀ ਇੰਦ ਕੌਰ ਨੇ ਆਖਿਆ ।

ਰੇਸ਼ਮ ਕੌਰ ਨੂੰ ਇੰਦ ਕੌਰ ਨਾਲ ਗੱਲਾਂ ਕਰਦੀ ਨੂੰ ਛੱਡ ਕੇ ਜੀਤੋ ਕਾਰ ਦੀਆਂ ਚਾਬੀਆਂ ਦੀ ਰਿੰਗ ਹੱਥ ਵਿਚ ਛਣਕਾਉਂਦੀ ਗਿੱਧੇ ਪੈਂਦੇ ਵੱਲ ਤੁਰ ਪਈ । ਦਰਸ਼ਨ ਨੇ ਜੋ ਮੂਵੀ ਬਣਾਉਂਦਾ ਸੀ, ਕੈਮਰੇ ਦੀ ਤੇਜ ਲਾਈਟ ਜੀਤੋ ਦੀਆਂ ਅੱਖਾਂ ਵਿਚ ਮਾਰੀ । ਜੀਤੋ ਨੇ ਅੱਖਾਂ ਅੱਗੇ ਚੁੰਨੀ ਸਰਕਾ ਲਈ । ਮੀਤੋ, ਜਿਸ ਦੇ ਭਰਾ ਦਾ ਵਿਆਹ ਸੀ, ਗਿੱਧੇ ਵਿਚ ਨਚਦੀ ਨੇ ਜੀਤੋ ਦਾ ਘੁੰਡ ਜਿਹਾ ਕੱਢਿਆ ਵੇਖ ਕੇ, ਜੀਤੋ ਨੂੰ ਬਾਂਹੋ ਫੜ ਕੇ ਪਿੜ ਵਿਚ ਵਾੜ ਲਿਆ ਨਾਲੇ ਬੋਲੀ ਚੱਕਤੀ,

ਘੁੰਡ ਦਾ ਗੋਰੀਏ ! ਕੰਮ ਕੀ ਗਿੱਧੇ ਵਿਚ
ਏਥੇ ਬੈਠੇ ਤੇਰੇ ਹਾਣੀ
ਜਾਂ ਘੁੰਡ ਕੱਢਦੀ ਬਹੁਤੀ ਸੋਹਣੀ
ਜਾਂ ਘੁੰਡ ਕੱਢਦੀ ਕਾਣੀ
ਤੂੰ ਤਾਂ ਮੈਨੂੰ ਦਿਸੇ ਸ਼ੁਕੀਨਣ
ਘੁੰਡ ਚੋਂ ਮੈਂ ਅੱਖ ਪਛਾਣੀ
ਖੁਲ੍ਹ ਕੇ ਨੱਚ ਲੈ ਨੀ
ਬਣ ਜਾ ਗਿੱਧੇ ਦੀ
ਖੁਲ੍ਹ ਕੇ ..........

ਜੀਤੋ ਤੇ ਮੀਤੋ ਇਕ ਹੀ ਪਿੰਡ ਦੀਆਂ ਸਨ, ਨਾਲੋ ਨਾਲ ਘਰ, ਇਕੱਠੀਆਂ ਨੇ ਗੁੱਡੇ ਗੁੱਡੀਆਂ ਦੇ ਵਿਆਹ ਕੀਤੇ, ਕਿਕਲੀ ਪਾਈ, ਗਿੱਧਿਆਂ 'ਚ ਨੱਚੀਆਂ, ਸਾਗ ਤੋੜੇ, ਚਰਖੇ ਕੱਤੇ ਤੇ ਇਕੱਠੀਆਂ ਨੇ ਬਾਜਰੇ ਤੋਂ ਚਿੜੀਆਂ ਤੇ ਛੱਲੀਆਂ ਤੋਂ ਤੋਤੇ ਉਡਾਏ ਸਨ । ਦਰਸ਼ਨ ਭੀ ਇਨ੍ਹਾਂ ਦੇ ਪਿੰਡ ਦਾ ਹੀ ਸੀ । ਇਹ ਇਕ ਇਤਫਾਕ ਹੈ ਕਿ ਤਿੰਨੇ ਇਸੇ ਸ਼ਹਿਰ ਵਿਚ ਆਪਣੇ ਆਪਣੇ ਘਰੀ ਵਿਆਹੇ ਹੋਏ ਰਹਿੰਦੇ ਹਨ ।

ਮੀਤੋ ਦੀ ਮਾਂ ਨੇ ਲੇਡੀਜ਼ ਸੰਗੀਤ ਉਤੇ ਇਸ ਹਾਲ ਵਿਚ ਆਪਣੇ ਭਾਈਚਾਰੇ, ਸ਼ਰੀਕੇ ਨੂੰ ਬੁਲਾਇਆ ਹੋਇਆ ਹੈ । ਲੱਡੂ, ਬਰਫੀ, ਪੇੜੇ, ਗੁਲਾਬ ਜਾਮਣਾਂ, ਪਕੌੜੇ, ਸਮੋਸੇ, ਮੱਠੀਆਂ ਸ਼ੀਰਨੀ ਤੇ ਪਕੌੜੀਆਂ ਦੇ ਢੇਰ ਲੱਗੇ ਹੋਏ ਹਨ । ਚਾਹ, ਜੂਸ, ਕੋਕ ਤੇ ਸੇਵਨ ਅੱਪ ਦੀ ਛਬੀਲ ਲੱਗੀ ਹੋਈ ਹੈ । ਗਿੱਧਾ ਜ਼ੋਰਾਂ ਤੇ ਹੈ, ਮੂਵੀ ਬਣ ਰਹੀ ਹੈ, ਬੱਚੇ ਇਧਰ ਉਧਰ ਦੌੜੇ ਫਿਰਦੇ ਹਨ ।

ਇੰਦ ਕੌਰ ਜਿਹੜੀ ਆਪਣੇ ਪਤੀ ਉਤਮ ਸਿੰਘ ਨਾਲ, ਅਮਰਜੀਤ ਨੂੰ ਨਾਲ ਲੈ ਕੇ ਆਈ ਸੀ । ਅੰਦਰੋ ਹੈਰਾਨ ਤੇ ਬਾਹਰੋਂ ਖੁਸ਼ ਸੀ । ਅਮਰਜੀਤ ਦਾ ਹੋਰ ਕੋਈ ਇਥੇ ਰਿਸ਼ਤੇਦਾਰ ਨਾ ਹੋਣ ਕਰਕੇ, ਉਹ ਮੁੰਡੇ ਦੀ ਦਾਦੀ ਤੇ ਬਾਬੇ ਨਾਲ ਸਿੱਧੀ ਏਅਰ ਪੋਰਟ ਤੋਂ ਆਪਣੇ ਹੋਣ ਵਾਲੇ ਸੌਹਰੇ ਘਰ ਆਈ ਸੀ । ਅੱਜ ਭੀ ਇਸ ਹਾਲ ਵਿਚ ਲੇਡੀਜ਼ ਸੰਗੀਤ ਤੇ ਉਸਨੂੰ ਨਾਲ ਹੀ ਲੈ ਆਂਦਾ ਸੀ । ਜਿਸ ਦਿਨ ਉਸ ਦੇ ਮਾਮੇ ਦੇ ਕਹਿਣ ਤੇ ਟੋਨੀ ਦੀ ਫੋਟੋ ਨਾਲ ਉਸਦੀ ਮੰਗਣੀ ਕੀਤੀ ਸੀ । ਉਹ ਇਕਨਾਮਿਕਸ (ਅਰਥ ਸ਼ਾਸ਼ਤਰ) ਦੀ ਐਮ. ਏ. ਕਰਦੀ ਸੀ ਟੋਨੀ ਹਾਈ ਸਕੂਲ ਵਿਚੇ ਛੱਡ ਕੇ ਮਿਲ ਵਿਚ ਕੰਮ ਕਰਨ ਲੱਗ ਪਿਆ ਸੀ । ਜਿਸ ਦਿਨ ਦੀ ਉਹ ਇਥੇ ਆਈ ਸੀ ਟੋਨੀ ਦੇ ਹਾਲੇ ਤਕ ਦਰਸ਼ਨ ਨਹੀਂ ਸਨ ਹੋਏ ।

ਜੀਤੋ ਨੇ ਪਿੜ ਵਿਚ ਵੜਦੇ ਸਾਰ ਪਰਸ ਆਪਣੀ ਛੋਟੀ ਭੈਣ ਨੂੰ ਫੜਾ ਦਿੱਤਾ, ਦਰਸ਼ਨ ਤੇ ਮੀਤੋ ਦਾ ਘਰ ਪੂਰਾ ਕਰਨ ਲਈ ਬੋਲੀ ਪਾਈ -

ਘਰ ਤਾਂ ਜਿਨਾਂ ਦੇ ਕੋਲੋ ਕੋਲੀ
ਖੇਤ ਜਿਨਾਂ ਦੇ ਨਿਆਈਆਂ
ਪਾਲੋ ਪਾਲੀ ਮਨ੍ਹੇ ਗਡਾ ਲਏ
ਗੱਲਾਂ ਕਰਨ ਪਰਾਈਆਂ
ਫੜ ਕੇ ਗੋਪੀਆ ਮਨ੍ਹੇ ਤੇ ਚੜ੍ਹਗੀ
ਚਿੜੀਆਂ ਖੂਬ ਉਡਾਈਆਂ
ਆਹ ਲੈ ਫੜ ਮਿੱਤਰਾ
ਥਾਕਾਂ ਮੇਚ ਨਾ ਆਈਆਂ
ਆਂਹ ਲੈ ਫੜ ..........

"ਚਾਚੀ ਵੇਖ ਕੁੜੀਆਂ ਨੇ ਰੌਣਕ ਲਾ ਤੀ" ਰੇਸ਼ਮ ਕੌਰ ਨੇ ਮੀਤੋ ਤੇ ਜੀਤੋ ਵਲ ਇਸ਼ਾਰਾ ਕਰਕੇ ਆਖਿਆ ।

ਇੰਦ ਕੌਰ ਬੋਲੀ, "ਦਿਨਾਂ ਦੀਆਂ ਗੱਲਾਂ ਰੇਸ਼ਮ ਕੌਰੇ । ਤੇਰੇ ਭਰਾ ਵਰਗਾ ਕੀਨੇ ਹੋਣਾ । ਪਹਿਲਾਂ ਆਪਣੀ ਸਾਲੀ ਦਾ ਮੁੰਡਾ ਸੈਰ ਲਈ ਸੱਦ ਕੇ ਕਿਸੇ ਗੋਰੀ ਨਾਲ ਫਰੀ ਕਰ ਦਿੱਤਾ । ਫੇਰ ਤੇਰੀ ਜੀਤੋ ਨੂੰ ਬੁਲਾ ਕੇ ਉਸ ਨਾਲ ਵਿਆਹ ਕਰ ਦਿੱਤਾ । ਜੀਤੋ ਨੇ ਭੀ ਮੁੰਡਾ ਬਣ ਕੇ ਤੁਹਾਡੀ ਕਬੀਲਦਾਰੀ ਨਜਿੱਠ ਤੀ, ਸੁਖ ਨਾਲ ਦੋਵੇਂ ਕਾਕੇ, ਰਾਣੋ ਤੇ ਡੁਮਣ ਸਿੰਘ ਨੂੰ ਤੂੰ ਨਾਲ ਲੈ ਕੇ ਇਥੇ ਆ ਗਈ । ਹੁਣ ਜਿਥੇ ਚਿੱਤ ਕਰੂ ਮੁੰਡੇ ਵਿਆਹੀਂ । ਰਾਣੋ ਭੀ ਸੁਖ ਨਾਲ ਵਿਆਹੁਣ ਜੋਗੀ ਹੋ ਗਈ । ਕਲ ਹਾਲੇ ਜੀਤੋ ਤੇ ਮੀਤੋ ਗੁਡੀਆਂ ਪਟੋਲੇ ਖੇਲਦੀਆਂ ਸਨ ।"

"ਸੱਚ ਚਾਚੀ ਇਹ ਇਕ ਦੂਜੇ ਤੋਂ ਬਿਨਾਂ ਜੀਂਦੀਆਂ ਨਹੀਂ ਸੀ । ਹੁਣ ਭੀ ਸੁਖ ਨਾਲ ਇਕ ਦੂਜੀ ਦੇ ਸਾਹ ਵਿਚ ਸਾਹ," ਰੇਸ਼ਮ ਕੌਰ ਨੇ ਹਾਂ ਨਾਲ ਹਾਂ ਮਲਾਈ ।

ਇੰਦ ਕੌਰ ਨੇ ਫੇਰ ਗੱਲ ਤੋਰੀ, "ਨੀ ਮੀਤੋ ਵਲੋਂ ਤਾਂ ਮੇਰਾ ਕਾਲਜਾ ਠੰਢਾਂ, ਤੈਨੂੰ ਪਤਾ, ਮੀਤੋ ਕਿਹੜਾ ਬਹੁਤਾ ਪੜ੍ਹੀ ਤੀ, ਅਸੀਂ ਮਾਸਟਰ ਟੋਲ ਕੇ ਉਥੋਂ ਭੇਜ ਦਿੱਤਾ, ਰਾਜ ਕਰਦੀ ਆ । ਪਰਾਹੁਣਾ ਲੇਲੇ ਵਾਂਗ ਮੀਤੋ ਦੇ ਮਗਰ ਘੁੰਮਦਾ । ਪਰ, ਨੀ ਕੀ ਦੱਸਾਂ ਟੋਨੀ ਨੇ ਤਾਂ ਮੇਰੇ ਪੁੱਤ ਨੂੰ ਸੂਲੀ ਉਤੇ ਟੰਗਿਆ ਹੋਇਆ, ਕਹਿੰਦਾ "ਮੈਂ ਇਸ ਨਾਲ ਵਿਆਹ ਨਹੀਂ ਕਰਾਉਣਾ ।" ਕਹਿੰਦਾ, "ਮੈਂ ਤੁਹਾਡੇ ਆਖੇ ਚਿੱਠੀ ਭਰ ਤੀ," ਹੁਣ ਨੀ ਮੈਂ ਕੁਝ ਕਰਨਾ । ਉਧਰੋਂ ਮੇਰੇ ਪੁੱਤ ਨੇ ਸਾਡੇ ਆਉਣ ਤੋਂ ਪਹਿਲਾਂ ਵਿਆਹ ਧਰਿਆ ਹੋਇਆ ਸੀ । ਕਹਿੰਦੇ ਇਥੇ ਗੁਰਦੁਆਰੇ ਨਹੀਂ ਮਿਲਦੇ । ਹੁਣ ਤੂੰ ਦੱਸ ਅਸੀਂ ਕਿਹੜੇ ਖੂਹ ਪਈਏ ।

ਦੂਜੇ ਪਾਸੇ ਮਾਸਟਰ ਨੂੰ ਮੀਤੋ ਦੀ ਦੋ ਸਾਲਾਂ ਦੀ ਕੁੜੀ ਚੱਕੀ ਜਾਂਦੇ ਨੂੰ ਵੇਖ ਕੇ ਜੀਤੋ ਨੇ ਮੀਤੋ ਦੇ ਦਿਲ ਦੀ ਗੱਲ ਕੀਤੀ

ਬੱਲੇ ਬੱਲੇ ਬਈ ਰੱਬ ਨੇ ਬਣਾਈਆਂ ਜੋੜੀਆਂ
ਸੁੱਚੇ ਮੋਤੀ ਜਿਨ੍ਹਾਂ ਨੇ ਪੁੰਨ ਕੀਤੇ
ਬਈ ਰੱਬ ਨੇ ...............

ਮੀਤੋ ਨੇ ਦਰਸ਼ਨ ਵੱਲ ਲੁਕਵਾਂ ਇਸ਼ਾਰਾ ਕਰਕੇ ਤੋਤੇ ਰੰਗੀ ਚੁੰਨੀ ਦੇ ਵਲ੍ਹ ਆਪਣੇ ਸਿਰ ਉਤੇ ਮਾਰਦੀ ਨੇ ਜੀਤੋ ਤੇ ਟਕੋਰ ਕੀਤੀ

ਬੱਲੇ ਬੱਲੇ ਬਈ ਯਾਰਾ ਤੇਰਾ ਘੁੱਟ ਭਰ ਲਾਂ
ਮੈਨੂੰ ਵੇਖਿਆਂ ਸਬਰ ਨਾ ਆਵੇ
ਸ਼ਾਮ ਕੌਰ ਕਹਿੰਦੀ, ਤੇਜ ਕੌਰ ਕਹਿੰਦੀ, ਤੌਤਿਆ ਯਾਰਾ
ਬਈ ਯਾਰਾ ਤੇਰਾ ...........
ਮੈਨੂੰ ਵੇਖਿਆਂ ..............

ਹਾਣ ਨੂੰ ਨੱਚਦਾ ਵੇਖ ਕੇ ਅਮਰਜੀਤ ਦੇ ਭੀ ਕੰਨ ਖੜੇ ਹੋ ਗਏ । ਉਸ ਨੂੰ ਕਾਲਜ ਦੀ ਯਾਦ ਆ ਗਈ । ਉਹ ਭੀ, ਉਥੇ ਗਿੱਧੇ ਦੀ ਟੀਮ ਵਿਚ ਸੀ । ਵਰਾਇਟੀ ਸ਼ੋਅ ਵਾਲੇ ਦਿਨ ਕਿਵੇਂ ਸਟੇਜ ਤੇ ਉਹ ਨੱਚੀਆਂ ਸਨ ਤੇ ਬੋਲੀਆਂ ਪਾਈਆਂ ਸਨ । ਕਿਵੇਂ ਪਹਿਲਾਂ ਮਿੰਦੀ ਨੇ ਬੋਲੀ ਪਾਈ ਸੀ

ਸ਼ਾਬਾ ਨੀ ਦਰਸ਼ਨ ਨਿੱਤ ਕਰੀਏ
ਯਾਰੀ ਪਿੰਡ ਦੇ ਮੁੰਡੇ ਨਾਲ ਲਾਈਏ
ਮੁੰਡੇ ਨਾਲ ..........

ਤੇ ਛਿੰਦੀ ਨੇ ਉਤਰ ਵਿਚ ਆਖਿਆ ਸੀ —

ਸ਼ਾਬਾ ਨੀ ਪਿੰਡ ਦੇ ਭਰਾ ਲੱਗਦੇ
ਯਾਰੀ ਲਾਂਮਦੇ ਮੁੰਡੇ ਨਾਲ ਲਾਈਏ
ਮੁੰਡੇ ਨਾਲ .......

ਅਮਰਜੀਤ ਆਪ ਮੁੰਡਾ ਬਣੀ ਹੋਈ ਸੀ ਜਿਸ ਨੇ ਦੋਹਾਂ ਨੂੰ ਸੰਕੇਤ ਕੀਤਾ

ਸ਼ਾਬਾ ਬਈ ਦਿਲ ਨੂੰ ਟਿਕਾਣੇ ਰੱਖੀਏ
ਯਾਰ ਹੋਣਗੇ ਮਿਲਣਗੇ ਆਪੇ
ਮਿਲਣਗੇ ਆਪੇ .......

ਹਾਲ ਤਾੜੀਆਂ ਨਾਲ ਗੂੰਜ ਉਠਿਆ ਸੀ ।

ਉਸਨੂੰ ਇਹ ਭੀ ਖਿਆਲ ਆਇਆ, ਸ਼ੋਅ ਤੋਂ ਮਗਰੋਂ ਉਹ ਇਕਨਾਮਿਕਸ ਦੇ ਪਰੋਫੈਸਰ ਤੋਂ ਕੁੱਝ ਨੋਟਸ (Notes) ਮੰਗਣ ਗਈ ਸੀ । ਤਾਂ ਉਸ ਨੇ ਆਖਿਆ ਸੀ "ਜੀਤਾਂ ਅੱਜ ਤੂੰ ਕਮਾਲ ਕਰ ਦਿੱਤੀ । ਹਾਂ ਸੱਚ ਤੂੰ ਜਾਣਾ ਕਦੋਂ ਤੱਕ ਏ" ਇਕ ਦਮ ਉਦਾਸ ਹੋ ਕੇ ਉਸ ਉਤਰ ਦਿੱਤਾ, "ਜਾਣ ਨੂੰ ਤਾਂ ਮੇਰੀ ਵੱਢੀ ਰੂਹ ਨਹੀਂ ਕਰਦੀ । ਪਰ ਕੀ ਕਰਾਂ, ਘਰ ਦੇ ਆਖਦੇ ਹਨ, ਤੇਰੀ ਪੜ੍ਹਾਈ ਦਾ ਤਾਂ ਹੀ ਫਾਇਦਾ ਜੇ ਅਸੀਂ ਸਾਰੇ ਉਥੇ ਪੁੱਜ ਜਾਈਏ । ਤੇ ਸਾਨੂੰ ਵੀ ਕੁਝ ਸੁਖ ਦਾ ਸਾਹ ਆ ਜਾਵੇ ।" ਮੈਂ ਬਗਾਵਤ ਨਹੀਂ ਕਰ ਸਕੀ । ਇਹ ਹੀ ਤਾਂ ਔਰਤ ਦਾ ਦੁਖਾਂਤ ਹੈ । ਜੋ ਉਹ ਮਹਿਸੂਸ ਕਰਦੀ ਹੈ, ਉਹ ਸੋਚ ਨਹੀਂ ਸਕਦੀ । ਜੋ ਸੋਚਦੀ ਹੈ, ਉਹ ਕਹਿ ਨਹੀਂ ਸਕਦੀ । ਜੋ ਕਹਿੰਦੀ ਹੈ, ਉਹ ਕਰ ਨਹੀਂ ਸਕਦੀ । ਜੋ ਫੇਰ ਹੋ ਜਾਦਾ ਹੈ, ਉਸ ਨੂੰ ਸਹਿ ਨਹੀਂ ਸਕਦੀ ।

ਉਸ ਦਾ ਮਨ ਕੀਤਾ ਕਿ ਉਹ ਗਿੱਧੇ ਦੇ ਪਿੜ ਵਿਚ ਵੜ ਕੇ ਆਪਣੇ ਮਨ ਦੀ ਗੱਲ ਆਖ ਦੇਵੇ -

ਕੁਲੀ ਯਾਰ ਦੀ ਸਵਰਗ ਦਾ ਝੂਟਾ
ਅੱਗ ਲੱਗੇ ਮੰਦਰਾਂ ਨੂੰ

ਪਰ ਉਹ ਆਖ ਨਾ ਸਕੀ । ਜੀਤੋ ਨੇ ਕਿਸੇ ਹੋਰ ਦੀ ਗੱਲ ਆਖ ਕੇ ਮਨ ਹੌਲਾ ਕਰ ਲਿਆ ।

ਝਾਵਾਂ ਝਾਵਾਂ ਝਾਵਾਂ ਜੁੱਤੀ ਮੇਰੀ ਮਖਮਲ ਦੀ
ਮੈਂ ਪੈਰਾਂ ਵਿਚ ਦੀ ਪਾਵਾਂ
ਪੁੱਤ ਮੇਰੇ ਸੌਹਰੇ ਦਾ
ਲੱਗੀ ਲਾਮ ਤਾਂ ਲੁਆ ਲਿਆ ਨਾਂਮਾਂ
ਜਾਂਦਾ ਹੋਇਆ ਦੱਸ ਨਾ ਗਿਆ
ਮੈਂ ਚਿੱਠੀਆਂ ਕਿਧਰ ਨੂੰ ਪਾਵਾਂ
ਕੋਇਲਾਂ ਕੂਕਦੀਆਂ, ਕਿਤੇ ਬੋਲ ਚੰਦਰਿਆਂ ਕਾਵਾਂ
ਸੋਹਣੇ ਮਾਲਕ ਦੇ ਮੈਂ ਨਿੱਤ ਮੁਕਲਾਵੇ ਜਾਵਾਂ
ਸੋਹਣੇ ..........

ਮੀਤੋ ਦੀ ਮਾਂ ਨੇ ਪੰਜਾਂ ਪੰਜਾਂ ਦੇ ਦੋ ਨੋਟ ਕੱਢ ਕੇ ਪਹਿਲਾਂ ਜੀਤੋ ਨੱਚਦੀ ਦੇ ਸਿਰ ਉਤੇ ਵਾਰਨਾ ਕੀਤਾ ਫੇਰ ਮੀਤੋ ਦੇ ਸਿਰ ਉਤੇ ਵਾਰਨਾ ਕਰਨ ਲਈ ਬਾਂਹ ਉਚੀ ਕੀਤੀ ਤਾਂ ਦੂਜੀ ਬਾਂਹ ਨੂੰ ਉਸ ਦੇ ਦਸਾਂ ਸਾਲ ਦੇ ਪੱਪੂ ਨੇ ਫੜ ਕੇ ਜ਼ੋਰ ਦੀ ਆਖਿਆ, "ਮੰਮੀ ਛੇਤੀ ਕਰ, ਤੈਨੂੰ ਡੈਡੀ ਕਾਰ ਵਿਚ ਬਲਾਉਂਦਾ ਨਾਲੇਂ ਕਰਾਈ (cry) ਕਰਦਾ, ਕਹਿੰਦਾ ਸਟੂਪਡ (stupid) ਟੋਨੀ ਕਿਤੇ ਦੌੜ ਗਿਆ ।"

---

ਮੇਰੇ ਮਾਹੀ ਨੂੰ ਅੱਕਲ ਜੇ ਆਵੇ
ਮੱਸਿਆ ਮੈਂ ਪੰਜ ਸੁਖਦੀ ।

## ਸੋਹਨ ਸਿੰਘ ਜੋਸ਼

ਪਿਆਰਾ ਸਿੰਘ ਸਹਿਰਾਈ

ਤੂੰ ਲੋਕਾਂ ਲਈ ਰਿਹਾ ਜੂਝਦਾ
ਨਿਤ ਲੋਕਾਂ ਵਿਚ ਰਹਿ ਕੇ ।
ਚੜ੍ਹਦੀ ਕਲਾ 'ਚ ਰਿਹਾ ਜੋਧਿਆ
ਕਸ਼ਟ, ਦੁਖ, ਰੰਜ ਸਹਿ ਕੇ ।

ਕੌਮਾਂ ਨੂੰ ਹੋਏ ਲੋੜ ਜਿਨ੍ਹਾਂ ਦੀ
ਸੀਗਾ ਤੂੰ ਉਹ ਬੰਦਾ ।
ਹੱਸ ਹੱਸ ਜਿਹੜੇ, ਆਜ਼ਾਦੀ ਲਈ,
ਗਲ ਵਿਚ ਪਾਉਂਦੇ ਫੰਧਾ ।

ਸੁਆਰਥ ਨਾ ਜਿਹਨਾਂ ਦੇ ਨੇੜੇ
ਨਿਜ ਨੂੰ ਜਿਹੜੇ ਤਿਆਗਣ ।
ਲੋਕ-ਪਿਆਰ ਬਸ ਰਚ ਜਾਂਦਾ ਏ
ਪੋਟੇ-ਪੋਟੇ ਕਣ-ਕਣ ।

ਤੂੰ ਜਲਿਆਂਵਾਲੇ ਦਾ ਜਾਇਆ
ਤੂੰ ਸੈਂ ਇਕ ਵਰਤਾਰਾ !
ਬਲਿਆ ਲਾਟ-ਹਾਰ ਨ੍ਹੇਰਿਆਂ ਵਿਚ
ਤੇਰਾ ਜੀਵਨ ਸਾਰਾ ।

ਕਰਮ ਜੋਗੀ ਜੇ ਹੋਏ ਕੋਈ
ਤਾਂ ਤੂੰ ਸੈਂ ਉਹ ਪਿਆਰੇ ।
ਇਕ-ਇਕ ਪਲ ਤੂੰ ਸਫ਼ਲ ਜੀਵਿਆ
ਪਲ ਬਣ ਗਏ ਚੰਨ-ਤਾਰੇ ।

ਚਾਨਣ ਤੇ ਲੋਅ ਦੇਣ ਇਹ ਸਾਨੂੰ
ਸਾਨੂੰ ਰਾਹ ਦਰਸਾਂਦੇ ।
ਰਾਹ ਜਿਸ ਉਤੇ ਜੂਝਣ ਲੋਕੀ
ਜੋ ਮੰਜ਼ਲ ਵਲ ਜਾਂਦੇ ।

ਸੁਣਾਂ ਮੈਂ ਤੇਰੇ ਬੋਲ ਗੂੰਜਦੇ
ਚਹੁੰ ਕੂੰਟਾਂ ਵਿਚ ਸ਼ੇਰਾ !
ਦੇ ਰਿਹਾ ਹੈ ਕ੍ਰਾਂਤੀ ਦਾ ਸੱਦਾ
ਅਜੇ ਵੀ ਕਣ-ਕਣ ਤੇਰਾ ।

ਤੇਰਾ ਬਲ ਡੌਲਿਆਂ ਵਿਚ ਸਾਡੇ
ਭਰਿਆ ਰਿਹਾ, ਮੈਂ ਜਾਣਾ ।
ਲਾਟ ਤੇਰੀ ਨੂੰ ਸਾਂਭ ਟੁਰ ਪਿਆ
ਸਿਰਲੱਥਾਂ ਦਾ ਢਾਣਾ ।

ਕੌਣ ਕਹੇ ਤੂੰ ਛਡ ਗਿਆ ਸਾਨੂੰ,
ਸੱਚ, ਤੂੰ ਪੂਰਾ ਹੋਇਆ ।
ਬਲ, ਬੁਧ ਤੇ ਵੀਚਾਰ ਦੇ ਪਖੋਂ
ਸਾਡੇ ਵਿਚ ਸਮੋਇਆ ।

---

ਪੱਲੇ ਨਿਕਲੀ ਦੁਆਨੀ ਖੋਟੀ
ਲੱਡੂਆਂ ਦਾ ਭਾਅ ਪੁੱਛਦੀ ।

ਭਾਬੋ ਮੇਰੀ ਸਾਗ ਰਿੰਨ੍ਹਿਆ
ਜਿਉਂ ਲਿੱਸੇ ਬਲਦ ਦਾ ਗੋਹਾ ।

ਬਾਰਾਂ ਵੱਜ ਗਏ ਗੱਡੀ ਨਾ ਆਈ
ਬਾਪੂ ਤੈਨੂੰ ਸੱਪ ਲੜ ਜਾਏ ।

ਤੇਰੀ ਰੰਨ ਦਾ ਨਾ ਭਰਨਾ ਪਾਣੀ
ਤੇਰੀ ਨਾ ਮੁਥਾਜੀ ਝੱਲਣੀ ।

ਪਾਟੀ ਘੱਗਰੀ, ਰੱਸੀ ਦਾ ਨਾਲਾ
ਵੇਖੀ ਤੇਰੀ ਬਖ਼ਤਾਵਰੀ ।


PATEL CONSTRUCTION
5088 VICTORIA DRIVE
VANCOUVER, B.C. Direct Pager 667-9887
PH. 876-4580

For New & Old Houses
Renovation—Sun Decks—
Kitchens—Anything You want to Build

ਨਵੇਂ ਘਰ ਬਣਾਉਣ ਲਈ, ਪੁਰਾਣੇ ਘਰਾਂ ਨੂੰ ਨਵਿਆਂ ਵਿਚ ਬਦਲਣ ਲਈ, ਪੁਰਾਣੇ ਘਰਾਂ ਦੀ ਮੁਰੰਮਤ ਲਈ ਸਨਡੈੱਕ - ਕਿਚਨ ਆਦਿ ਬਣਾਉਣ ਲਈ ਹਮੇਸ਼ਾ ਯਾਦ ਰੱਖੋ

# 'ਅਸੀਂ ਨਹੀਂ ਡਰਦੇ ਕਿਸੇ ਤੋਂ''

**ਹਰਭਜਨ ਸਿੰਘ 'ਦਿਓਲ'**

''ਹਾਂ ਜੀ ! ਅਸੀਂ ਨਹੀਂ ਡਰਦੇ ਕਿਸੇ ਤੋਂ'', ਓਹ ਹਰ ਗੱਲ ਨਾਲ ਹੀ ਕਿਹਾ ਕਰਦਾ ਸੀ, ਮੇਰੇ ਪਿੰਡ ਦਾ ਬਾਣੀਆਂ ਤੇਲੂ ਰਾਮ ''ਹਾਂ ਜੀ ! ਡਰੀਏ ਵੀ ਕਿਉਂ ? ... ਤੇਲੂ ਰਾਮ ਦੀਆਂ ਦਿਲਚਸਪ ਅਤੇ ਹਸਾਉਣੀਆਂ ਗੱਲਾਂ ਦਾ ਆਨੰਦ ਮਾਨਣ ਲਈ ਮੈਂ ਆਪਣਾ ਵਾਧੂ ਸਮਾਂ ਉਸ ਦੀ ਹੱਟੀ ਵਿਚ ਹੀ ਬੈਠ ਕੇ ਬਤਾਉਂਦਾ ਸਾਂ ... ਇਕ ਦਿਨ ਇਕ ਬੀਬੀ ਨੇ ਆ ਕੇ ਇਕ ਪੈਨਸਲ ਮੰਗੀ ਤੇ ਤੇਲੂ ਰਾਮ ਨੇ ਪੈਨਸਲ ਦੇ ਚਾਰ ਆਨੇ ਮੰਗੇ।

''ਅਸੀਂ ਤਾਂ ਜਗਰਾਵਾਂ ਤੋਂ ਇਹ ਪੈਨਸਲ ਤਿੰਨ ਆਨੇ ਦੀ ਲਿਆਂਦੀ ਸੀ'' ਬੀਬੀ ਬੋਲੀ।

''ਬੀਬੀ ਭਾਈ ਮੈਂ ਕਿਹੜਾ ਇਹ ਕਿੱਕਰ ਤੋਂ ਤੋੜੀ ਹੈ, ਮੈਂ ਵੀ ਤਾਂ ਜਗਰਾਵਾਂ ਤੋਂ ਹੀ ਲਿਆਇਆ ਹਾਂ'' ਤੇਲੂ ਰਾਮ ਦਾ ਉਤਰ ਸੀ।

ਬੀਬੀ ਚਾਰ ਆਨੇ ਦੇ ਕੇ ਚਲੀ ਗਈ। ਮੇਰਾ ਦਬਿਆ ਹੋਇਆ ਹਾਸਾ ਫੁਟ ਨਿਕਲਿਆ।

''ਓਏ ! ਕਦੇ ਤਾਂ ਚੰਗੀ ਤਰ੍ਹਾਂ ਬੋਲਿਆ ਕਰ'' ਮੈਂ ਕਿਹਾ।

''ਹਾਂ ਜੀ ! ਮੈਂ ਕੋਈ ਝੂਠ ਤਾਂ ਨਹੀਂ ਬੋਲਿਆ। ਸੱਚੀ ਗੱਲ ਕਹਿ ਕੇ ਡਰਨ ਦੀ ਕੀ ਲੋੜ ਹੈ। ਪੈਨਸਲ ਕਿਹੜਾ ਮੈਂ ਘਰ ਹੀ ਬਣਾਈ ਹੈ। ਦੇਖੋ ਨਾ ਮੈਂ ਜਗਰਾਵੀਂ ਗਿਆ ਕਰਾਇਆ ਭਾਵੇਂ ਨਹੀਂ ਖਰਚਿਆ ਅਤੇ ਆਪਣੇ ਹੀ ਸਾਈਕਲ ਤੇ ਗਿਆ। ਗਰਮੀ ਵਿਚ ਪੈਡਲ ਮਾਰਦੇ ਦੀ ਜੀਭ ਚਾਰ ਇੰਚ ਲੰਮੀ ਹੋ ਗਈ। ਅੱਖਾਂ ਦੇ ਆਨੇ ਬਾਹਰ ਆ ਗਏ। ਪਾਣੀ ਵਾਲੇ ਨੇ ਬਰਫ ਦੀ ਇੱਕ ਡਲੀ ਪਾ ਕੇ ਅਤੇ ਗਲਾਸ ਨੂੰ ਮਿੱਠੇ ਅਤੇ ਨਿੰਬੂ ਦੇ ਕੇਵਲ ਦਰਸ਼ਨ ਹੀ ਕਰਾਏ ਅਤੇ ਅੱਠ ਆਨੇ ਮੰਗ ਲਏ। ਘਰ ਮੁੜਦਿਆਂ ਦਾ ਫੇਰ ਓਹੀ ਹਾਲ ...ਹਾਂ ਜੀ ! ਮੇਰੀ ਕਿਹੜਾ ਮੁਰੱਬਿਆਂ ਦੀ ਕਮਾਈ ਹੈ। ਪੈਨਸਲਾਂ ਵੇਚ ਕੇ ਹੀ ਆਨਾ ਆਨਾ ਕੱਢੀਦਾ ਹੈ... ਸੱਚੀ ਗੱਲ ਹੈ। ਡਰੀਏ ਕਿਉਂ ?''

ਮੈਂ ਹੁੰਗਾਰਾ ਭਰੀ ਜਾਂਦਾ ਸੀ, ਥੋੜਾ ਚੁਪ ਰਹਿਣ ਉਪਰੰਤ ਤੇਲੂ ਰਾਮ ਫੇਰ ਬੋਲਿਆ :

''ਕਾਹਦੀ ਕਮਾਈ ਹੈ ਸਰਦਾਰਾ, ਐਵੇਂ ਡੰਗ ਹੀ ਟਪਾਈ ਦਾ ਹੈ''

ਆਪਣੀ ਗੱਦੀ ਤੇ ਆਰਾਮ ਨਾਲ ਬੈਠ ਕੇ ਉਸ ਨੇ ਕੰਧ ਨਾਲ ਢੋਹ ਲਾ ਲਈ।

''ਲਓ ਤੁਹਾਨੂੰ, ਤੁਹਾਡੇ ਯਾਰ ਕਰਨੈਲੇ ਦੀ ਗੱਲ ਸੁਣਾਵਾਂ, ਗੱਲ ਤਾਂ ਪੁਰਾਣੀ ਹੈ ਪਰ ਅੰਦਾਜ਼ਾ ਲਾਵੋ ਸਾਡੀ ਕਮਾਈ ਦਾ। ਉਨ੍ਹਾਂ ਦਿਨਾਂ ਵਿਚ ਕਰਨੈਲ ਸੁਧਾਰ ਦੇ ਸਕੂਲ ਪੜ੍ਹਨ ਜਾਂਦਾ ਹੁੰਦਾ ਸੀ। ਚੀਨੀ ਦੀ ਕੋਈ ਘਾਟ ਨਹੀਂ ਸੀ ਹੁੰਦੀ ਉਦੋਂ ਸਗੋਂ ਆਮ ਕਰਕੇ ਦੇਸੀ ਖੰਡ ਹੀ ਲੋਕ ਬਹੁਤੀ ਵਰਤਿਆ ਕਰਦੇ ਸਨ ਅਤੇ ਅਸੀਂ ਵੀ ਦੇਸੀ ਖੰਡ ਦੀਆਂ ਕਈ ਕਿਸਮਾਂ ਲਿਆ ਕੇ ਦੁਕਾਨ ਵਿਚ ਰਖਦੇ ਸੀ। ਇਕ ਦਿਨ ਕਰਨੈਲਾ ਸੌਦਾ ਲੈਣ ਦਾ ਮੂੜ ਬਣਾ ਕੇ ਆ ਗਿਆ।''

''ਤੇਲੂ ਰਾਮਾ ! ਕੋਈ ਖੰਡ ਖੁੰਡ ਵੀ ਰਖਦਾ ਹੁੰਦਾ ਹੈਂ ?'' ਉਸ ਨੇ ਪੁਛਿਆ

''ਜਿੰਨੀ ਚਾਹੇ ਕਰਨੈਲ ਸਿਆਂ ... ਖੰਡ ਬੜੀ'' ਬੋਰੀ ਵਿਚੋਂ ਖੰਡ ਦੀ ਚੁਟਕੀ ਭਰ ਕੇ ਮੈਂ ਕਿਹਾ।

''ਕੋਈ ਚੰਗੀ ਜਿਹੀ ਦਿਖਾ''

ਮੈਂ ਤਿੰਨ ਚਾਰ ਪਰਕਾਰ ਦੀ ਖੰਡ ਦਿਖਾਈ ਅਤੇ ਸਾਰੇ ਹੀ ਨਮੂਨੇ ਓਹ ਵਾਰੀ ਵਾਰੀ ਮੂੰਹ ਵਿਚ ਪਾ ਗਿਆ।

ਸਾਰੇ ਨਮੂਨਿਆਂ ਦੇ ਭਾ ਉਸ ਨੇ ਪੁੱਛੇ ਅਤੇ ਫੇਰ ਮੂੰਹ ਪੂੰਝਦਾ ਬੋਲਿਆ

''ਬੜੀ ਮਹਿੰਗੀ ਲਾਈ ਹੈ ਲਾਲਾ ਖੰਡ ...। ਚੰਗਾ ਬਈ ਤੇਲੂ ਰਾਮਾ ਖਾਲੀ ਕਿਉਂ ਮੁੜਾਂ ਇਉਂ ਕਰ ਔਹ ਚਿੱਟੀ ਜਹੀ ਪਾ ਦੇ ਇਕ ਪੈਸੇ ਦੀ। ਐਵੇਂ ਅੱਜ ਛੋਟਾ ਭਾਈ ਜਿਦ ਕਰ ਰਿਹਾ ਹੈ ਕਦੇ ਫੇਰ ਜਦ ਮੁਲਾਂਪੁਰ ਗਏ ਇਕੱਠੀ ਇਕ ਆਨੇ ਦੀ ਲਿਆ ਕੇ ਰੱਖਾਂਗੇ।''

ਮੇਰੀ ਚੁਕੀ ਹੋਈ ਤੱਕੜੀ ਵਿਚੋਂ ਵੱਟੇ ਭੁੰਜੇ ਡਿੱਗ ਪਏ ਅਤੇ ਮੈਂ ਪਲੜੇ ਝਾੜ ਕੇ ਤੱਕੜੀ ਰੱਖ ਦਿੱਤੀ ਅਤੇ ਪੁੜੀ ਵਿਚ ਚਮਚਾ ਕੁ ਖੰਡ ਪਾ ਦਿੱਤੀ .... ਕੁਝ ਲੱਗਾ ਅਨੁਮਾਨ ਸਾਡੀ ਆਮਦਨੀ ਦਾ ?'' ਕਹਿ ਕੇ ਉਹ ਚੁਪ ਕਰ ਗਿਆ। ਕਰਨੈਲੇ ਦੀ ਸੌਦੇਬਾਜ਼ੀ ਤੇ ਅਸੀਂ ਕਾਫੀ ਦੇਰ ਹੱਸਦੇ ਰਹੇ।

ਭਾਰਤ ਦੀ ਪਾਰਟੀਸ਼ਨ ਤੋਂ ਪਹਿਲਾਂ ਸਾਰੇ ਪੰਜਾਬ ਵਿਚ ਕਤਲਾਂ ਦੀ ਭਰਮਾਰ ਹੋ ਗਈ ਸੀ। ਕੋਈ ਮੁਸਲਮਾਨ, ਹਿੰਦੂ ਸਿੱਖਾਂ ਦੇ ਧੱਕੇ ਚੜ੍ਹ ਗਿਆ ਤਾਂ ਝੱਟ ਅਲ੍ਹਾ ਨੂੰ ਪਿਆਰਾ ਹੋ ਗਿਆ। ਕੋਈ ਹਿੰਦੂ ਜਾਂ ਸਿੱਖ ਮੁਸਲਮਾਨਾਂ ਦੇ ਹੱਥ ਆ ਗਿਆ ਤਾਂ ਉਸ ਦੀ ''ਰਾਮ ਨਾਮ ਸੱਤ'' ਬੋਲ ਗਈ।

ਸਾਰਾ ਹੀ ਇਲਾਕਾ ਭਾਵੇਂ ਹਿੰਦੂ ਸਿੱਖਾਂ ਦਾ ਹੀ ਸੀ ਪਰ ਹਲਵਾਰੇ ਵਰਗੇ ਪਿੰਡ ਦੇ ਰਾਜਪੂਤ ਅਤੇ ਜੱਟ ਮੁਸਲਮਾਨਾਂ ਦਾ ਬਹੁਤ ਡਰ ਸੀ। ਪਿੰਡ ਵਾਲਿਆਂ ਨੇ ਫੈਸਲਾ ਕੀਤਾ ਕਿ ਹਲਵਾਰੇ ਵਲੋਂ ਆਉਣ ਵਾਲੇ ਰਸਤੇ ਤੇ ਰਾਤ ਨੂੰ ਪਹਿਰਾ ਲਾ ਦਿੱਤਾ ਜਾਵੇ ਮਤੇ ਮੁਸਲਮਾਨ ਚੜ੍ਹ ਕੇ ਹੀ ਨਾ ਆ ਜਾਣ ਪਹਿਰਾ ਵਾਰੀ ਵਾਰੀ ਪਿੰਡ ਦੇ ਗਭਰੂਆਂ ਦਾ ਲਗਣਾ ਸੀ। ਇੱਕ ਸ਼ਾਮ ਤੇਲੂ ਰਾਮ ਦੀ ਵਾਰੀ ਵੀ ਆ ਗਈ। ਘਰੋਂ ਤਿਆਰ ਹੋ ਕੇ ਗੰਡਾਸੀ ਫੜ ਕੇ ਤੁਰ ਪਿਆ। ਤੁਰਨ ਤੋਂ ਪਹਿਲਾਂ ਘਰ ਦੇ ਬਾਕੀ ਪ੍ਰਵਾਰ ਦੇ ਮੈਂਬਰਾਂ ਨੂੰ ਵਾਰੀ ਵਾਰੀ ਗਲ ਨਾਲ ਲਾ ਕੇ ਮਿਲਿਆ। ਕੀ ਪਤਾ ਕਿ ਜੇ ਧਰਮ ਯੁੱਧ ਹੋ ਗਈ ਤਾਂ ਬੰਦਾ ਮੁੜ ਕੇ ਆਵੇ ਭਾਵੇਂ ਨਾ ਆਵੇ। ਹਾਲੇ ਪਿੰਡ ਦੀ ਧਰਮਸਾਲਾ ਤੱਕ ਹੀ ਪੁਜਿਆ ਸੀ ਕਿ ਪਿੰਡ ਦੇ ਕੁਝ ਬਜ਼ੁਰਗਾਂ ਨੂੰ ਘੇਰ ਕੇ ਲੈਕਚਰ ਕਰਨ ਲੱਗ ਪਿਆ।

''ਹਾਂ ਜੀ ! ਦੇਖੋ ਸਰਦਾਰੋ, ਅਸੀਂ ਕੋਈ ਕਿਸੇ ਤੋਂ ਡਰਦੇ ਹਾਂ ? ਲੋੜ ਪਈ ਤਾਂ ਭਾਵੇਂ ਜਾਨ ਦੇ ਦੇਈਏ ਪਿੰਡ ਲਈ। ਚੰਗੀ ਸਲਾਹ ਮੰਨ ਲੈਣੀ ਚਾਹੀਦੀ ਹੈ। ਪਹਿਰੇ ਵਾਲੇ ਸਾਰਿਆਂ ਨੂੰ ਹੀ ਬਾਹਰ ਰਾਹਾਂ ਤੇ ਕਿਉਂ ਭੇਜਦੇ ਹੋ ਜੇ ਰਾਤ ਸਮੇਂ ਕੋਈ ਗੈਰ ਬੰਦਾ ਪਿੰਡ ਵਿੱਚ ਆ ਜਾਵੇ ਤਾਂ ਕੀ ਫੇਰ ਸਾਡੀਆਂ ਜਨਾਨੀਆਂ ਲੱੜਨਗੀਆਂ। ਮੇਰੀ ਗੱਲ ਮੰਨੋ ਮੇਰੇ ਵਰਗੇ ਬੰਦਿਆਂ ਦਾ ਪਹਿਰਾ ਪਿੰਡ ਦੀ ਧਰਮਸਾਲਾ ਵਿਚ ਹੀ ਲਾਵੋ। ਲੋੜ ਪੈਣ ਤੇ ਫੇਰ ਸਾਡੇ ਹੱਥ ਦੇਖੋ। ਅਸੀਂ ਕੋਈ ਡਰਦੇ ਹਾਂ ਕਿਸੇ ਤੋਂ ?

''ਤੇਲੂ ਰਾਮਾ ! ਪਰ ਤੂੰ ਕੰਬ ਕਿਉਂ ਰਿਹਾ ਹੈਂ'' ਇਕ ਬਜ਼ੁਰਗ ਨੇ ਪੁਛਿਆ।

''ਤਾਇਆ ਮੈਂ ਡਰ ਨਾਲ ਨਹੀਂ, ਜੋਸ਼ ਨਾਲ ਕੰਬ ਰਿਹਾ ਹਾਂ'' ਕਹਿ ਕੇ ਹੌਲੀ ਹੌਲੀ ਅੱਗੇ ਪਿੱਛੇ ਦੇਖਦਾ ਤੇਲੂ ਰਾਮ ਅੱਗੇ ਤੁਰ ਪਿਆ ਅਤੇ ਉਸ ਦੇ ਜੋਸ਼ ਤੇ ਮੁਸਕਰਾਉਂਦੇ ਬਜ਼ੁਰਗ ਘਰੀਂ ਤੁਰ ਗਏ।

ਇਕ ਦਿਨ ਸ਼ਾਮ ਵੇਲੇ ਮੈਂ ਸਦਾ ਵਾਂਗ ਤੇਲੂ ਰਾਮ ਦੀ ਦੁਕਾਨ ਤੇ ਜਾ ਬੈਠਾ। ਓਹ ਹਰ ਵੇਲੇ ਹੀ ਦਿਲ ਪਰਚਾਵੇ ਦੀਆਂ ਗੱਲਾਂ ਸੁਣਾਉਂਦਾ ਰਹਿੰਦਾ ਸੀ। ਉਹ ਕਰਨੈਲੇ ਵਰਗੇ ਉਸ ਦੇ ਨਿੱਤ ਨਵੇਂ ਤੋਂ ਨਵੇਂ ਗਾਹਕਾਂ ਦੀਆਂ ਗੱਲਾਂ ਦੱਸਿਆ ਕਰਦਾ ਸੀ। ਇੱਕ ਬਜ਼ੁਰਗ ਤੁਲਸੀ ਰਾਮ ਸੁਨਿਆਰਾ ਦੁਕਾਨ ਵਿਚ ਆ ਗਿਆ।

''ਬਈ ਤੇਲੂ ਰਾਮਾਂ ਇਕੱ ਚਿੱਠੀ ਸ੍ਰੀ ਰਾਮ ਨੂੰ ਲਖਾਉਣੀ ਹੈ'' ਉਸ ਨੇ ਬੋਰੀ ਤੇ ਬੈਠਦਿਆਂ ਕਿਹਾ

''ਹਾਂ ਜੀ! ਲਿਖਾ ਲਵੋ, ਭਾਂਵੇ ਸ੍ਰੀ ਰਾਮ ਨੂੰ ਭਾਂਵੇ ਸੀਤਾ ਜੀ ਨੂੰ'' ਤੇਲੂ ਰਾਮ ਨੇ ਕਲਮ ਦੁਆਤ ਸੰਭਾਲੀ ਤੁਲਸੀ ਰਾਮ ਨੇ ਲਫਾਫਾ ਅਤੇ ਕਾਗਜ਼ ਤੇਲੂ ਰਾਮ ਨੂੰ ਫੜਾਏ ਅਤੇ ਛੱਤ ਵਲ ਦੇਖਦਾ ਦੇਖਦਾ ਆਪਣੇ ਪੁੱਤਰ ਸ੍ਰੀ ਰਾਮ ਨੂੰ ਚਿਠੀ ਲਿਖਾਉਣ ਲੱਗਾ

''ਲਿਖ ਬਈ ਤੇਲੂ ਰਾਮਾਂ।ਲਿਖਤੁਮ ਤੁਲਸੀ ਰਾਮ .....''

ਤੇਲੂ ਰਾਮ ਨੇ ਬਜ਼ੁਰਗ ਨੂੰ ਤਾੜਣਾ ਕੀਤੀ

''ਇਹ ਤਾਂ ਕੋਈ ਗੱਲ ਹੀ ਨਹੀਂ ਬਣੀ ਤੂੰ ਇਉਂ ਲਿਖਵਾ ਕਿ ਲਿਖਤੁਮ ਤੇਲੂ ਰਾਮ ਲਖਾਤਮ ਤੁਲਸੀ ਰਾਮ ...।''

''ਜਿਵੇਂ ਤੈਨੂੰ ਚੰਗਾ ਲਗਦਾ ਹੈ ਲਿਖ ਲੈ''

ਚਿੱਠੀ ਹਾਲੇ ਸ਼ੁਰੂ ਵੀ ਨਹੀਂ ਹੋਈ ਸੀ ਕਿ ਗਲੀ ਵਿਚ ਰੌਲਾ ਪੈਣ ਲੱਗ ਗਿਆ। ਜੱਟਾਂ ਦੇ ਮੂੰਹ ਦੇ ਕੋਲੋਂ ਹੀ ਭਾਂਵੇ ਕੋਈ ਸ਼ਰਾਬ ਦੀ ਬੋਤਲ ਲੰਘਾ ਦੇਵੇ ਇਹਨਾਂ ਨੂੰ ਚੜ੍ਹ ਜਾਂਦੀ ਹੈ ਅਤੇ ਫੇਰ ਲੜਾਈ ਝਗੜੇ ਸੁਭਾਵਕ ਹੀ ਹੋ ਜਾਂਦੇ ਹਨ। ਗਲੀ ਵਿਚ ਮੇਹਰ ਸਿੰਘ 'ਚਿੜਾ' ਅਤੇ ਬਖਸ਼ੀ ਸਿੰਘ ਲੜ ਰਹੇ ਸਨ। ਠੀਕ ਤੇਲੂ ਰਾਮ ਦੀ ਦੁਕਾਨ ਦੇ ਸਾਹਮਣੇ ਆ ਕੇ ਦੋਵੇਂ ਗੁਥਮ ਗੁੱਥਾ ਹੋ ਗਏ। 'ਚਿੜਾ' ਬਖਸ਼ੀ ਸਿੰਘ ਤੇ ਭਾਰੀ ਸਿਧ ਹੋਇਆ। ਬਖਸ਼ੀ ਸਿੰਘ ਡਿਗ ਪਿਆ ਅਤੇ ਮੇਹਰ ਸਿੰਘ ਉਸ ਦੀ ਛਾਤੀ ਤੇ ਚੜ੍ਹ ਬੈਠਾ। ਤੇਲੂ ਰਾਮ ਨੇ ਕਲਮ ਪਰਾਂ ਸੁਟ ਦਿੱਤੀ ਅਤੇ ਉਠ ਕੇ ਬੜੀ ਕਾਹਲੀ ਨਾਲ ਦੁਕਾਨ ਦਾ ਦਰਵਾਜ਼ਾ ਬੰਦ ਕਰ ਲਿਆ, ਮਤੇ ਲੜਦੇ ਲੜਦੇ ਜੱਟ ਅੰਦਰ ਹੀ ਨਾ ਆ ਡਿਗਣ।

''ਹਾਂ ਜੀ ! ਲੜਨ ਦੇਵੋ ਇਨ੍ਹਾਂ ਨੂੰ ਅਸੀਂ ਕੋਈ ਡਰਦੇ ਹਾਂ'' ਤੇਲੂ ਰਾਮ ਬੋਲਿਆ।

ਹੁਣ ਦੁਕਾਨ ਦੇ ਅੰਦਰ ਅਸੀਂ ਤਿੰਨ ਜਣੇ ਸਾਂ। ਜੱਟਾਂ ਦੇ ਲਲਕਾਰੇ ਅੰਦਰ ਸੁਣਾਈ ਦੇ ਰਹੇ ਸਨ।

ਕੁਝ ਮਿੰਟਾਂ ਵਿਚ ਹੀ ਬਖਸ਼ੀ ਸਿੰਘ, ਮੇਹਰ ਸਿੰਘ ਨੂੰ ਧੱਕਾ ਦੇਕੇ ਭੱਜ ਗਿਆ। ਲੜਾਈ ਮੁੱਕ ਗਈ ਜਾਪਦੀ ਸੀ ਜਾਂ ਫਿਰ ਉਸ ਦਾ ਕੋਈ ਹੋਰ ਫਰੰਟ ਖੁਲ ਗਿਆ ਹੋਵੇਗਾ। ਗਲੀ ਵਿਚ ਫੇਰ ਸ਼ਾਂਤੀ ਹੋ ਗਈ। ਪੂਰੀ ਤਰ੍ਹਾਂ ਬਿੜਕ ਲੈ ਕੇ ਤੇਲੂ ਰਾਮ ਨੇ ਦੁਕਾਨ ਦਾ ਦਰਵਾਜਾ ਹੌਲੀ ਹੌਲੀ ਡਰਦੇ ਡਰਦੇ ਖੋਹਲ ਦਿੱਤਾ।

''ਹਾਂ ਜੀ ! ਅਸੀਂ ਕੋਈ ਡਰਦੇ ਹਾਂ ਕਿਸੇ ਤੋਂ'' ਕਹਿਕੇ ਓਹ ਆਪਣੀ ਗੱਦੀ ਤੇ ਜਾ ਬੈਠਾ।

''..... ਹਾਂ ਬਈ ਲਿਖ ... ਲਖਾਤਮ ਤੁਲਸੀ ਰਾਮ .... ਪੜਤਮ ...ਸ੍ਰੀ ਰਾਮ ..... ਬਰਖੁਰਦਾਰ

ਤੇਲੂ ਰਾਮ ਨੇ ਕਲਮ ਚੁਕੀ ਅਤੇ ਇਕ ਦੋ ਅੱਖਰ ਲਿਖ ਕੇ ਫੇਰ ਰੱਖ ਦਿੱਤੀ। ਮੱਥੇ ਤੋਂ ਪਸੀਨਾ ਪੂੰਝ ਕੇ ਬੋਲਿਆ।

''ਤਾਇਆ ਸੋਨੀ ਭਗਤਾ ! ....ਚਿੱਠੀ ਸਵੇਰੇ ਸਵੇਰੇ ਲਿਖਵਾਇਆ ਕਰ .... ਹੁਣ ਕੱਲ ਆ ਕੇ ਲਿਖਵਾਈ ... ਮੇਰੇ ਤਾਂ .... ਮੇਰੇ ਤਾਂ ..... ਹੱਥ ਕੰਬੀ ਜਾਂਦੇ ਹਨ ..... ਉਂਝ ਅਸੀਂ ਕੋਈ .... ਕਿਸੇ ਤੋਂ ....ਕਿਸੇ ਤੋਂ ਡਰਦੇ ਹਾਂ ?''

ਪਿਛਲੇ ਸ਼ਬਦ ਹਾਲੇ ਤੇਲੂ ਰਾਮ ਪੂਰੇ ਬੋਲਿਆ ਵੀ ਨਹੀਂ ਸੀ ਕਾਹਲੀ ਨਾਲ ਤੁਲਸੀ ਰਾਮ ਬੋਲਿਆ।

''ਛੇਤੀ .... ਛੇਤੀ ਬੰਦ ਕਰ .... ਤੂੰ ਲਿਖ ਨਹੀਂ ਸਕਦਾ ..... ਮੈਂ .... ਮੈਂ ਲਿਖਾ ਨਹੀਂ ਸਕਦਾ.... ਕੱਲ੍ਹ ਨੂੰ ਦੇਖੀ ਜਾਵੇਗੀ .... ਜੇ ਜੱਟਾਂ ਨੇ ਲਿਖਾਉਣ ਦਿੱਤੀ ... ਅਸੀਂ ਕੋਈ ਕਿਸੇ ਤੋਂ ਡਰਦੇ ਹਾਂ'' ਸੋਨੀ ਭਗਤ ਦੇ ਸ਼ਬਦਾਂ ਨੇ ਕੰਬ ਰਹੇ ਤੇਲੂ ਰਾਮ ਨੂੰ ਵੀ ਹੱਸਾ ਦਿਤਾ ਸੀ।

---

**ਸ਼ਿਵ ਨਾਥ**

**ਗ਼ਜ਼ਲ**

ਹੋਇਆ ਨਫ਼ਾ-ਨੁਕਸਾਨ ਇਹ ਜੀਵਨ ਦੀ ਹਾਰ 'ਚੋਂ।
ਗਿਣਤੀ ਦੇ ਯਾਰ ਰਹਿ ਗਏ ਯਾਰਾਂ ਦੀ ਧਾੜ 'ਚੋਂ।
ਜਿਸ ਸ਼ੇਰ–ਦਿਲ ਮੁੜ੍ਹਕੇ ਦੀ ਥਾਂ ਸੀ ਡੋਲ੍ਹਣਾ ਲਹੂ,
ਠੰਢੀ ਤਰੇਲੀ ਵੇਖ ਕੇ ਭਜਿਆ ਕਤਾਰ 'ਚੋਂ।
ਆਇਆ ਸੀ ਇਕ ਤੂਫ਼ਾਨ ਜੋ ਸਿਰ ਤੋਂ ਨਿਕਲ ਗਿਆ,
ਕੁਝ ਏਤਬਾਰ ਉੱਡ ਗਿਆ ਹੈ ਏਤਬਾਰ 'ਚੋਂ।
ਝੂਠੇ ਦੇ ਘਰ 'ਤੇ ਪਹੁੰਚ ਕੇ ਜਦ ਵੇਖਿਆ ਅਸਾਂ,
ਇਰ ਵੀ ਨਾ ਪੰਛੀ ਨਿਕਲਿਆ, ਖੰਭਾਂ ਦੀ ਡਾਰ 'ਚੋਂ।
ਕਿਹੜਾ ਸਚਾਈ ਆਖਦੈ, ਸੁਣਦੈ, ਜਾਂ ਸੁਣ ਕੇ ਸੰਭਲਦੈ ?
ਇਕ ਵੀ ਨਾ ਸ਼ਾਇਦ ਆਦਮੀ ਨਿਕਲੇ ਹਜ਼ਾਰ 'ਚੋਂ।

---

# ਟੀਰੀ ਅੱਖ

**ਦਰਸ਼ਨ ਗਿੱਲ**

ਸੀਮਤ ਦਾਇਰਾ, ਸੀਮਤ ਸੋਚਾਂ,
ਅਸੀਮ ਨਾ ਬੁਝਿਆ ਜਾਏ
ਟੋਭੇ ਉਤੇ ਬੈਠਾ ਬਗਲਾ -
ਕੀਕਣ ਹੰਸ ਬਣੇ !

ਝੁਰ ਝੁਰ ਤੱਕੇ ਪੈਰਾਂ ਵੱਲੀਂ
ਜੋ ਦਲਦਲ ਵਿਚ ਫਾਥੇ
ਖੰਭਾਂ ਉਤੇ ਤੋਲ ਕੇ ਆਪਾ
ਪਰਵਾਜ਼ ਦਾ ਭਰਮ ਕਰੇ !

ਸਾਗਰ ਤਾਰੀ ਬੜੀ ਸੁਖਾਲੀ
ਮੋਹ ਮਿੱਟੀ ਦਾ ਮਾਰੇ
ਕਾਇਆ ਕਲਪ ਮਿੱਟੀ ਦਾ ਕਰਕੇ
ਰੂਹ ਬਣ ਅਰਸ਼ ਚੜ੍ਹੇ !

ਚਿੱਟਿਓਂ ਨੀਲੇ, ਨੀਲਿਓਂ ਚਿੱਟੇ
ਰੰਗ ਇਹ ਕਰਨ ਲਲਾਰੀ
ਹੋਰ ਰੰਗਾਂ ਤੋਂ ਅੱਖਾਂ ਮੀਟਣ,
ਚਾਨਣ ਕਿੰਝ ਚੜ੍ਹੇ !

ਸੱਤ ਰੰਗਾਂ 'ਚੋਂ ਚਾਨਣ ਜਨਮੇ
ਸ਼ੀਸ਼ਾ ਸਾਨੂੰ ਦੱਸੇ
ਟੀਰੀ ਅੱਖ ਸਬੂਤੀ ਅੱਖ ਦੇ
ਸਾਹਵੇਂ ਕਿੰਝ ਖੜ੍ਹੇ !

# ਇਕ ਸੁਪਨਾ ਮਛਲੀ ਦਾ

ਜਗਤਾਰ ਢਾਅ ਦਾ ਕਾਵਿ–ਨਾਟ (ਪੱਛਮੀ ਪੂੰਜੀਵਾਦ ਸਭਿਆਚਾਰ ਉਸ ਮੱਛੀ ਵਾਂਗੂ ਹੈ ਜੋ, ਅੰਦਰੋਂ ਜਿੰਨੀ ਵੱਧ ਗਲੀ ਸੜੀ ਬਦਬੂ ਮਾਰਦੀ ਹੋਵੇ — ਬਾਹਰੋਂ ਉਤਨੀ ਹੀ ਜ਼ਿਆਦਾ ਚਮਕਦੀ ਲਿਸ਼ਕੋਰਾਂ ਮਾਰਦੀ ਹੈ)।

---

ਹਰ ਕਿਸਮ ਦੇ ਨਿਰਾਸ਼ਾਵਾਦ ਵਿੱਚ ਅਕਲ ਹੈ, ਲੇਕਿਨ ਇਹ ਅਕਲ ਬਾਂਝ ਹੈ, ਹਰ ਪ੍ਰਕਾਰ ਦੇ ਆਸ਼ਾਵਾਦ ਵਿੱਚ ਪਾਗਲਪਨ ਹੈ, ਲੇਕਿਨ ਉਹ ਪਾਗਲਪਨ ਸਿਰਜਨਾਤਮਕ ਹੈ .

—ਔਵਿਦਿਯੋ ਮਾਈਕਲ ਮਾਗਰੀ

---

ਤੱਕਿਆ। ਠਾਕਰ ਸਿੰਘ ਦੇ ਪਿੱਛੇ, ਉਨ੍ਹਾਂ ਇਕ ਮਦਰਾਸੀ ਨੂੰ ਖਲੋਤਿਆਂ ਤਕਿਆ ਤੇ ਕੁਝ ਕਹਿਣ ਹੀ ਲੱਗੇ ਸਨ ਕਿ ਉਸਨੇ ਦੱਸਿਆ — ''ਅਸੀਂ ਤੁਹਾਡੇ ਦੋਹਾਂ ਦੇ ਵਾਰੰਟ ਸਿਆਮੀ ਸਰਕਾਰ ਤੋਂ ਲੈ ਆਏ ਹਾਂ। ਇਸ ਨੂੰ ਹੁਣੇ ਲੈ ਜਾਂਦੇ ਹਾਂ। ਤੁਸੀਂ ਜਦੋਂ ਹਸਪਤਾਲ ਵਿਚੋਂ ਰੀਲੀਵ ਹੋਵੋਗੇ ਓਦੋਂ ਸਹੀ।'' ਉਸ ਨੇ ਇਕ ਸਿਪਾਹੀ ਨੂੰ ਕਿਹਾ ਕਿ ਉਹ ਠਾਕਰ ਸਿੰਘ ਨੂੰ ਹੱਥਕੜੀ ਲਾ ਲਵੇ।

ਜਦ ਠਾਕਰ ਸਿੰਘ ਮਿਸਟਰ ਰੰਗਾ ਦੇ ਨਾਲ ਸੜਕ ਉਤੇ ਪਹੁੰਚਿਆ ਤਾਂ ਉਸ ਨੇ ਉਸ ਨੂੰ ਦਸਿਆ ਕਿ ਚੈਟਰਜੀ, ਜੋਧ ਸਿੰਘ ਤੇ ਚਨਚਈਆ ਵੀ ਫੜੇ ਜਾ ਚੁਕੇ ਹਨ। ਠਾਕਰ ਸਿੰਘ ਨੂੰ ਆਪਣਾ ਸਮਾਨ ਲੈਣ ਦੀ ਯਾਦ ਆ ਗਈ। ਰੰਗਾ ਨੇ ਉਸ ਨੂੰ ਦੱਸਿਆ ਕਿ ਸਾਮਾਨ ਪਹਿਲੋਂ ਕਾਬੂ ਕਰ ਲਿਆ ਗਿਆ ਹੈ।

ਜਦ ਭਾਈ ਸਾਹਬ ਦੇ ਹਸਪਤਾਲ ਹੋਣ ਬਾਰੇ ਤੇ ਗ੍ਰਿਫਤਾਰ ਕੀਤੇ ਜਾਣ ਬਾਰੇ ਸੇਠ ਬੁੱਢਾ ਸਿੰਘ ਜੀ ਨੂੰ ਪਤਾ ਲੱਗਾ ਤਾਂ ਉਹ ਜ਼ਮਾਨਤ ਦੇਣ ਨੂੰ ਤਿਆਰ ਹੋ ਪਏ ਪਰ ਭਾਈ ਸਾਹਬ ਨੇ ਉਨ੍ਹਾਂ ਨੂੰ ਸੁਨੇਹਾ ਭੇਜਿਆ ਕਿ ਸਾਡੀਆਂ ਜ਼ਮਾਨਤਾਂ ਦੇਣ ਦੀ ਥਾਂ ਉਹ ਆਪਣਾ ਖਿਆਲ ਰੱਖਣ।

ਚਾਰ ਦਿਨ ਤੇ ਚਾਰ ਰਾਤਾਂ ਭਾਈ ਸਾਹਬ ਦੀਆਂ ਬਹੁਤ ਔਖੀਆਂ ਲੰਘੀਆਂ। ਜ਼ਖਮ ਅੱਲੇ ਸਨ। ਦਰਦ ਬਹੁਤ ਸੀ ਪਰ ਬ੍ਰਿਟਿਸ਼ ਕੌਂਸਲ ਦੇ ਜ਼ੋਰ ਦੇਣ ਤੇ ਹਸਪਤਾਲ ਵਾਲਿਆਂ ਨੇ ਉਨ੍ਹਾਂ ਨੂੰ ਹਸਪਤਾਲ ਛੋੜ ਦੇਣ ਲਈ ਕਹਿ ਦਿਤਾ। ਉਨ੍ਹਾਂ ਦੇ ਬਾਹਰ ਨਿਕਲਦਿਆਂ ਹੀ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ।

ਭਾਈ ਸਾਹਬ ਸੋਚ ਰਹੇ ਸਨ ਕਿ ਸਿਆਮ ਦੀ ਸਰਕਾਰ ਵੀ ਅੰਗਰੇਜ਼ਾਂ ਦੇ ਹੱਥ ਦੀ ਕੱਠਪੁਤਲੀ ਹੈ।

(ਚਲਦਾ)


TICKETS TO ANYWHERE

GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

6612, MAIN ST.
VANCOUVER, B. C.
PHONE: 324-3336

MANOHAR LAL GABA
*GET HELP IN INDIA AT*
*NUR MAHAL PH: 49*
*JULLUNDUR PH: 74597*
*NEW DELHI PH: 44165*
*JANDIALA (JULLUNDUR)*



SONI & SONS
JEWELLERS

ORIENTAL GOLD AND SILVER JEWELLERY
REPAIRS
SPECIALIST IN EAST INDIAN JEWELLERY

NANUBHAI
Bus. 324-1012
Res. 327-0783
6540 Main St.
VANCOUVER,
B.C.

# ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

**ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ,ਜ਼ਿਲਾ ਜਲੰਧਰ) .ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨਡਾ ਦੀ ਜੀਵਨ ਗਾਥਾ।**

(ਲੜੀਵਾਰ)

**ਕਿਸ਼ਤ ਸੋਲ੍ਹਵੀਂ**

**ਗਿਆਨੀ ਕੇਸਰ ਸਿੰਘ ਨਾਵਲਿਸਟ**

## ਕਾਂਡ 32

ਸ਼ੇਰ ਸਿੰਘ ਨੀਵੀਂ ਪਾ ਕੇ ਤੁਰਿਆ ਜਾ ਰਿਹਾ ਸੀ। ਠਾਕਰ ਸਿੰਘ ਉਸ ਦੇ ਖੱਬੇ ਪਾਸੇ ਥੋੜ੍ਹਾ ਜਿਹਾ ਪਿਛੇ ਹੋ ਕੇ ਤੁਰ ਰਿਹਾ ਸੀ। ਠਾਕਰ ਸਿੰਘ ਨੂੰ ਜਾਪਿਆ ਜਿਵੇਂ ਸ਼ੇਰ ਸਿੰਘ ਨੇ ਉਸ ਨੂੰ ਕੁਝ ਆਖਿਆ ਹੋਵੇ। ਉਸ ਨੇ ਪੁਛਿਆ— "ਸ਼ੇਰ ਸਿਹਾਂ ! ਤੂੰ ਮੈਨੂੰ ਕੁਝ ਆਖਿਐ ? ਮੈਂ ਤਾਂ ਸੁਣਿਆ ਨਹੀਂ ।"

ਸ਼ੇਰ ਸਿੰਘ ਨੇ ਉੱਤਰ ਦਿੱਤਾ—"ਮੈਂ ਤਾਂ ਆਪਣੇ ਮਨ ਨਾਲ ਗੱਲਾਂ ਕਰਦਾਂ। ਮਾਪਿਆਂ ਨੇ ਨਾਂ ਰੱਖ ਦਿੱਤਾ ਸ਼ੇਰ ਸਿੰਘ ਤੇ ਹੌਂਸਲਾ ਗਿੱਦੜਾਂ ਵਾਲਾ ਵੀ ਹੈ ਨਹੀਂ। ਗਿੱਦੜ ਵੀ ਰਾਤੀਂ 'ਹੂ, ਹੂੰ' ਕਰਕੇ ਲੋਕਾਂ ਨੂੰ ਸੁਣਾਂਦੇ ਐ ਕਿ ਅਸੀਂ ਹੈਗੇ ਹਾਂ। ਜੀਂਦੇ ਜਾਗਦੇ ਆ। ਮੈਂ ਤਾਂ ਗਿੱਦੜਾਂ ਵਾਲੀ ਹੂਕ ਦੇਣ ਜੋਗਾ ਵੀ ਨਹੀਂ। ਮਾਂ ਨੇ ਨਾਂ ਰੱਖ ਦਿੱਤਾ ਸ਼ੇਰ ਸਿੰਘ। ਨਾਹ ਕੁਝ ਕੀਤਾ ਨਾਹ ਕਰਾਇਆ। ਤੇ ਗੱਲਾਂ ਪੁੱਛਣ ਬਹਿ ਗਿਆ। ਸੂਰਜ ਨੂੰ ਪੁੱਛਾਂ—ਤੂੰ ਰੌਸ਼ਨੀ ਕਿਥੋਂ ਲਈ ਐ ? ਆਪ ਮੈਂ ਮੋਮਬੱਤੀ। ਉਹ ਵੀ ਬੁਝੀ ਹੋਈ। ਸੂਰਜ ਦੇਵਤੇ ਦੇ ਤਾਅ ਨਾਲ ਮੇਰੀ ਮੋਮਬੱਤੀ ਢਲ ਗਈ। ਢਹਿ ਢੇਰੀ ਹੋ ਗਈ।" ਉਹ ਗੱਲਾਂ ਕਰਦਾ-ਕਰਦਾ ਇਕ ਦਮ ਚੁੱਪ ਹੋ ਗਿਆ।

ਥੋੜ੍ਹੀ ਦੂਰ ਜਾ ਕੇ ਫਿਰ ਬੋਲ ਪਿਆ—"ਮੇਰਾ ਰੋਮ-ਰੋਮ ਖੁਲ੍ਹ ਗਿਐ। ਮੇਰੇ ਰੋਮ-ਰੋਮ 'ਚ ਚਾਨਣ ਹੋ ਗਿਐ। ਮੈਨੂੰ ਨਹੀਂ ਪਤਾ ਮੈਨੂੰ ਕੀ ਹੋ ਗਿਐ। ਮੈਨੂੰ ਨਹੀਂ ਸੁਝਦਾ ਮੈਂ ਕੀ ਕਰਾਂ।" ਉਸਨੇ ਜ਼ਰਾ ਕੁ ਰੁਕ ਕੇ ਕਿਹਾ—"ਠਾਕਰ ਸਿੰਘਾ! ਤੂੰ ਹੀ ਕੋਈ ਦਾਰੂ ਕਰ। ਤੂੰ ਤਾਂ ਢੇਰ ਚਿਰਾਂ ਦਾ "ਸਿੰਘ ਸਾਹਿਬ" ਦੀ ਸੰਗਤ 'ਚ ਹੋਵੇਂਗਾ। ਕਹਿੰਦੇ ਐ ਪਾਰਸ ਨਾਲ ਰਲ ਕੇ ਲੋਹਾ ਵੀ ਤਰ ਜਾਂਦੈ। ਕੀ ਪਤੈ ਤੂੰ ਵੀ ਪਾਰਸ ਹੋਵੇਂ। ਚੁੱਪ-ਚਾਪ ਰਹਿੰਦੈਂ। ਮੈਂ ਹੋਛਾਂ ਅੱਜ ਹੋਛੀਆਂ ਗੱਲਾਂ ਤੇ ਉੱਤਰ ਆਇਆ। ਪੁਛ ਬੈਠਾ—ਤੁਹਾਨੂੰ ਲੋਕ "ਸਿੰਘ ਸਾਹਬ" ਕਿਉਂ ਕਹਿੰਦੇ ਹੈਨ।

"ਮੈਂ ਸੁਣਦਾ ਸਾਂ ਤੁਹਾਡੀਆਂ ਸਭ ਗੱਲਾਂ। ਦਲੀਜ ਨਾਲ ਲੱਗ ਕੇ ਬੈਠਾ ਸਾਂ।"

"ਤੂੰ ਨਹੀਂ ਸੀ ਕਦੇ ਪੁੱਛਿਆ ਉਨ੍ਹਾਂ ਨੂੰ ?" ਸ਼ੇਰ ਸਿੰਘ ਨੇ ਠਾਕਰ ਸਿੰਘ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਪੁਛਿਆ।

"ਨਹੀਂ ! ਮੈਨੂੰ ਅਜਿਹਾ ਖਿਆਲ ਈ ਕਦੇ ਨਹੀਂ ਆਇਆ।"

"ਤੇਰੇ ਮਨ 'ਚ ਕਦੇ ਕੋਈ ਸ਼ੱਕ ਨਹੀਂ ਪੈਦਾ ਹੋਇਆ ?"

"ਕਿਉਂ ਨਹੀਂ, ਪਰ ਸੂਰਜ ਨੂੰ ਕੌਣ ਪੁਛਦੈ ਕਿ ਤੂੰ ਚਾਨਣ ਕਿਥੋਂ ਲਿਐ ? ਕੱਲ੍ਹ ਫੇਰ ਚੰਨ ਨੂੰ ਪੁੱਛਣ ਬਹਿ ਜਾਏਂਗਾ ਕਿ ਤੂੰ ਦਿਨੇ ਕਿਉਂ ਨਹੀਂ ਚੜ੍ਹਦਾ। ਰਾਤੀਂ ਕਿਉਂ ਚੜ੍ਹਦੈ ?"

ਸ਼ੇਰ ਸਿੰਘ ਤੁਰਦਾ-ਤੁਰਦਾ ਆਪਣੇ ਕਦਮਾਂ ਉਤੇ ਖਲੋ ਗਿਆ। ਉਹ ਕੁਝ ਪੁੱਛਣਾਂ ਚਾਹੁੰਦਾ ਸੀ ਪਰ ਉਸ ਦੇ ਮੂੰਹੋਂ ਗੱਲ ਨਹੀਂ ਸੀ ਨਿਕਲ ਰਹੀ। ਠਾਕਰ ਸਿੰਘ ਨੇ ਕਿਹਾ—"ਸ਼ੇਰ ਸਿਹਾਂ ! ਗੁਰਬਾਣੀ ਵਿੱਚ ਲਿਖਿਐ—ਅਨੇਕਾਂ ਚੰਨ ਹਨ ਤੇ ਅਨੇਕਾਂ ਸੂਰਜ ਹਨ। ਤਾਰਿਆਂ ਦੀ ਗਿਣਤੀ ਦਾ ਕੋਈ ਅੰਤ ਨਹੀਂ।"

"ਇਸ ਗੱਲ ਦਾ ਤਾਂ ਮੈਨੂੰ ਵੀ ਪਤੈ।"

"ਸ਼ੇਰ ਸਿਹਾਂ ! ਮੈਂ ਸੁਣਦਾ ਸਾਂ ਸਾਰੀਆਂ ਗੱਲਾਂ। ਤੂੰ "ਸਿੰਘ ਸਾਹਬ" ਨੂੰ ਪੁੱਛਿਆ ਕਿ ਤੁਹਾਨੂੰ "ਸਿੰਘ ਸਾਹਬ" ਕਿਉਂ ਕਹਿੰਦੇ ਐ।"

"ਠਾਕਰ ਸਿੰਘਾ ! ਮੈਂ ਗਲਤੀ ਕਰ ਬੈਠਾ ਪਰ ਗਲਤੀ ਸਿੱਧੀ ਪੈ ਗਈ ਐ। ਮੇਰੇ ਤਾਂ ਕਪਾਟ ਖੁਲ੍ਹ ਗਏ ਜਾਪਦੇ ਐ। ਜਾਂ ਮੈਂ "ਸ਼ੇਰ ਸਿੰਘ" ਬਣ ਕੇ ਵਿਖਾਵਾਂਗਾ ਜਾਂ ਆਪਣਾ ਨਾਂ ਬਦਲ ਲਵਾਂਗਾ।"

"ਨਾਂ ਬਦਲਣਾ ਤਾਂ ਬੜਾ ਸੌਖੈ। ਅਜੇ ਰੱਖ ਲੈ ਚੂਹਾ ਸਿੰਘ।" ਠਾਕਰ ਸਿੰਘ ਪੰਜ ਸੱਤ ਕਦਮ ਟੱਪ ਕੇ ਸ਼ੇਰ ਸਿੰਘ ਨਾਲੋਂ, ਅੱਗੇ-ਅੱਗੇ ਹੋ ਕੇ, ਤੁਰਨ ਲੱਗਾ। ਸ਼ੇਰ ਸਿੰਘ ਨੇ ਉਸ ਨਾਲ ਮਿਲ ਕੇ ਕੁਝ ਕਹਿਣਾ ਚਾਹਿਆ ਪਰ ਦੋਵੇਂ ਬਿਨਾਂ ਕੁਝ ਕਹੇ ਹੱਸਣ ਲੱਗ ਪਏ।

ਸ਼ੇਰ ਸਿੰਘ ਨੇ ਆਪਣੀ ਗੱਲ ਤੋਰਦਿਆਂ ਕਿਹਾ—"ਮਾਂ ਪਿਓ ਨੇ ਰੁਪਏ ਕਮਾਣ ਭੇਜਿਐ। ਮਨ ਕਰਦੈ ਗੁਰੂ ਨਾਨਕ ਵਾਲਾ ਸੱਚਾ ਸੌਦਾ ਕਰ ਲਵਾਂ। ਫਿਰ ਸੋਚਦਾਂ ਜੇ ਉਹਨਾਂ ਨੂੰ ਦੋ ਚਾਰ ਮਹੀਨੇ ਰੁਪਏ ਨਾ ਭੇਜੇ ਤਾਂ ਉਹ ਕਹਿਣਗੇ ਪੁੱਤਰ ਮਖੱਟੂ ਨਿਕਲਿਐ। ਹਰ ਕੋਈ ਗੁਰੂ ਨਾਨਕ ਦੇ ਕਦਮਾਂ ਤੇ ਥੋੜਾ ਹੀ ਚੱਲ ਸਕਦੈ। ਗੱਲਾਂ ਕਰਨ 'ਚ ਅਸੀਂ ਬੜੇ ਸੁਚੱਜੇ ਆਂ ਪਰ ਅੰਦਰੋਂ ਸੱਖਣੇ ਆਂ ਤੇ ਬਹਿ ਗਿਆ ਨਿਠ ਕੇ ਅੱਜ ਮੈਂ "ਸਿੰਘ ਸਾਹਬ" ਨੂੰ ਪੁੱਛਣ ਤੁਹਾਨੂੰ ਲੋਕੀ "ਸਿੰਘ ਸਾਹਬ" ਕਿਉਂ ਕਹਿੰਦੇ ਐ।" ਉਸ ਨੇ ਆਪਣੇ ਦੋਵੇਂ ਹੱਥ ਮੱਥੇ ਉਤੇ ਮਾਰੇ ਤੇ ਨੀਵੀਂ ਪਾ ਕੇ ਤੁਰਨ ਲੱਗ ਪਿਆ।

"ਜੇ ਤੂੰ ਸੁਣੇ ਤਾਂ ਮੈਂ ਦੱਸਦਾ ਤੈਨੂੰ।"

"ਕੀ ?"

"ਇਹੋ ਕਿ "ਸਿੰਘ ਸਾਹਬ" ਨੂੰ ਲੋਕੀ "ਸਿੰਘ ਸਾਹਿਬ ਕਿਉਂ ਕਹਿੰਦੇ ਐ।"

ਸ਼ੇਰ ਸਿੰਘ ਨੇ ਕੋਈ ਉਤਰ ਨਾ ਦਿੱਤਾ ਤੇ ਬਿੱਟ-ਬਿੱਟ ਠਾਕਰ ਸਿੰਘ ਵੱਲ ਤੱਕਣ ਲੱਗਾ।

"ਮੈਨੂੰ ਬਾਹਲਾ ਤਾਂ ਨਹੀਂ ਪਤਾ ਪਰ ਜਿੰਨਾ ਪਤੈ ਤੈਨੂੰ ਦੱਸ ਦੇਨਾ। ਧਿਆਨ ਨਾਲ ਸੁਣੀ। ਅਜੇ ਹੋਟਲ ਕਿੰਨੀ ਦੂਰ ਐ ? ਮੈਂ ਤਾਂ ਥੱਕ ਗਿਆਂ।"

"ਅਜੇ ਕਾਫੀ ਦੂਰ ਐ। ਸੋਚਿਆ ਰਿਕਸ਼ਾ ਕਰ ਲਈਏ ਪਰ ਮਨ ਨਹੀਂ ਸੀ ਟਿਕਾਣੇ ਖੁਸ਼ ਵੀ ਸਾਂ ਤੇ ਡੋਲਿਆ ਹੋਇਆ ਵੀ। ਤੁਰੇ ਚਲਦੇ ਆਂ। ਸਿੱਧੀ ਸੜਕ ਛੱਡ ਕੇ ਗਲੀਆਂ ਵਿਚੋਂ ਲੰਘ ਚਲਦੇ ਆਂ। ਕਾਫੀ ਨੇੜੇ ਪੈ ਜਾਏਗਾ। ਨਾਲੇ ਤੁਹਾਡੇ ਬਚਨ ਬਿਲਾਸ ਸੁਣਨ ਦਾ ਮੌਕਾ ਮਿਲ ਜਾਏਗਾ। ਸ਼ਾਇਦ ਤੁਸੀਂ ਅੱਗੇ ਤੁਰ ਜਾਓ ਜਾਂ ਮੈਂ ਹੀ ਛੇਤੀ ਪਿਛੋਂ ਮੁੜ ਜਾਂ।"

ਉਹ ਕੁਝ ਚਿਰ ਤੁਰ ਕੇ ਇਕ ਗਲੀ ਦਾ ਮੋੜ ਮੁੜ ਗਏ। ਠਾਕਰ ਸਿੰਘ ਦੱਸ ਰਿਹਾ ਸੀ—'ਕੈਨੇਡਾ ਦੇਸ਼ 'ਚ ਇਕ ਸ਼ਹਿਰ ਐ ਵੈਨਕੋਵਰ। ਉਥੇ ਸਿੰਘਾਂ ਨੇ ਰਲ ਮਿਲ ਕੇ ਗੁਰਦੁਆਰਾ ਬਣਾਇਐ। ਗੋਰੇ, ਗੁਰਦੁਆਰੇ ਦੀ ਇਮਾਰਤ ਨਹੀਂ ਸੀ ਪਾਉਣ ਦੇਂਦੇ।"

"ਕਿਉਂ ?"

"ਬੱਸ ਮਰਜ਼ੀ ਉਹਨਾਂ ਦੀ, ਰਾਜ ਐ ਅੰਗਰੇਜ਼ਾਂ ਦਾ ਉਥੇ ਵੀ, ਸਾਰੀ ਦੁਨੀਆ ਮੱਲੀ ਹੋਈ ਐ ਇਹਨਾਂ।"

"ਮਲਾਯਾ ਤੇ ਬਰਮਾ'ਚ ਵੀ ਗੋਰਿਆਂ ਦਾ ਰਾਜ ਐ।"

"ਪਹਿਲੋਂ ਗੋਰੇ ਕਹਿਣ ਕੋਈ ਸਿਖ ਵੜਨ ਨਹੀਂ ਦੇਣਾ। ਸਾਡੇ ਬੰਦੇ ਸਿਰੜੀ ਐ। ਜਿਹੜੀ ਗੱਲ ਆਪਣੇ ਬੰਦਿਆਂ ਦੇ ਮਨ 'ਚ ਆ ਜਾਏ ਉਸ ਤੋਂ ਨਹੀਂ ਟਲਦੇ। ਸੈਂਕੜੇ ਬੰਦੇ ਜਾ ਪਹੁੰਚੇ। ਇਕ ਘਰ 'ਚ ਈ ਦੀਵਾਨ ਲਾ ਲੈਂਦੇ ਗੁਰਦੁਆਰੇ ਪਿਛੋਂ ਬਣਦੈ। ਉਸ ਧਰਤੀ ਉਤੇ ਪਹਿਲੀ ਵਾਰੀ ਖੰਡੇ ਦਾ ਅੰਮ੍ਰਿਤ "ਸਿੰਘ ਸਾਹਿਬ" ਦੀ ਜਥੇਦਾਰੀ 'ਚ ਤਿਆਰ ਕੀਤਾ ਗਿਆ। ਸ਼ਹੀਦ ਭਾਈ ਭਾਗ ਸਿੰਘ ਜੀ ਵੀ ਪੰਜਾਂ ਪਿਆਰਿਆਂ 'ਚ ਸ਼ਾਮਲ ਸਨ।



ਸ਼ੇਰ ਸਿੰਘ ਨੇ ਭਾਈ ਭਾਗ ਸਿਘ ਦਾ ਨਾਂ ਸੁਣ ਕੇ ਕਿਹਾ—"ਸਿੰਘ ਸਾਹਬ" ਨੂੰ ਪਹਿਲੀ ਵਾਰੀ ਉਹਨਾਂ ਹੀ "ਸਿੰਘ ਸਾਹਿਬ ਕਹਿ ਕੇ ਬੁਲਾਇਆ ਸੀ। ਉਹ ਕਿਉਂ ਸ਼ਹੀਦ ਹੋਏ ਸਨ ?"

"ਇਹ ਗੱਲ ਬੜੀ ਲੰਮੀ ਐ। ਮੈਂ ਵੀ ਸੁਣੀ ਸੁਣਾਈ ਕਰਦਾਂ।"

"ਤੇ ਤੁਸੀਂ ਕਨੇਡਾ ...।" ਸ਼ੇਰ ਸਿੰਘ ਦੀ ਗੱਲ ਵਿਚੋਂ ਹੀ ਫੜਦਿਆਂ ਠਾਕਰ ਸਿੰਘ ਨੇ ਦਸਿਆ—"ਮੈਂ "ਸਿੰਘ ਸਾਹਿਬ" ਨਾਲ ਚੰਘਈ ਤੋਂ ਰਲਿਆ। ਕਨੇਡਾ ਜਾਣਾ ਚਾਹੁੰਦਾ ਸਾਂ ਪਰ ਆਪਣੇ ਬੰਦਿਆਂ ਦੇਸ ਨੂੰ ਵਹੀਰਾਂ ਘੱਤ ਲਈਆਂ।"

"ਚੰਗਾ ! ਫੇਰ ਸੁਣੀ ਸੁਣਾਈ ਈ ਦੱਸੋ।"

"ਓਥੇ ਦੋ ਧੜੇ ਸੀ। ਇਕ ਦੇਸ-ਭਗਤਾਂ ਦਾ ਜੋ ਦੇਸ਼ ਦੀ ਆਜ਼ਾਦੀ ਚਾਹੁੰਦੇ ਸਨ ਤੇ ਦੂਜਾ ਧੜਾ ਸੀ ਸਰਕਾਰੀ ਬੰਦਿਆਂ ਦਾ ਜੋ ਹਰ ਵੇਲੇ ਸਿੰਘਾਂ ਦੇ ਉਲਟ ਚੁਗਲੀਆਂ ਕਰਦੇ ਰਹਿੰਦੇ ਸੀ।"

"ਆਪਣੇ ਬੰਦੇ ?"

"ਆਹੋ ਆਪਣੇ ਬੰਦੇ ! ਉਹਨਾਂ ਦਾ ਸਰਦਾਰ ਸੀ ਬੇਲਾ। ਉਹਦੇ ਨਾਲ ਸੀ ਹੋਰ ਕਈ ਸਰਕਾਰੀ ਕੁੱਤੇ। ਉਹਨੇ ਗੋਰਿਆਂ ਦੀ ਸ਼ਹਿ 'ਚ ਆ ਕੇ ਗੁਰਦੁਆਰੇ ਵਿਚ ਗੋਲੀ ਚਲਾ ਦਿੱਤੀ।"

"ਗੁਰਦੁਆਰੇ ਵਿਚ ?" ਸ਼ੇਰ ਸਿੰਘ ਨੇ ਹੈਰਾਨ ਹੋ ਕੇ ਪੁੱਛਿਆ।

"ਹਾਂ ! ਇਕ ਸਿੰਘ ਚੜ੍ਹਾਈ ਕਰ ਗਿਆ ਸੀ। ਉਹ ਬੇਲੇ ਹੋਰਾਂ ਦਾ ਬੰਦਾ ਸੀ। ਉਹਦਾ ਸਸਕਾਰ ਕਰਕੇ ਮੁੜੇ। ਦੀਵਾਨ ਦਾ ਭੋਗ ਪੈਣ ਵਾਲਾ ਸੀ। "ਸਿੰਘ ਸਾਹਬ" ਮਹਾਰਾਜ ਦੀ ਤਾਬਿਆ ਬੈਠੇ ਸਨ। ਬੇਲੇ ਨੇ ਗੋਰੇ ਅਫਸਰਾਂ ਦੀ ਸ਼ਹਿ 'ਤੇ ਗੋਲੀ ਚਲਾ ਦਿੱਤੀ। ਕਈ ਬੰਦੇ ਜ਼ਖਮੀ ਹੋਏ। ਦੋ ਸਿੰਘ ਭਾਈ ਭਾਗ ਸਿੰਘ ਪ੍ਰਧਾਨ ਤੇ ਭਾਈ ਬਤਨ ਸਿੰਘ ਸ਼ਹੀਦ ਹੋ ਗਏ।"

"ਬੜਾ ਚੰਡਾਲ ਹੋਣੈ ਉਹ।"

"ਚੰਡਾਲ ਜਿਹਾ ਚੰਡਾਲ। ਗੋਲੀ ਉਹਨੇ ਚਲਾਈ। ਨਾਲ ਸਾਡੇ ਬੰਦੇ ਵੀ ਫੜੇ ਗਏ।"

"ਉਹ ਕਿਉਂ ?"

"ਬੱਸ ਧੱਕਾ ! ਪੁਲਸ ਬਲਵਾ ਬਣਾਉਣਾ ਚਾਹੁੰਦੀ ਸੀ।"

"ਫੇਰ ?"

"ਫੇਰ ਕੀ ! ਜਿਨਾਂ ਗੋਰਿਆਂ ਦੀ ਸ਼ਹਿ ਨਾਲ ਉਹਨੇ ਗੋਲੀ ਚਲਾਈ ਸੀ ਉਹਨਾਂ ਵਿਚੋਂ ਇਕ ਦਾ ਨਾਂ ਸੀ ਹਾਪਕਿਨਸਨ। ਉਹ ਬੇਲੇ ਦੇ ਹੱਕ 'ਚ ਗਵਾਹੀ ਦੇਣ ਜਾ ਰਿਹਾ ਸੀ। ਭਾਈ ਮੇਵਾ ਸਿੰਘ ਨੇ "ਸਿੰਘ ਸਾਹਬ" ਤੋਂ ਖੰਡੇ ਦਾ ਅੰਮ੍ਰਿਤ ਛਕਿਆ ਸੀ। ਗਵਾਹੀ ਤੋਂ ਪਹਿਲੋਂ ਹੀ ਰਾਹੜ ਕੇ ਰੱਖ ਦਿੱਤਾ।

"ਅੱਛਾ ਜੀ।"

"ਹਾਂ ! ਸਿੰਘ ਸਾਹਬ ਨੇ ਤਾਂ ਨਹੀਂ ਦੱਸਿਆ ਪਰ ਕਰਤਾਰ ਸਿਹੁੰ ਦੇਸ ਜਾਂਦਾ ਦੱਸ ਗਿਆ ਸੀ ਕਿ ਭਾਈ ਮੇਵਾ ਸਿੰਘ ਨੂੰ ਯਾਰ੍ਹਾਂ ਜਨਵਰੀ ਨੂੰ ਫਾਂਸੀ ਲੱਗਣੀ ਸੀ। ਸੂਰਮਾ ਸ਼ਹੀਦ ਹੋ ਗਿਆ ਹੋਣੈ।"

ਸ਼ੇਰ ਸਿੰਘ, ਠਾਕਰ ਸਿੰਘ ਦੀਆਂ ਗੱਲਾਂ ਦੇ ਅਸਰ ਹੇਠ ਆ ਕੇ ਲਗਾਤਾਰ ਸਿਰ ਮਾਰ ਰਿਹਾ ਸੀ।

"ਕਰਤਾਰ ਸਿਹੁੰ ਨੇ ਬੜੀਆਂ ਗੱਲਾਂ ਸੁਣਾਈਆਂ ਸੀ। ਕਹਿਣ ਲੱਗਾ—ਗੋਰੇ, ਸਿੱਖਾਂ ਨੂੰ ਕਨੇਡਾ 'ਚੋਂ ਕੱਢ ਕੇ ਕਿਸੇ ਹੋਰ ਟਾਪੂ 'ਚ ਭੇਜਣ ਨੂੰ ਫਿਰਦੇ ਸੀ। ਸਿੱਖਾਂ ਨੂੰ ਕੱਢਣ 'ਚ ਵੀ ਉਹੋ ਹਾਪਕਿਨਸਨ ਅੱਗੇ ਸੀ। ਸੰਗਤਾਂ ਨੇ "ਸਿੰਘ ਸਾਹਬ" ਦੀ ਜਥੇਦਾਰੀ 'ਚ ਤਿੰਨ ਬੰਦੇ ਵਲੈਤ ਭੇਜੇ। ਫੇਰ "ਸਿੰਘ ਸਾਹਿਬ" ਦੇਸ਼ ਆ ਕੇ ਲਾਹੌਰ ਲਾਟ ਨੂੰ ਮਿਲੇ। ਖੂਬ ਝੜਪਾਂ ਹੋਈਆਂ। ਲਾਟ ਨੇ ਗੁਸੇ ਵਿਚ ਆ ਕੇ ਆਖਿਆ—"ਸਿੰਘ ਸਾਹਿਬ" ਤੁਸੀਂ ਜੋ ਮਰਜ਼ੀ ਕਰੋ। ਇਹ ਨਾਂ ਭੁਲੋ ਕਿ ਤੁਸੀਂ ਅੰਗਰੇਜ਼ਾਂ ਦਾ ਨਮਕ ਖਾਂਦੇ ਹੋ।" ਸਿੰਘ ਸਾਹਿਬ ਨੇ ਕੜਕ ਕੇ ਉਤਰ ਦਿੱਤਾ—"ਸਾਡਾ ਲੂਣ ਤੁਸੀਂ ਖਾਂਦੇ ਹੋ।" ਮੇਰਾ ਕਹਿਣ ਦਾ ਮਤਲਬ ਐ ਕਿ ਗੁੱਸੇ ਵਿਚ ਆ ਕੇ ਲਾਟ ਨੇ ਵੀ ਉਨ੍ਹਾਂ ਨੂੰ "ਸਿੰਘ ਸਾਹਿਬ" ਕਹਿ ਦਿੱਤਾ ਸੀ।"

"ਤੈਨੂੰ ਇਕ ਹੋਰ ਗੱਲ ਦੱਸਾਂ ?"

"ਦੱਸੋ।"

"ਸਿੰਘਾਂ ਦੀਆਂ ਸਿੰਘਣੀਆਂ ਤੇ ਬੱਚਿਆਂ ਉਤੇ ਗੋਰਿਆਂ ਨੇ ਰੋਕ ਲਾ ਰੱਖੀ ਸੀ। ਉਹਨਾਂ ਨੂੰ ਕਨੇਡਾ ਨਹੀਂ ਸੀ ਜਾਣ ਦੇਂਦੇ। "ਸਿੰਘ ਸਾਹਿਬ" ਤੇ ਸ਼ਹੀਦ ਭਾਈ ਭਾਗ ਸਿੰਘ ਹੋਰਾਂ ਮੋਰਚਾ ਲਾ ਦਿੱਤਾ ਸਿੰਘਣੀਆਂ ਤੇ ਬੱਚਿਆਂ ਨੂੰ ਨਾਲ ਲੈ ਕੇ ਪਹੁੰਚ ਗਏ। ਗੋਰਿਆਂ, ਬੀਬੀਆਂ ਤੇ ਬੱਚਿਆਂ ਨੂੰ ਡੱਕ ਲਿਆ। ਰਾਤੀਂ ਬਾਰਾਂ ਵਜੇ ਤੱਕ ਇਮੀਗਰੇਸ਼ਨ ਜਿਹਲ 'ਚ ਡੱਕੀ ਰੱਖਿਆ। ਫੇਰ ਗੋਰੇ ਆਪੇ ਢਿੱਲੇ ਪੈ ਗਏ। ਸਿੰਘਾਂ ਦੀ ਜਿੱਤ ਹੋਈ।"

"ਸਿੰਘਾਂ 'ਚ ਕਰਾਮਾਤ ਐ।"

"ਕਰਾਮਾਤ ਜਿਹੀ ਕਰਾਮਾਤ। ਸਿੰਘ ਆਪਣਾ ਜਹਾਜ਼ ਭਰ ਕੇ ਲੈ ਗਏ ਗੋਰਿਆਂ ਸਿੰਘ ਉਤਰਨ ਨਾ ਦਿੱਤੇ ਜਹਾਜ਼ ਮੋੜ ਦਿੱਤਾ। ਜਦ ਕਲਕੱਤੇ ਵਾਪਸ ਪਹੁੰਚੇ ਤਾਂ ਗੋਰਿਆਂ ਨਿਹੱਥੇ ਸਿੰਘ ਭੁੰਨ ਦਿੱਤੇ। ਕਈ ਸ਼ਹੀਦੀਆਂ ਪਾ ਗਏ। ਕਈ ਅਜੇ ਵੀ ਲੁਕ ਛਿਪ ਕੇ ਦੇਸ ਦੀ ਆਜ਼ਾਦੀ ਦੀ ਜੰਗ ਲੜ ਰਹੇ ਐ।"

"ਧੰਨ ਹੈ ਸਿਖੀ।"

"ਸ਼ੇਰ ਸਿਹਾਂ ! ਇਕ ਗੱਲ ਹੋਰ ਸੁਣ ਲੈ। ਇਹ ਗੱਲ ਦੱਸਣ ਤੋਂ ਪਹਿਲੋਂ ਈ ਮੇਰੇ ਸਰੀਰ ਨੂੰ ਕਾਂਬਾ ਛਿੜ ਗਿਐ।"

"ਫੇਰ ਨਾ ਹੀ ਦਸੋ।"

"ਨਹੀਂ ਤੂੰ ਸੁਣ ਲੈ। ਕਰਤਾਰ ਸਿੰਘ ਕਨੇਡਾ ਤੋਂ "ਸਿੰਘ ਸਾਹਬ" ਦੇ ਨਾਲ ਆਇਆ ਸੀ। ਆਪਣੀ ਸਿੰਘਣੀ ਤੇ ਤਿੰਨ ਬੱਚਿਆਂ ਨੂੰ ਉਸ ਨਾਲ ਦੇਸ਼ ਤੋਰ ਦਿਤੇ ਤੇ ਆਪ ਦੇਸ਼ ਕੌਮ ਦੀ ਸੇਵਾ ਲਈ ਏਥੇ ਆ ਪਹੁੰਚੇ ਐ "ਸਿੰਘ ਸਾਹਬ।"

"ਧੰਨ ਹਨ ਸਿੰਘ ਸਾਹਿਬ। ਧੰਨ ਹਨ ਸਿੰਘ ਸਾਹਿਬ" ਕਹਿੰਦਾ ਕਹਿੰਦਾ ਸ਼ੇਰ ਸਿੰਘ ਝੂੰਮਣ ਲਗ ਪਿਆ। ਝੂੰਮਦਿਆਂ ਝੂੰਮਦਿਆਂ ਉਸ ਦਾ ਪੈਰ ਥਿੜਕ ਗਿਆ। ਠਾਕਰ ਸਿੰਘ ਨੇ ਉਸ ਨੂੰ ਸੰਭਾਲ ਕੇ ਕਿਹਾ—"ਤਕੜਾ ਹੋ। ਸ਼ੇਰ ਬਣ।"

"ਸ਼ੇਰ ਸਿੰਘ ਨੇ ਇਕ ਥੜੇ ਜਿਹੇ ਉਤੇ ਬੈਠਦਿਆਂ ਕਿਹਾ—"ਬਹੁਤ ਥੱਕ ਗਿਆ। ਜ਼ਰਾ ਸਾਹ ਲੈਣ ਦੇਹ।" ਠਾਕਰ ਸਿੰਘ ਉਸ ਵੱਲ ਤਕ ਰਿਹਾ ਸੀ ਉਸ ਨੇ ਪਹਿਲੋਂ ਨੀਵੀਂ ਪਾਈ ਰਖੀ। ਜ਼ਰਾ ਸਿਰ ਉਚਾ ਕਰਕੇ ਉਸ ਨੇ ਕਿਹਾ—"ਬਸ ਗਲੀ ਦੇ ਮੋੜ 'ਤੇ ਹੋਟਲ ਐ। ਜ਼ਰਾ ਸਾਹ ਲੈ ਲੈਣ ਦੇਹ। ਵਾਪਸ ਜਾਣ ਲੱਗੇ ਰਿਕਸ਼ੇ ਤੇ ਚਲਾਂਗੇ।"

## ਕਾਂਡ 33

ਸ਼ੇਰ ਸਿੰਘ ਨੇ ਭਾਈ ਸਾਹਬ ਨਾਲ ਜਾਣ ਦਾ ਮਨ ਬਣਾ ਲਿਆ ਸੀ। ਜਦ ਇਸ ਗੱਲ ਦਾ ਪਤਾ ਸੇਠ ਬੁੱਢਾ ਸਿੰਘ ਨੂੰ ਲੱਗਾ ਤਾਂ ਉਨ੍ਹਾ "ਗਦਰ" ਦੇ ਨਵੇਂ ਆਏ ਦਸ ਪਰਚੇ ਦੇ ਕੇ, ਵਾਪਸ ਜਾਂਦਿਆਂ ਰਾਹ ਵਿਚ ਧੁੰਗ ਸੁੰਗ, ਹਟਯਾਈ ਤੇ ਯਾਲੇ ਪਹੁੰਚਣ ਦੀ ਹਦਾਇਤ ਦੇ ਕੇ ਸ਼ੇਰ ਸਿੰਘ ਨੂੰ ਵਾਪਸ ਮੁੜ ਜਾਣ ਲਈ ਕਹਿ ਦਿਤਾ। ਸ਼ੇਰ ਸਿੰਘ ਨੂੰ ਭਾਈ ਸਾਹਬ ਦੇ ਨਵੇਂ ਟਿਕਾਣੇ ਦਾ ਪਤਾ ਨਹੀਂ ਸੀ। ਉਹ ਤੁਰਨ ਲਗਿਆ ਨਾ ਠਾਕਰ ਸਿੰਘ ਨੂੰ ਮਿਲ ਸਕਿਆ ਤੇ ਨਾ ਭਾਈ ਸਾਹਬ ਨੂੰ।

ਸਿਆਮ ਵਿਚ ਗਦਰੀਆਂ ਦੇ ਤਿੰਨ ਵੱਡੇ ਅੱਡੇ ਸਨ। ਬੰਕੋਕ ਵਿਚ ਸੇਠ ਬੁਢਾ ਸਿੰਘ ਜੀ ਦਾ ਅੱਡਾ। ਪਖੋ ਵਿਚ ਬਾਬੂ ਅਮਰ ਸਿੰਘ ਇੰਜੀਨੀਅਰ ਦਾ ਘਰ ਤੇ ਤੀਜਾ ਚੰਗਮਈ ਦਾ ਗੁਰਦੁਆਰਾ ਜਿੱਥੇ ਭਾਈ ਵਿਸਾਵਾ ਸਿੰਘ ਗ੍ਰੰਥੀ ਸਨ। ਨਿੱਕੇ ਅੱਡਿਆਂ ਵਿਚੋਂ, ਭਾਈ ਵਰਿਆਮ ਸਿੰਘ ਦੀ ਰਿਹਾਇਸ਼ ਦੇ ਕਾਰਨ, ਲੰਪਾਂਗ ਵੀ ਚਲਦਾ ਅੱਡਾ ਸੀ।

ਸੇਠ ਬੁੱਢਾ ਸਿੰਘ ਜੀ ਦੀ ਆਵਾਜਾਈ ਉਤੇ ਬ੍ਰਿਟਿਸ਼ ਕੌਂਸਲ ਦੇ ਕਾਰਿੰਦੇ, ਕਰਤਾਰ ਸਿੰਘ ਤੇ ਮਿਸਟਰ ਰੰਗਾ, ਨਜ਼ਰ ਰੱਖਦੇ ਸਨ। ਇਸ ਲਈ ਸੇਠ ਜੀ ਨੇ ਭਾਈ ਸਾਹਬ ਦੇ ਨਾਲ ਜਾਣਾ ਯੋਗ ਸਮਝਿਆ। ਭਾਈ ਸਾਹਿਬ ਤੇ ਠਾਕਰ ਸਿੰਘ, ਬਾਬੂ ਅਮਰ ਸਿੰਘ ਨੂੰ ਮਿਲੇ। ਬਾਬੂ ਜੀ ਤੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਸਾਨਫਰਾਂਸਿਸਕੋ ਤੋਂ ਤਿੰਨ ਹੋਰ ਬੰਦੇ ਆਏ ਹੋਏ ਹਨ। ਬਾਬੂ ਜੀ ਨੇ ਭਾਈ ਸਾਹਬ ਨੂੰ ਦਸਿਆ ਕਿ ਦਰਸੀ ਚੈਨਚਇਆ ਉਨ੍ਹਾਂ ਨੂੰ ਮਿਲ ਕੇ ਗਿਆ ਹੈ ਤੇ ਘਬਰਾਇਆ ਹੋਇਆ ਹੈ ਕਿਉਂਕਿ ਉਨ੍ਹਾਂ ਦਾ ਆਗੂ ਜੋਧ ਸਿੰਘ ਉਨ੍ਹਾਂ ਨੂੰ ਲੱਭ ਹੀ ਨਹੀਂ ਰਿਹਾ ਤੇ ਉਨ੍ਹਾਂ ਦੇ ਨਾਲ ਦਾ ਚੈਟਰ ਜੀ ਵੀ ਡੋਲਿਆ ਖਲੋਤਾ ਹੈ ਉਹ ਕਹਿੰਦਾ ਹੈ ਕਿ ਆਪ ਜਾ ਕੇ ਜਰਮਨ ਕੌਂਸਲ ਨੂੰ ਮਿਲ ਆਇਆ ਹੈ। ਨਾਲ ਹੀ ਬਾਬੂ ਜੀ ਨੇ ਦਸਿਆ ਕਿ ਦਰਸੀ ਭਾਈ ਸਾਹਬ ਨਾਲ ਬਰਮਾ ਜਾਣ ਨੂੰ ਤਿਆਰ ਬੈਠਾ ਹੈ।

ਉਸੇ ਵੇਲੇ ਸਲਾਹ ਬਣੀ ਕਿ ਬਰਮਾ ਜਾਣ ਦਾ ਪ੍ਰੋਗਰਾਮ ਝੱਟ ਪੱਟ ਬਣਾਇਆ ਜਾਵੇ। ਇਹ ਪ੍ਰਬੰਧ ਕਰਨ ਲਈ ਯੋਗ ਸਮਝਿਆ ਗਿਆ ਕਿ ਭਾਈ ਵਿਸਾਵਾ ਸਿੰਘ ਦੀ ਰਾਏ ਲੈਣੀ ਚਾਹੀਦੀ ਹੈ ਕਿ ਕਿਹੜੇ ਰਾਹ ਬਰਮਾ ਜਾਇਆ ਜਾਏ। ਬਾਬੂ ਜੀ ਨੇ ਘੜੀ ਉਤੇ ਵਕਤ ਵੇਖ ਕੇ ਆਪਣੇ ਇਕ ਸਾਥੀ ਨੂੰ ਕਿਹਾ ਕਿ ਗੱਡੀ ਆਉਣ ਵਾਲੀ ਹੈ। ਉਹ ਗੱਡੀ ਚੜ੍ਹ ਜਾਏ ਤੇ ਭਾਈ ਵਿਸਾਵਾ ਸਿੰਘ ਨੂੰ ਨਾਲ ਲੈ ਕੇ ਕਲ ਸ਼ਾਮ ਤਕ ਲੰਪਾਂਗ ਪਹੁੰਚ ਜਾਏ।

ਬਾਬੂ ਅਮਰ ਸਿੰਘ ਤੇ ਭਾਈ ਸਾਹਬ ਜਾਣ ਲੱਗੇ ਠਾਕਰ ਸਿੰਘ ਨੂੰ ਪਿੱਛੇ ਛੱਡ ਗਏ ਸਨ। ਵਰਿਆਮ ਸਿੰਘ ਦੇ ਘਰ ਚਾਰੇ ਆਪਸ ਵਿਚ ਇਕ ਦੂਜੇ ਨੂੰ ਜੱਫੀਆਂ ਪਾ ਕੇ ਮਿਲੇ। ਬਾਬੂ ਅਮਰ ਸਿੰਘ ਨੇ ਸਭ ਦੀ ਇਕ ਦੂਜੇ ਨਾਲ ਜਾਣ ਪਛਾਣ ਕਰਵਾਈ। ਢੇਰ ਚਿਰ ਤੱਕ ਗੱਲਾਂ ਹੁੰਦੀਆਂ ਰਹੀਆਂ। ਫੈਸਲਾ ਇਹ ਹੋਇਆ ਕਿ ਚੰਗਮਈ ਦੀ ਸਰਹੱਦ ਤੋਂ ਬਰਮਾ ਜਾਇਆ ਜਾਏ। ਇਸ ਲਈ ਭਾਈ ਸਾਹਬ ਆਪਣੇ ਨਾਲ ਦੇ ਬੰਦਿਆਂ ਨੂੰ ਲੈ ਕੇ ਛੇਤੀ ਚੰਗਮਈ ਪਹੁੰਚ ਜਾਣ।

ਭਾਈ ਸਾਹਬ ਤੇ ਠਾਕਰ ਸਿੰਘ ਜਦ ਬੰਕੋਕ ਮੁੜੇ ਤਾਂ ਉਨ੍ਹਾਂ ਨੂੰ ਦਰਸੀ ਤੋਂ ਪਤਾ ਲੱਗਾ ਕਿ ਜੋਧ ਸਿੰਘ ਕਿਸੇ ਆਰੀਆ ਸਮਾਜੀ ਦੇ ਘਰ ਜਾ ਕੇ ਕਿਸੇ ਖੁਫੀਆ ਪੁਲਸ ਦੇ ਅਫਸਰ ਨੂੰ ਮਿਲ ਕੇ ਸਾਰੇ ਭੇਦ ਦਸ ਕੇ ਆਪਣੇ ਪਤਿਆਂ ਵਾਲੀ ਡਾਇਰੀ ਵੀ ਉਸ ਨੂੰ ਦੇ ਆਇਆ ਹੈ। ਇਹ ਖਬਰ ਸੇਠ ਬੁੱਢਾ ਸਿੰਘ ਜੀ ਨੂੰ ਵੀ ਮਿਲ ਗਈ। ਉਨ੍ਹਾਂ ਇਹ ਖਬਰ ਝੱਟ ਪੱਟ ਭਾਈ ਸਾਹਬ ਨੂੰ ਪਹੁੰਚਾਈ। ਭਾਈ ਸਾਹਬ, ਠਾਕਰ ਸਿੰਘ ਤੇ ਦਰਸੀ ਚਨਚਇਆ ਬੰਕੋਕ ਛੱਡ ਦੇਣ ਦੀਆਂ ਤਿਆਰੀਆਂ ਕਰਨ ਲੱਗੇ। ਉਨ੍ਹਾਂ ਤੜਕੇ ਪਹਿਲੀ ਗੱਡੀ ਲੈਣ ਦਾ ਮਨ ਬਣਾ ਲਿਆ। ਦਰਸੀ, ਸਵੇਰੇ ਉਨ੍ਹਾਂ ਨੂੰ ਸਟੇਸ਼ਨ ਉਤੇ ਮਿਲਣ ਦਾ ਇਕਰਾਰ ਕਰਕੇ ਆਪਣੇ ਹੋਟਲ ਚਲਾ ਗਿਆ।

ਭਾਈ ਸਾਹਬ ਅਜੇ ਲੇਟੇ ਹੀ ਸਨ ਕਿ ਉਨ੍ਹਾਂ ਨੂੰ ਬਵਾਸੀਰ ਦੀ ਤਕਲੀਫ ਵੱਧ ਗਈ। ਉਨ੍ਹਾਂ ਆਪਣੇ ਮਨ ਉਤੇ ਬਹੁਤ ਜ਼ਬਤ ਰਖਿਆ ਪਰ ਤਕਲੀਫ ਵੱਧਦੀ ਹੀ ਗਈ, ਸਹੀ ਨਾ ਜਾਏ। ਠਾਕਰ ਸਿੰਘ ਨੇ ਅੱਧੀ ਰਾਤ ਦੇ ਲਾਗੇ ਚਾਗੇ ਸਲਾਹ ਦਿੱਤੀ ਕਿ ਹਸਪਤਾਲ ਚਲ ਕੇ ਡਾਕਟਰ ਨੂੰ ਦਿਖਾ ਦਈਏ ਤੇ ਦਿਨ ਚੜ੍ਹੇ ਸ਼ਹਿਰੋਂ ਬਾਹਰ ਨਿਕਲ ਚਲੀਏ। ਭਾਈ ਸਾਹਬ ਨੇ ਰਾਤ ਔਖਿਆਂ ਸੌਖਿਆਂ ਕੱਢ ਕੇ ਅਮਰ ਸਿੰਘ ਇੰਜੀਨੀਅਰ ਦੇ ਡੇਰੇ ਜਾ ਟਿਕਣ ਦੀ ਗੱਲੀ ਕੀਤੀ। ਉਹ ਅਜੇ ਸਲਾਹਾਂ ਕਰਦੇ ਹੀ ਸਨ ਕਿ ਭਾਈ ਸਾਹਬ ਤਕਲੀਫ ਨਾਲ ਬਿਲਕੁਲ ਨਿਢਾਲ ਹੋ ਗਏ। ਠਾਕਰ ਸਿੰਘ ਨੇ ਰਿਕਸ਼ਾ ਲਿਆਂਦਾ। ਭਾਈ ਸਾਹਿਬ ਨੂੰ ਰਿਕਸ਼ੇ ਵਿਚ ਲਿਟਾ ਕੇ ਆਪ ਰਿਕਸ਼ੇ ਵਾਲੇ ਦੇ ਨਾਲ ਦੌੜਨ ਲੱਗਾ। ਜਦ ਹਸਪਤਾਲ ਪਹੁੰਚੇ ਤਾਂ ਭਾਈ ਸਾਹਬ ਉਤੇ ਅੱਧੀ ਜਿਹੀ ਬੇਹੋਸ਼ੀ ਛਾਈ ਹੋਈ ਸੀ।

ਡਾਕਟਰ ਨੇ ਐਮਰਜੈਂਸੀ ਵਾਰਡ ਵਿੱਚ ਲਿਟਾ ਕੇ ਕਲੋਰੋਫਾਰਮ ਸੁੰਘਾਏ ਬਿਨਾਂ ਉਪਰੇਸ਼ਨ ਕਰ ਦਿੱਤਾ। ਉਪਰੇਸ਼ਨ ਤੋਂ ਮਗਰੋਂ ਭਾਈ ਸਾਹਬ ਕੁੱਝ ਟਿਕ ਗਏ। ਠਾਕਰ ਸਿੰਘ ਸੋਚ ਰਿਹਾ ਸੀ ਕਿ ਹੁਣ ਕੀ ਕਰੇ। ਉਸ ਦੇ ਮਨ ਵਿਚ ਆਈ ਕਿ ਡਾਕਟਰ ਨਰਸਾਂ ਤੋਂ ਉਹਲੇ ਹੋ ਕੇ ਉਹ ਭਾਈ ਸਾਹਿਬ ਨੂੰ ਆਪਣੇ ਮੋਢਿਆਂ ਉਤੇ ਲੈ ਕੇ ਬਾਹਰ ਨਿਕਲ ਤੁਰੇ ਤੇ ਰਿਕਸ਼ਾ ਕਰਕੇ ਹੋਟਲ ਪਹੁੰਚ ਜਾਏ। ਅਮਰ ਸਿੰਘ ਦੇ ਡੇਰੇ ਜਾ ਕੇ ਇਲਾਜ ਹੁੰਦਾ ਰਹੇ। ਉਸ ਨੇ ਬਥੇਰਾ ਅੱਗੇ ਪਿੱਛੇ ਫਿਰ ਕੇ ਦਾਅ ਲਾਉਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਵੀ ਉਹ ਦਰਵਾਜ਼ੇ ਵਿਚ ਵੜਦਾ ਤਾਂ ਕੋਈ ਨਾ ਕੋਈ ਨਰਸ ਉਸ ਨੂੰ ਅੰਦਰ ਜਾਣ ਤੋਂ ਰੋਕ ਦੇਂਦੀ।

ਉਹ ਸੋਚਣ ਲੱਗਾ ਕਿ ਬ੍ਰਿਟਿਸ਼ ਕੌਂਸਲ ਨੂੰ ਭਾਈ ਸਾਹਬ ਦੇ ਹਸਪਤਾਲ ਹੋਣ ਬਾਰੇ ਪਤਾ ਲੱਗ ਗਿਆ ਤਾਂ ਗ੍ਰਿਫਤਾਰ ਹੋ ਜਾਵਾਂਗੇ। ਉਹ ਕੁੜਿਕੀ ਵਿਚ ਫਸਿਆ ਹੋਇਆ ਸੀ ਪਰ ਕਰ ਕੁੱਝ ਨਹੀਂ ਸੀ ਸਕਦਾ। ਉਹ ਹੋਟਲ ਜਾ ਕੇ ਆਪਣਾ ਸਮਾਨ ਲੈ ਆਇਆ। ਸੋਚਣ ਲੱਗਾ ਕਿ ਹਸਪਤਾਲੋਂ ਹੀ ਭਾਈ ਸਾਹਬ ਨੂੰ ਨਾਲ ਲੈ ਕੇ ਸ਼ਹਿਰੋਂ ਨਿਕਲ ਜਾਏਗਾ।

ਦਿਨ ਚੜ੍ਹ ਚੁਕਾ ਸੀ। ਪਹਿਲੀ ਗੱਡੀ ਲੰਘ ਗਈ ਸੀ। ਉਹ ਆਪਣਾ ਸਮਾਨ ਹਸਪਤਾਲ ਦੇ ਬਰਾਂਡੇ ਵਿਚ ਇਕ ਨੁਕਰੇ ਰਖ ਕੇ ਅਛੋਪਲੇ ਹੀ ਭਾਈ ਸਾਹਬ ਕੋਲ ਜਾ ਪਹੁੰਚੇ। ਭਾਈ ਸਾਹਬ ਨੇ ਅੱਖਾਂ ਪੁੱਟ ਕੇ ਠਾਕਰ ਸਿੰਘ ਵੱਲ

# Dr. T. P. SINGH



Conducting research since last 24 years on The Reproduction of Animals particularly fishs and on mechanism controlling reproduction. Represented India in 15 international scientific conferences held during the past 20 years invarious countries and published over 100 research artieles in the international journals of repute. Serving as expert reviewer audomeditorial borad of many International Journals. Chaired sessions in Scientific meetings held in India and alsoad. First Asian amongest the developing countries to get "Professional Development" award for the year 1982 instututed by the International Development Research Centre (IDRC), Ottawa, and also awarded with 'Hari Om Trust' prize of Indian council of Agricultural Research, Government of Indian for the year 1982 for contributions in the field of Animals Sciences. Working currently on a project of IDRC, in the Department of Fisheries and Oceans. Also collaborating in other International Scientific project with the Scientish of Canada, USA, France, England and Japan. At the parmanemt place of work in Banaras Hindu University heading 4 Research projects, as Principal Investigator, sponsored by the Government of India and one PL—480 project funded by U.S.A.

Address and Position
T.P. Singh Ph.D.
Associate Professer
Fish Endocrinology Laboratory
Banaras Hindu University
Deptt. of Zoology, Varanasi

# ਸ੍ਰੀਮਤੀ ਗਾਂਧੀ ਦਾ ਡਿਸਾਈ ਲਈ ਆਸ ਦਾ ਪ੍ਰਗਟਾਵਾ

ਨਵੀਂ ਦਿਲੀ (ਯੂ. ਐਨ. ਆਈ.)—ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਆਸ ਜ਼ਾਹਰ ਕੀਤੀ ਕਿ ਸਾਬਕ ਪ੍ਰਧਾਨ ਮੰਤਰੀ ਸ੍ਰੀ ਮੁਰਾਰਜੀ ਡਿਸਾਈ ਦੇ ਸੀ. ਆਈ. ਏ. ਏਜਟ ਹੋਣ ਦੀ ਖਬਰ ਗਲਤ ਨਿਕਲੇਗੀ.

ਜਦੋਂ ਇਕ ਬਦੇਸ਼ੀ ਪੱਤਰ ਪ੍ਰੇਰਕ ਦੇ ਪੁਛਿਆ ਕਿ ਸ੍ਰੀ ਮੁਰਾਰਜੀ ਡਿਸਾਈ ਜਿਹੜੇ ਤੁਹਾਡੀ ਮੰਤਰੀ ਮੰਡਲ ਦੇ ਮੈਂਬਰ ਸਨ, ਸੀ. ਆਈ. ਏ. ਏਜੰਟ ਰਹੇ ਹਨ, ਸ੍ਰੀਮਤੀ ਗਾਂਧੀ ਨੇ ਕਿਹਾ, "ਮੈਨੂੰ ਇਸ ਦਾ ਕੀ ਪਤਾ ਹੋ ਸਕਦਾ ਹੈ".

ਉਹਨਾਂ ਪੱਤਰਕਾਰ ਨੂੰ ਕਿਹਾ, "ਮੈਨੂੰ ਇੰਜ ਸਵਾਲ ਕਰਨਾ ਠੀਕ ਨਹੀਂ. ਮੈਨੂੰ ਆਸ ਹੈ ਕਿ ਇਹ ਰੀਪੋਟ ਠੀਕ ਨਹੀ".

ਇਹ ਪੁਛੇ ਜਾਣ ਉਤੇ ਕਿ ਕੀ ਹਿੰਦ ਸਰਕਾਰ ਇਹ ਮਾਮਲਾ ਅਮਰੀਕਾ ਕੋਲ ਉਠਾਏਗੀ, ਸ੍ਰੀਮਤੀ ਗਾਂਧੀ ਨੇ ਪੱਤਰਕਾਰਾ ਦਾ ਧਿਆਨ ਅਖਬਾਰਾਂ ਵਿਚ ਛਪੀ ਇਸ ਰੀਪੋਰਟ ਵਲ ਦੁਆਇਆ ਕਿ ਮੁਰਾਰਜੀ ਡਿਸਾਈ ਆਪ ਮਿ: ਹੈਰਸ਼ ਦੇ ਖਿਲਾਫ ਹੱਤਕ ਇੱਜਤ ਦਾ ਦਾਅਵਾ ਕਰ ਰਹੇ ਹਨ.

ਜਦ ਉਹਨਾਂ ਦਾ ਧਿਆਨ ਅਖਬਾਰਾਂ ਵਿਚ ਛਪੀਆਂ ਇਹਨਾਂ ਖਬਰਾਂ ਵਲ ਦੁਆਇਆ ਗਿਆ ਕਿ ਅਮਰੀਕਾ ਵਿਚ ਹਿੰਦ ਦੇ ਰਾਜ-ਦੂਤ ਮਿ: ਐਲ. ਕੇ. ਝਾਅ ਨੇ ਖੁਫੀਆ ਕੋਡ ਵਾਲੀ ਇਕ ਰੀਪੋਰਟ ਅਖਬਾਰਾਂ ਨੂੰ ਲੀਕ ਆਊਟ ਕੀਤੀ, ਸ੍ਰੀਮਤੀ ਗਾਂਧੀ ਨੇ ਕਿਹਾ, "ਮੈਂ ਨਹੀਂ ਸਮਝਦੀ ਕਿ ਝਾਅ ਦਾ ਇਸ ਮਾਮਲੇ ਨਾਲ ਕੋਈ ਸਬੰਧ ਹੈ".

ਸ੍ਰੀਮਤੀ ਗਾਂਧੀ ਦੀ ਟਿੱਪਣੀ ਇਹਨਾਂ ਰਿਪੋਰਟਾਂ ਬਾਰੇ ਸੀ ਕਿ ਸਾਬਕ ਅਮਰੀਕੀ ਬਦੇਸ਼ ਸਕਤਰ ਸ੍ਰੀ ਹੈਨਰੀ ਕੀਸਿੰਗਰ ਨੇ 1975 ਚ' ਮਿ: ਝਾਅ ਨੂੰ ਇਹ ਸੁਨੇਹਾ ਦਿਤਾ ਸੀ ਕਿ ਜੇ ਚੀਨ ਨੇ ਹਿੰਦ ਪਾਕਿ ਜੰਗ ਵਿਚ ਦਖਲ ਦਿਤਾ ਤਾਂ ਅਮਰੀਕਾ ਹਿੰਦ ਦੀ ਮਦਦ ਉਤੇ ਨਹੀਂ ਪੁਜ ਸਕੇਗਾ". ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹਨਾਂ ਸ੍ਰੀ ਹੈਰਸ਼ ਦੀ ਕਿਤਾਬ ਨਹੀਂ ਪੜ੍ਹੀ ਤੇ ਉਹਨਾਂ ਨੂੰ ਇਸ ਮਾਮਲੇ ਬਾਰੇ ਛਪੀਆਂ ਰੀਪੋਰਟਾਂ ਤੋਂ ਵਧ ਕੁਝ ਨਹੀਂ ਪਤਾ.

# 'ਮੇਨਕਾ ਆਪਣੀ ਸੱਸ ਦੇ ਘਰ ਅਗੇ ਅਮਨ ਮਾਰਚ ਕਰੇ'

ਅੰਮ੍ਰਿਤਸਰ (ਯੂ. ਐਨ ਆਈ)—ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦਸਿੰਘ ਲੌਂਗੋਵਾਲ ਨੇ ਸਂਜੇ ਵਿਚਾਰ ਮੰਚ ਦੀ ਆਗੂ ਸ੍ਰੀਮਤੀ ਮੇਨਕਾ ਗਾਂਧੀ ਵਲੋਂ 22 ਜੂਨ ਨੂੰ ਕੀਤੇ ਅਮਨ ਮਾਰਚ ਉਤੇ ਟਿੱਪਣੀ ਕਰਦਿਆਂ ਕਿਹਾ, 'ਮੇਨਕਾ ਨੂੰ ਆਪਣੀ ਸੱਸ (ਸ੍ਰੀਮਤੀ ਗਾਂਧੀ) ਦੇ ਘਰ ਅਗੇ ਅਮਨ ਮਾਰਚ ਕਰਨਾ ਚਾਹੀਦਾ ਹੈ ਕਿਉਂਕਿ ਮੌਜੂਦਾ ਹਾਲਾਤ ਦੀ ਜਿੰਮੇਵਾਰੀ ਉਸ ਉਤੇ ਹੀ ਹੈ.'

ਇਥੇ ਪੱਤਰਕਾਰਾਂ ਨਾਲ ਗੱਲ-ਬਾਤ ਕਰਦਿਆਂ ਹੋਇਆਂ ਸੰਤ ਜੀ ਨੇ ਕਿਹਾ 'ਜੇ ਮੇਨਕਾ ਅੰਮ੍ਰਿਤਸਰ ਆਵੇ, ਸਾਨੂੰ ਮਿਲੇ ਤਾਂ ਅਸੀਂ ਸੁਆਗਤ ਕਰਾਂਗੇ ਪਰ ਉਸਨੂੰ ਅੰਮ੍ਰਿਤਸਰ ਵਿਚ ਅਮਨ ਮਾਰਚ ਦੀ ਆਗੂ ਬਣਕੇ ਨਹੀਂ ਆਉਣਾ ਚਾਹੀਦਾ.'

ਰਾਜ ਵਿਅੰਗ

# ਪਹਾੜਾ ਸਿੰਘ ਦਾ ਹਲਫੀਆ ਬਿਆਨ

(ਕੇ. ਐਲ. ਗਰਗ ਤੋਂ ਖ਼ਿਮਾਂ ਸਹਿਤ)

ਮੈਂ ਪਹਾੜਾ ਸਿੰਘ ਉਰਫ ਜਮੂਰਾ ਪੁੱਤਰ ਬੇਔਲਾਦ ਸਿੰਘ, ਜ਼ਾਤ ਬੇਈਮਾਨੀ, ਪਿੰਡ ਚੱਕ ਨੰਬਰ ਚਾਰ ਸੌ ਵੀਹ, ਬਾਬੇ ਲਾਟ ਨੂੰ ਹਾਜ਼ਿਰ ਨਾਜ਼ਿਰ ਜਾਣ ਕੇ ਜੋ ਕੁਝ ਵੀ ਕਹਾਂਗਾ, ਉਸ 'ਚੋਂ ਤੁਹਾਨੂੰ ਸੱਚ ਵਰਗੀ ਚੀਜ਼ ਦਾ ਭੁਲੇਖਾ ਪਵੇਗਾ, ਕਿਉਂਕਿ ਝੂਠ ਨੂੰ ਸੱਚ ਦਿਖਾਉਣਾ ਮੇਰੇ ਮੁੱਖ ਕਰਤੱਵਾਂ 'ਚੋਂ ਇਕ ਹੈ ਤੇ ਝੂਠ ਤੇ ਸੱਚ ਦਾ ਮੁਲੰਮਾ ਚਾੜ੍ਹਨ ਦਾ ਮੇਰਾ ਪੂਰਾ ਤਜਰਬਾ ਹੈ।

ਪਹਿਲਾਂ ਮੇਰੀ ਲੋੜ ਸਿਰਫ ਮਦਾਰੀਆਂ ਨੂੰ ਹੀ ਪੈਂਦੀ ਸੀ। ਢਿੱਡ ਭਰਨ ਲਈ ਬੰਦੇ ਨੂੰ ਸੌ ਤਰ੍ਹਾਂ ਦੇ ਪਾਪੜ ਵੇਲਣੇ ਪੈਂਦੇ ਅਤੇ ਡੰਡਾ ਚੁੱਕ ਕੇ ਰੰਗ ਤਮਾਸ਼ੇ ਕਰਨੇ ਪੈਂਦੇ ਐ, ਹਜ਼ਾਰਾਂ ਕਲਾਬਾਜ਼ੀਆਂ, ਉਲਟਬਾਜ਼ੀਆਂ ਖਾਣੀਆਂ ਪੈਂਦੀਆਂ ਨੇ। ਮਦਾਰੀਆਂ ਲਈ ਭੀੜ ਇਕੱਠੀ ਕਰਨੀ, ਹੱਥ ਸਫਾਈ ਲਈ ਮੌਕਾ ਦੇਣਾ, ਆਮਲ, ਮਾਮੂਲ ਦੇ ਸਵਾਲਾਂ ਦੇ ਜਵਾਬ ਦੇਣੇ, ਨਕਲੀ ਜੀਭ ਵੱਢ ਕੇ ਭੀੜ ਦੀ ਫੋਕੀ ਹਮਦਰਦੀ ਜਿੱਤਣੀ ਤੇ ਫਿਰ ਮਦਾਰੀਆਂ ਦੇ ਕਾਸੇ ਖਨ ਖਨ ਕਰਦੀ ਭਾਨ ਨਾਲ ਭਰਵਾਉਣੇ ਇਹੋ ਮੇਰਾ ਧੰਦਾ ਰਿਹਾ ਹੈ। ਪਰ ਹੁਣ ਜਦ ਤੋਂ ਸਾਰੇ ਮਦਾਰੀ ਸਾਬਕ ਮੰਤਰੀ ਰਹਿ ਗਏ ਹਨ (ਭਾਵੇਂ ਉਹ ਚਿੱਟੇ, ਕੇਸਰੀ, ਲਾਲ ਜਾਂ ਨੀਲੇ ਹੋਣ) ਤਾਂ ਮੈਨੂੰ ਵੀ ਸੰਤਰੀ, ਯੰਤਰੀ ਤੇ ਤੰਤਰੀ ਦੇ ਸਾਰੇ ਕੰਮ ਆਪ ਹੀ ਭੁਗਤਾਉਣੇ ਪੈ ਰਹੇ ਐ। ਸਾਬਕ ਮੰਤਰੀਆਂ ਦੇ ਭਾਸ਼ਨ ਤੇ ਰਾਸ਼ਨ ਦਾ ਪ੍ਰਬੰਧ ਕਰਨਾ ਤੇ ਜਸ਼ਨ ਤੇ ਟਸ਼ਨ ਦਾ ਉਪਰਾਲਾ ਕਰਨਾ ਪੈਂਦਾ ਹੈ ਭਾਵੇਂ ਇਸ 'ਚ ਮੇਰਾ ਰਾਸ਼ਨ ਤੇ ਜਸ਼ਨ ਵੀ ਸ਼ਾਮਿਲ ਹੁੰਦਾ ਹੈ।

ਭਾਸ਼ਨ ਮੰਤਰੀ ਦਾ ਤੇ ਕੰਨ ਲੋਕਾਂ ਦੇ, ਹਾਰ ਲੋਕਾਂ ਦੇ ਸਰੋਪੇ ਲੋਕਾਂ ਦੇ ਤੇ ਵੰਨ-ਸੁਵੰਨੇ ਛੋਟੇ ਸਾਬਕ ਮੰਤਰੀ ਦੇ, ਬਹਾਨੇਬਾਜ਼ੀ, ਇਸ਼ਤਿਹਾਰਬਾਜ਼ੀ ਤੇ ਲੱਫਾਜ਼ੀ ਸਾਬਕ ਮੰਤਰੀ ਦੀ ਤੇ ਸਬਰ ਜਨਤਾ ਦਾ, ਭੀੜ ਲੋਕਾਂ ਦੀ ਤੇ ਬਿਆਨਬਾਜ਼ੀ ਮੰਤਰੀ ਦੀ ਤੇ ਇਸ ਸਭ ਲਈ ਜਨਤਾ ਜਨਾਰਧਨ ਨੂੰ ਉੱਲੂ ਬਨਾਉਣਾ ਜ਼ਿੰਮਾਂ ਜਮੂਰੇ ਦਾ। ਇਥੇ ਹਜ਼ੂਰ ਮੈਂ ਤੀਹ ਵਰ੍ਹਿਆਂ ਦਾ ਤਜਰਬਾ ਵਰਤਦਾ ਹਾਂ। ਕਿਤੇ ਮੈਂ ਦੱਸਦਾ ਹਾਂ ਕਿ ਮੰਤਰੀ ਜੀ ਐਲਾਨਨਾਮਾ ਪੇਸ਼ ਕਰਨਗੇ, ਕਿਤੇ ਧਰਮ ਤੇ ਮਜ਼ਬ ਦਾ ਰੰਗ ਚਾੜ੍ਹਦਾ ਹਾਂ ਤੇ ਕਿਤੇ ਤੁਸੀਂ ਆਪ ਸਿਆਣੇ ਹੋ ਮੈਂ ਮਾਈ ਲੱਛਮੀ ਦਾ 'ਪ੍ਰਯੋਗ' ਕਰਦਾ ਹਾਂ ਕਿਉਂਕਿ ਜਦੋਂ ਤੋਂ ਵਿਸ਼ਨੂੰ ਰਾਜਨੀਤੀ 'ਚ ਆ ਗਿਆ ਹੈ ਲੱਛਮੀ ਹੀ ਪ੍ਰਧਾਨ ਹੋ ਗਈ ਐ। ਹਰ ਪੇਚੀਦਾ ਤੋਂ ਪੇਚੀਦਾ ਗੰਢ ਇਹਦੀ ਇਕ ਫੂਕ ਨਾਲ ਖੁਲ੍ਹ ਜਾਂਦੀ ਐ। ਲੋਕਾਂ ਨੂੰ ਗਲਤ ਰਾਹ ਪਾਉਣਾ ਖਾਲਾ ਜੀ ਦਾ ਵਾੜਾ ਨਹੀਂ ਹਜ਼ੂਰ ਪੂਰੀ ਪੈਂਤਰੇਬਾਜ਼ੀ ਦਾ ਕੰਮ ਐ। ਸਵਾਰ ਬੇਗਾਨੇ ਸਵਾਰੀ ਦਾ ਪ੍ਰਬੰਧ ਜਮੂਰੇ ਦਾ। ਬਿਆਨਬਾਜ਼ੀ ਨਾਲ ਮੰਤਰੀ ਦਾ ਢਿੱਡ ਦਾ ਆਫਾਰਾ ਦੂਰ ਹੋ ਜਾਂਦੈ ਤੇ 'ਮੂਰਖ' ਜਨਤਾ ਨੂੰ ਕੁਝ ਦੇਰ ਲਈ ਧਰਵਾਸ ਦਾ ਕੈਪਸੂਲ ਮਿਲ ਜਾਂਦੈ ਤੇ ਉਹ ਸਮਝਣ ਲਗ ਪੈਂਦੀ ਐ ਕਿ ਚਲੋ ਬੰਦਾ ਕੁਝ ਤਾਂ ਕਰ ਹੀ ਰਿਹਾ ਹੈ (ਭਾਵੇਂ ਬਿਆਨਬਾਜ਼ੀ ਹੀ ਕਰ ਰਿਹਾ ਹੈ) ਆਮ ਕੇ ਆਮ ਗੁਠਲੀਉਂ ਕੇ ਦਾਮ ....।

ਜੇ ਇਨੀ ਹੱਡ ਭੰਨਵੀਂ ਮਿਹਨਤ ਤੋਂ ਬਾਦ ਵੀ ਮਦਿਰਾ, ਮੁਰਗੇ ਤੇ ਮੋਹਿਨੀ ਦਾ ਪ੍ਰਬੰਧ ਨਾ ਹੋਵੇ ਤਾਂ ਉਸ ਮੰਤਰੀ ਨੂੰ ਮੈਂ ਕੀ ਰਗੜ ਕੇ ਫੋੜੇ ਤੇ ਲਾਉਣੈ ? ਤੇ ਹਜ਼ੂਰ ਇਹ ਕੁਝ ਵਰ੍ਹੇ ਮੈਂ ਆਪਣੀ ਭੁੱਖ ਕੱਢਣ ਤੇ ਦੁੱਖ ਤੋੜਨ ਲਈ ਸਿਰ ਤੋੜ ਯਤਨ ਕਰ ਰਿਹਾ ਹਾਂ।

ਮੈਨੂੰ ਪਤਾ ਹੈ ਤੁਸੀਂ ਹੁਣ ਜ਼ਰੂਰ ਇਹ ਪੁਛੋਗੇ ਕਿ ਮੈਂ ਇਹ ਸਭ ਕੁਝ ਕਾਹਦੇ ਲਈ ਕਰਦਾਂ ? ਹਜ਼ੂਰ ਮੈਂ ਇਹ ਸਭ ਕੁਝ ਮੰਤਰੀ ਜੀ ਪ੍ਰਤੀ ਮੋਹ ਜਾਂ ਤਾਬਿਆ ਦਾਰੀ ਕਰਕੇ ਨਹੀਂ ਕਰਦਾ। ਇਸ ਵਿਚ ਮੇਰਾ ਵੀ ਸੁਆਰਥ ਸ਼ਾਮਲ ਹੈ। ਦੁਨੀਆਂ ਦਾ ਹਰ ਜੀਅ ਜੰਤ, ਸੰਤ ਮਹੰਤ ਸੁਆਰਥੀ ਹੈ, ਜੇ ਮੈਂ ਵੀ ਕਿਸੇ ਕੰਮ ਦਾ ਨਾ ਹੋਵਾਂ ਤਾਂ ਮੰਤਰੀ ਕਿਹੜੇ ਮੈਨੂੰ ਆਪਣੀ ਹਵਾ ਵੀ ਲੱਗਣ ਦੇਣ !

ਕਈ ਵਾਰੀ ਤੁਸੀਂ ਮੇਰੇ ਤੇ ਇਲਜ਼ਾਮ ਲਾਉਂਦੇ ਹੋ ਕਿ ਮੈਂ ਗਿਰਗਟ ਵਾਂਗ ਰੰਗ ਬਦਲ ਦਾ ਹਾਂ। ਕਦੀ ਗਾਂ ਵੱਛੇ ਦੀ ਪੂਛ ਫੜਦਾ ਰਿਹਾ ਹਾਂ। ਕਦੀ ਦੇਗ ਤੇਗ ਫਤਹ ਆਖਦਾਂ, ਕਦੀ ਦੀਵੇ 'ਚ ਤੇਲ ਪਾਉਂਦਾ ਰਿਹਾ ਹਾਂ ਤੇ ਕਦੇ ਹਲ-ਕਿਸਾਨ ਲਈ ਤਿਉਹ ਦਿਖਾਉਂਦਾ ਹਾਂ। ਹਜ਼ੂਰ, ਗਿਰਗਟ ਨਾਲ ਤੁਲਨਾ ਕਰਕੇ ਤੁਸੀਂ ਮੇਰੀ ਤੌਹੀਨ ਕਰ ਰਹੇ ਹੋ। ਗਿਰਗਟ ਵਿਚਾਰਾ ਕਿਸ ਬਾਗ ਦੀ ਮੂਲੀ ਐ ਜੋ ਰੰਗ ਬਦਲਣ 'ਚ ਮੇਰਾ ਮੁਕਾਬਲਾ ਕਰ ਸਕੇ। ਜਦੋਂ ਦੇਸ਼ ਦੇ ਵੱਡੇ ਵੱਡੇ ਸਿਰ, ਭਾਰੀ ਭਾਰੀ ਦੇਹਾਂ ,ਆਇਆ ਰਾਮ ਗਿਆ ਰਾਮ' ਦਾ ਰੂਪ ਧਾਰੀ ਜਾ ਰਹੀਆਂ ਹਨ ਤਾਂ ਫਿਰ ਸਾਡੇ ਵਰਗੇ ਦੂੱਕਾਂ ਚੰਦ ਕਿਵੇਂ ਗੁਜ਼ਾਰਾ ਕਰ ਸਕਦੇ ਹਨ ? ਆਪਣੇ ਲਾਭ ਲਈ ਤਾਂ ਨਾਰਦ ਮੁਨੀ ਵਰਗੇ ਮਹਾਂ ਰਿਸ਼ੀਆਂ ਨੇ ਵਿਸ਼ਨੂੰ ਦਾ ਰੂਪ ਵਟਾਉਣਾ ਚਾਹਿਆ ਸੀ, ਪਰ ਫਿਰ ਭਾਵੇਂ ਉਹ ਬਾਂਦਰ ਦੇ ਰੂਪ 'ਚ ਹੀ ਵਟ ਗਿਆ ਪਰ ਰੂਪ ਤਾਂ ਬਦਲਿਆ।

ਤੇ ਅੰਤ ਵਿਚ ਹਜ਼ੂਰ ਮੈਂ ਇਹੀ ਕਹਾਂਗਾ ਕਿ ਜਿਵੇਂ ਪਟਰੋਲ ਬਿਨਾਂ ਮੋਟਰ, ਘੋੜੇ ਬਿਨਾਂ ਟਾਂਗਾ ਤੇ ਉਸਤਰੇ ਬਿਨਾਂ, ਚੋਰ ਉਚੱਕਾ ਅਧੂਰਾ ਹੈ, ਜਮੂਰੇ ਬਿਨਾਂ 'ਮੰਤਰੀ' — ਨਾ ਪੂਰਾ ਹੈ ਨਾ ਸੂਰਾ ਹੈ !

# ਗਾਂਧੀ ਨੂੰ 82 ਕਰੋੜ 50 ਲੱਖ ਦੀ ਆਮਦਨ

ਨਵੀਂ ਦਿੱਲੀ — ਮਹਾਤਮਾਂ ਗਾਂਧੀ ਨੇ ਕਿਸੇ ਹੋਰ ਦਾ ਭਲਾ ਕੀਤਾ ਹੋਵੇ ਜਾ ਨਾ, ਇਹ ਗੱਲ ਇਕ ਵਾਦ ਵਿਵਾਦ ਦਾ ਵਿਸ਼ਾ ਹੈ, ਪਰ ਇਸ ਗੱਲ ਵਿਚ ਦੋ ਰਾਵਾਂ ਨਹੀਂ ਹੋ ਸਕਦੀਆ ਕਿ ਉਹ ਫਿਲਮ 'ਗਾਂਧੀ' ਦੇ ਨਿਰਮਾਤਾ ਰਿਚਰਡ ਐਟਨਬਰੋ ਦੀਆਂ ਸੱਤ ਪੁਸ਼ਤਾਂ ਤਾਰ ਗਿਆ ਜਾਪਦਾ ਹੈ।

ਹੁਣ ਤੱਕ ਇਹ ਫਿਲਮ 82 ਕਰੋੜ 50 ਲੱਖ ਰੁਪੈ ਕਮਾ ਚੁੱਕੀ ਹੈ ਅਤੇ ਕਰੋੜਾਂ ਹੋਰ ਕਮਾਏਗੀ।

ਅਮਰੀਕਾ ਅਤੇ ਕਨੇਡਾ ਦੇ ਦੋ ਟੈਲੀਵੀਯਨ ਅਦਾਰਿਆਂ ਨੇ ਟੀ. ਵੀ. ਉਤੇ ਇਹ ਫਿਲਮ ਦਿਖਾਉਣ ਦੇ ਅਧਿਕਾਰ ਦੋ ਕਰੋੜ ਡਾਲਰ ਵਿਚ ਲਏ ਹਨ। ਇਸ ਵਿਚ ਵੱਡਾ ਭਾਗ ਭਾਰਤ ਦੀ ਫਿਲਮ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਦਿੱਤਾ ਸੀ।

ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਇਕ ਬਿਆਨ ਵਿਚ ਆਖਿਆ ਹੈ ਕਿ ਕੁਝ ਇਤਿਹਾਸਕ ਗਲਤੀਆਂ ਦੇ ਬਾਵਜੂਦ ਗਾਂਧੀ ਇਕ ਦਿਲਚਸਪ ਫਿਲਮ ਹੈ। ਗਾਂਧੀ ਦਾ ਰੋਲ ਕਰਨ ਵਾਲਾ ਬੈਨ ਕਿੰਗਜ਼ਲੇ ਪ੍ਰਭਾਵਿਤ ਕਰਦਾ ਹੈ।

ਉਹਨਾਂ ਆਖਿਆ ਕਿ ਆਜ਼ਾਦੀ ਦਾ ਸੰਘਰਸ਼ ਕੇਵਲ ਗਾਂਧੀ ਦਾ ਕਾਰਨਾਮਾ ਨਹੀਂ ਹੈ

# ਗ੍ਰਿਫਤਾਰ ਅਤਿਵਾਦੀਆਂ ਕੋਲੋਂ ਅਸਲਾ ਬਰਾਮਦ

ਦੁਰਗ — (ਵਿਸ਼ੇਸ਼ ਪ੍ਰਤੀਨਿਧ ਰਾਹੀਂ) ਪੁਲੀਸ ਨੇ ਚਾਰ ਨਿਹੰਗਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਹਨਾਂ ਬਾਰੇ ਇਹ ਸਮਝਿਆ ਜਾਂਦਾ ਹੈ, ਕਿ ਉਹ ਅਤਿਵਾਦੀ ਅਕਾਲੀ ਹਨ। ਉਹਨਾਂ ਉਪਰ ਸ਼ਿਓਨਾਥ ਗੁਰਦਵਾਰੇ ਦੇ ਇਕ ਵਿਅਕਤੀ ਨੂੰ ਕਤਲ ਕਰਨ ਦੀ ਯੋਜਨਾਂ ਬਨਾਉਣ ਦਾ ਦੋਸ਼ ਲਾਇਆ ਗਿਆ ਹੈ।

ਪ੍ਰਾਪਤ ਸੂਚਨਾਂ ਅਨੁਸਾਰ ਇਹਨਾਂ ਨਿਹੰਗਾਂ ਦਾ ਲੀਡਰ ਗੁਰਮੇਲ ਸਿੰਘ ਫਰਾਰ ਹੋਣ ਵਿਚ ਸਫਲ ਹੋ ਗਿਆ ਹੈ।

ਦੱਸਿਆ ਜਾਂਦਾ ਹੈ, ਕਿ ਪੁਲੀਸ ਦੀ ਗ੍ਰਿਫਤਾਰੀ ਤੋਂ ਬਚਣ ਲਈ ਨਿਹੰਗਾਂ ਨੇ ਪੁਲੀਸ ਉਪਰ ਗੋਲੀ ਚਲਾ ਦਿਤੀ। ਪੁਲੀਸ ਨੇ ਵੀ ਜਵਾਬੀ ਗੋਲੀ ਚਲਾਈ। ਪੁਲੀਸ ਦੇ ਇਕ ਬੁਲਾਰੇ ਅਨੁਸਾਰ ਇਕ ਵਿਅਕਤੀ ਜ਼ਖਮੀ ਹੋ ਗਿਆ।

ਭਾਵੇਂ ਪੁਲੀਸ ਨੇ ਇਸ ਮੁਕਾਬਲੇ ਦਾ ਪੂਰਾ ਵੇਰਵਾ ਨਹੀਂ ਦਿਤਾ, ਪਰ ਪੁਲੀਸ ਦਾ ਖਿਆਲ ਹੈ, ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀ ਪੰਜਾਬ ਵਿਚ ਹੋਏ ਕਤਲਾਂ ਨਾਲ ਸੰਬੰਧਤ ਹਨ।

ਪੁਲੀਸ ਦੇ ਬੁਲਾਰੇ ਦਾ ਕਹਿਣਾ ਹੈ, ਕਿ ਨਿਹੰਗਾਂ ਦੇ ਕਬਜ਼ੇ ਵਿਚੋਂ ਦੇਸੀ ਸਾਖਤ ਦਾ ਇਕ ਰੀਵਾਲਵਰ, 20 ਕਾਰਤੂਸ, ਕ੍ਰਿਪਾਨਾਂ, ਛੁਰੇ ਅਤੇ ਹੋਰ ਮਾਰੂ ਹਥਿਆਰ ਬਰਾਮਦ ਹੋਏ ਹਨ ਜਿਹਨਾਂ ਨੂੰ ਕਬਜ਼ੇ ਵਿਚ ਲੈ ਲਿਆ ਗਿਆ ਹੈ।

ਡਾਕਟਰ ਨੇ ਮਰੀਜ਼ ਨੂੰ ਸਲਾਹ ਦਿੱਤੀ ਕਿ ਉਹ ਕੁਝ ਦਿਨ ਤਕ ਹਲਕਾ ਕੰਮ ਕਰੇ . ਫਿਰ ਪੁੱਛਿਆ, 'ਵੈਸੇ ਤੁਸੀਂ ਕੰਮ ਕੀ ਕਰਦੇ ਹੋ ?'

'ਘਰਾਂ ਵਿੱਚ ਸੰਨ੍ਹਾਂ ਲਾਉਂਦਾ ਹਾਂ . ਕੋਈ ਗੱਲ ਨਹੀਂ ਡਾਕਟਰ ਸਾਹਬ, ਕੁਝ ਦਿਨ ਜੇਬਾਂ ਕੱਟ ਕੇ ਕੰਮ ਚਲਾ ਲਵਾਂਗਾ .'

# ਇਕ ਹੋਰ ਨਿਰੰਕਾਰੀ ਉਤੇ ਗੋਲੀਆਂ

ਅੰਮ੍ਰਿਤਸਰ — ਇਥੋਂ ਦੇ ਪਿੰਡ ਕੋਟਲੀ ਸਰਾਏ ਖਾਨ ਦੇ ਇਕ ਨਿਰੰਕਾਰੀ ਤਰਨਜੀਤ ਸਿੰਘ ਉਤੇ ਗੋਲੀਆਂ ਚਲਾਈਆਂ ਗਈਆਂ, ਜਦੋਂ ਉਹ ਸਾਈਕਲ ਉਤੇ ਜਾ ਰਿਹਾ ਸੀ। ਉਹ ਸਥਾਨਕ ਸਕੂਲ ਵਿਖੇ ਹੈਡਮਾਸਟਰ ਹੈ। ਹਮਲਾਵਰ ਝਾੜੀਆਂ ਵਿਚ ਛੁਪੇ ਬੈਠੇ ਸਨ, ਜੋ ਭੱਜਣ ਵਿਚ ਸਫਲ ਹੋ ਗਏ।

ਨਿਰੰਕਾਰੀ ਨੂੰ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰ ਦਿਤਾ ਗਿਆ ਹੈ।

# ਜਥੇਦਾਰ ਸੰਤੋਖ ਸਿੰਘ ਦਾ ਲੜਕਾ ਮਨਜੀਤ ਸਾਥੀਆਂ ਸਮੇਤ ਲੌਂਗੋਵਾਲ ਦਲ ਚ ਸ਼ਾਮਲ

ਦਿੱਲੀ — ਕਤਲ ਹੋਏ ਜਥੇਦਾਰ ਸੰਤੋਖ ਸਿੰਘ ਦੇ ਲੜਕੇ ਮਨਜੀਤ ਸਿੰਘ ਨੇ ਐਲਾਨ ਕਰ ਦਿਤਾ ਹੈ, ਕਿ ਦਿੱਲੀ ਕਮੇਟੀ ਦੇ 7 ਹੋਰ ਮੈਂਬਰਾਂ ਸਮੇਤ ਉਹ ਸੰਤ ਲੌਂਗੋਦਲ ਦਲ ਵਿਚ ਸ਼ਾਮਲ ਹੋ ਗਏ ਹਨ। ਪਹਿਲੋਂ ਆਪ ਮਾ. ਤਾਰਾ ਸਿੰਘ ਅਕਾਲੀ ਦਲ ਵਿਚ ਸਨ।

ਉਹਨਾਂ ਦੇ ਨਾਲ ਜਾਣ ਵਾਲਿਆਂ ਵਿਚ ਸ. ਭਜਨ ਸਿੰਘ. ਸ. ਅਵਤਾਰ ਸਿੰਘ ਆਟੋਪਿਨ, ਸ. ਪੂਰਨ ਸਿੰਘ ਜੋਸ਼ ਅਤੇ ਪ੍ਰੋ. ਹਰਜੀਤ ਸਿੰਘ ਆਦਿ ਸ਼ਾਮਲ ਹਨ। ਇਸ ਤਰ੍ਹਾਂ ਦਿੱਲੀ ਕਮੇਟੀ ਉਤੇ ਲੌਂਗੋਵਾਲ ਦਲ ਦਾ ਜ਼ੋਰ 34 ਮੈਂਬਰਾਂ ਦੀ ਬਹੁਗਿਣਤੀ ਨਾਲ ਵਧ ਜਾਂਦਾ ਹੈ। ਕੁਲ ਮੈਂਬਰ 52 ਹਨ।

ਦਿੱਲੀ ਦੇ ਅੱਧੇ ਅਕਾਲੀ, ਸੰਤ ਲੌਂਗੋਵਾਲ ਦੇ ਮੋਰਚੇ ਦੀ ਹਮਾਇਤ ਕਰਦੇ ਹਨ, ਅਤੇ ਅੱਧੇ ਇੰਦਰਾ ਕਾਂਗਰਸ ਨਾਲ ਹਨ। ਇਸੇ ਕਾਰਨ ਇਹ ਆਪਸ ਵਿਚ ਪਾਟੇ ਹੋਏ ਹਨ। ਇਸ ਹਫਤੇ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਚਲਾਇਆ ਜਾ ਰਿਹਾ ਮਾਤਾ ਸੁੰਦਰੀ ਕਾਲਜ ਸਿਆਸਤ ਦਾ ਸ਼ਿਕਾਰ ਹੋ ਗਿਆ ਹੈ।

# ਜਗੀਰਦਾਰਾਂ ਵਲੋਂ ਹਰੀਜਨ ਔਰਤਾਂ ਨਾਲ ਬਲਾਤਕਾਰ

ਸ੍ਰੀ ਗੰਗਾ ਨਗਰ (ਪੀ. ਟੀ.ਆਈ )—ਮੰਗਲਵਾਰ ਦੀ ਰਾਤ ਕਰੀਬ 13 ਸਿਖ ਜਗੀਰਦਾਰਾਂ ਵਲੋਂ ਦੋ ਨੌਜਵਾਨ ਹਰੀਜਨ ਔਰਤਾਂ ਨਾਲ ਸਮੂਹਕ ਬਲਾਤਕਾਰ ਤੋਂ ਬਾਅਦ ਵਿਜੇ ਨਗਰ ਨੇੜੇ ਇਕ ਹਰੀਜਨ ਪਿੰਡ ਵਿਚ ਸਹਿਮ ਛਾਇਆ ਹੋਇਆ ਹੈ.

ਦੇਰ ਨਾਲ ਪੁਜੀ ਰੀਪੋਰਟ ਮੁਤਾਬਕ ਹਥਿਆਰਬੰਦ ਜਾਗੀਰਦਾਰਾਂ ਨੇ ਮਾਯਾ ਰਾਮ, ਭੋਜ ਰਾਮ ਤੇ ਕ੍ਰਿਸ਼ਨਾ ਰਾਮ ਦੇ ਘਰਾਂ ਨੂੰ ਅੱਗਾਂ ਲਾ ਦਿਤੀਆਂ ਤੇ ਔਰਤਾਂ ਨੂੰ ਧੂਹਕੇ ਬਾਹਰ ਲਿਜਾ ਕੇ ਖੇਤਾਂ ਵਿਚ ਉਹ ਦੇ ਪਰਿਵਾਰ ਦੇ ਮਰਦ ਮੈਂਬਰਾਂ ਸਾਹਮਣੇ ਬਲਾਤਕਾਰ ਕੀਤਾ. ਇਸ ਸਮੇਂ ਬੱਚੇ ਵੀ ਕੋਲ ਹੀ ਸਨ.

ਬਲਾਤਕਾਰ ਦਾ ਸ਼ਿਕਾਰ ਔਰਤਾਂ ਤੇ 4 ਹੋਰ ਜ਼ਖਮੀਆਂ ਨੂੰ ਵਿਜੇਨਗਰ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ. ਬਲਾਤਕਾਰ ਤੇ ਹਿੰਸਾ ਦਾ ਸ਼ਿਕਾਰ ਲੋਕਾਂ ਦਾ ਚੀਕ ਚਿਹਾੜਾ ਸੁਣਕੇ ਦੂਜੇ ਲੋਕ ਜਦ ਮੌਕੇ ਉਤੇ ਪੁਜੇ ਤਾਂ ਹਮਲਾਵਰ ਦੌੜ ਗਏ.

ਦਸਿਆ ਜਾਂਦਾ ਹੈ ਜਗੀਰ-ਦਾਰਾਂ ਨੇ ਹਰੀਜਨਾਂ ਵਲੋਂ ਉਨ੍ਹਾਂ ਵਿਰੁਧ ਜ਼ਮੀਨ ਤੇ ਕਬਜ਼ੇ ਦੀ ਕੀਤੀ ਸ਼ਿਕਾਇਤ ਦੇ ਬਦਲੇ ਵਜੋਂ ਉਪਰੋਕਤ ਕਾਰਾ ਕੀਤਾ. ਫੌਜਦਾਰੀ ਕੇਸ ਦਰਜ ਹੋਇਆ ਹੈ ਪਰ ਅਜੇ ਤਕ ਕੋਈ ਗ੍ਰਿਫ-ਤਾਰੀ ਨਹੀਂ ਹੋਈ.

# ਚਰਚਾ

## ਸੰਬੰਧ ਤੇ ਫਰਜ਼



**ਰਾਮ ਸਿੰਘ ਢਿੱਲੋਂ (ਗੋਰਾਇਆ)**

ਹਰ ਇੱਕ ਇਨਸਾਨ ਦੇ ਕਿਸੇ ਨਾਲ ਸੰਬੰਧ ਅਥਵਾ ਕੋਈ ਨਾ ਕੋਈ ਰਿਸ਼ਤਾ ਹੈ ਤੇ ਜੇ ਰਿਸ਼ਤਾ ਹੈ ਤਾਂ ਇੱਕ ਦੂਜੇ ਵਲ ਕੋਈ ਫਰਜ਼ ਅਥਵਾ ਡੀਊਟੀ ਵੀ ਹੈ। ਇਹ ਤਾਣਾਂ ਬਾਣਾਂ ਨਿਰਾ ਇਨਸਾਨਾਂ ਵਿਚ ਹੀ ਨਹੀਂ ਜਾਨਵਰਾਂ ਤੇ ਪੰਛੀਆਂ ਵਿਚ ਵੀ ਕਾਫੀ ਕੁਝ ਏਸੇ ਤਰ੍ਹਾਂ ਹੀ ਜਾਪਦਾ ਹੈ।

ਸਭ ਤੋਂ ਪਹਿਲਾਂ ਇਹ ਸੰਬੰਧ ਇਸਤ੍ਰੀ-ਮਰਦ ਜਾਂ ਮਾਂ-ਪੁੱਤ ਤੋਂ ਸ਼ੁਰੂ ਹੁੰਦਾ ਹੈ। ਬੱਚਾ ਹਾਲੇ ਮਾਂ ਦੇ ਗਰਭ ਵਿਚ ਗਾੜ੍ਹਾ ਪਾਣੀ ਜੇਹਾ ਹੀ ਹੁੰਦਾ ਹੈ ਕਿ ਮਾਂ ਦੀ ਆਤਮਾਂ ਉਸ ਨੂੰ ਆਪਣਾ ਬਹੁਤ ਹੀ ਪਿਆਰਾ ਤੇ ਨੇੜੇ ਦਾ ਸੰਬੰਧੀ ਅਥਵਾ ਪੁੱਤ(ਜਾਂ ਧੀ) ਸਮਝ ਆਪਣੇ ਪੇਟ ਵਿਚ ਹੀ ਓਹਦੀ ਹਰ ਪ੍ਰਕਾਰ ਦੀ ਸੇਵਾ ਸੰਭਾਲ ਦਾ ਆਪਣਾ ਪਹਿਲਾ ਫਰਜ਼ ਸਮਝਣ ਲੱਗ ਜਾਂਦੀ ਹੈ ਅਤੇ ਓਹ ਆਪਣੇ ਪਤੀ ਦਾ ਧਿਆਨ ਤਵੱਜੋਂ ਵੀ ਓਹਦੇ ਵੱਲ ਖਿਚਣ ਲੱਗ ਪੈਂਦੀ ਹੈ ਅਥਵਾ ਓਹਨੂੰ ਵੀ ਓਹ, ਓਹਦਾ ਫਰਜ਼ ਪਛਾਨਣ ਲਈ ਪਰੇਰਦੀ ਹੈ। ਮਾਂ ਦਾ ਆਪਣੇ ਅਣਡਿਠੇ ਬੱਚੇ ਨਾਲ ਇਹ ਪਿਆਰ ਤੇ ਡੀਊਟੀ ਦਾ ਰਿਸ਼ਤਾ, ਆਤਮਕ ਸ਼ਕਤੀ ਦੀ ਵਾਇਰਲੈੱਸ ਨਾਲ ਹੀ ਜੁੜਿਆ ਹੁੰਦਾ ਹੈ ਤੇ ਓਹ ਏਸ 9 ਮਹੀਨੇ ਦੇ ਸਮੇਂ ਕਦੀ ਵੀ ਓਹਦੇ ਵਲੋਂ ਅਵੇਸਲੀ ਨਹੀਂ ਹੁੰਦੀ। ਗੋਇਆ ਘੜੀ ਦੀ ਟਿਕ ਟਿਕ ਵਾਂਗ ਓਹ ਹਰ ਵੇਲੇ ਓਹਦੀ ਆਵਾਜ਼ ਪਛਾਨਣ ਦੀ ਲਗਨ ਵਿਚ ਲੀਨ ਰਹਿੰਦੀ ਹੈ, ਗੋਇਆ ਆਪਣਾ ਫਰਜ਼ ਪਛਾਣਦੀ ਹੈ।

15-16 ਸਾਲ ਦੀ ਉਮਰ ਤਕ ਅਮੂਮਨ ਸਾਰੇ ਹੀ ਮਾਪੇ(ਪਰ 100% ਨਹੀਂ) ਆਪਣੇ ਬੱਚੇ ਦਾ ਚੰਗਾ ਉਜਲਾ ਤੇ ਕਾਮਯਾਬ ਭਵਿਖ ਬਣਾਉਣ ਲਈ ਇਕ ਲਗਨ ਨਾਲ ਆਪਣੇ ਫਰਜ਼ ਦੀ ਪਾਲਣਾ ਕਰਦੇ ਰਹਿੰਦੇ ਹਨ। ਬੀਤਦੀ ਸਥਿਤੀ ਅਨੁਸਾਰ ਮਾਪਿਆਂ ਦਾ ਫਰਜ਼ ਆਪਣੇ ਬੱਚੇ ਲਈ ਕਿਸੇ ਪ੍ਰਕਾਰ ਦੀ ਪ੍ਰਾਪਰਟੀ ਬਣਾ ਦੇਣਾ ਜਾਂ ਬੈਂਕ-ਬੈਲੰਸ ਛੱਡ ਜਾਣਾ ਬਹੁਤਾ ਚੰਗਾ ਨਹੀਂ ਕਿਉਂ ਜੋ ਇਹੋ ਜੇਹਾ ਧਨ ਅਮੂਮਨ ਬੱਚਿਆਂ ਨੂੰ ਵਿਗਾੜ ਦਿਆ ਕਰਦਾ ਹੈ। ਇਕ ਅੰਗਰੇਜ਼ ਲਿਖਾਰੀ ਦੇ ਕਥਨ ਮੁਤਬ, "ਆਪਣੇ ਮੁੰਡੇ ਨੂੰ ਪੜ੍ਹਾਈ ਜਾਂ ਕਿਸੇ ਪ੍ਰਕਾਰ ਦੀ ਹੁਨਰ-ਡਿਗਰੀ ਦਵਾ, ਓਹਨੂੰ 10 ਪੈਨੀਆਂ ਦੇਕੇ ਘਰੋਂ ਬਾਹਰ ਕਰ ਦਿਉ, ਮੁੰਡਾ ਜ਼ਿੰਦਗੀ 'ਚ ਕਦੀ ਧੋਖਾ ਨਹੀਂ ਖਾਵੇਗਾ", ਇਹ ਮਾਪਿਆਂ ਦਾ ਅਜ ਦੀ ਸੋਚਣੀ ਮੁਤਬ ਬਹੁਤ ਵਧੀਆ ਫਰਜ਼ ਹੈ। ਬੱਚਾ ਜਵਾਨ ਹੁੰਦਾ ਹੈ ਤੇ ਉਹ ਆਪਣੇ ਮਾਪਿਆਂ ਦੀ ਸੰਗਤ ਨਾਲੋਂ ਬਹੁਤਾ ਸਮਾਂ ਸਕੂਲ, ਖੇਡਾਂ ਤੇ ਫਿਰਨ ਤੁਰਨ ਵਿਚ ਆਪਣੇ ਸਾਥੀਆਂ ਨਾਲ ਗੁਜ਼ਾਰਨ ਲੱਗ ਜਾਂਦਾ ਹੈ ਤੇ ਉਸ ਬਾਹਰਲੀ ਖਿਚ ਕਾਰਨ ਓਹ ਕਈ ਵਾਰ ਆਪਣੇ ਮਾਪਿਆਂ ਦੀਆਂ ਚੰਗੀਆਂ ਨਸੀਹਤਾਂ ਤੇ ਸਿਖਿਆ ਨੂੰ ਅਣਸੁਣਿਆ ਕਰ ਘਟ ਗੌਲਣ ਲੱਗ ਪੈਂਦਾ ਹੈ। ਇਹ ਪਹਿਲੀ ਸੱਟ ਹੈ ਜਿਹੜੀ ਮਾਪੇ ਆਪਣੇ ਲਗਦੀ ਮਹਿਸੂਸ ਕਰਦੇ ਹਨ ਪਰ ਹਊ-ਪਰੇ ਕਰਨਾ ਅਥਵਾ ਓਹਨੂੰ ਨਜ਼ਰ-ਅੰਦਾਜ਼ ਕਰਨ ਤੋਂ ਬਗੈਰ ਉਨ੍ਹਾਂ ਕੋਲ ਕੋਈ ਹੋਰ ਚਾਰਾ ਵੀ ਤੇ ਨਹੀਂ ਹੁੰਦਾ। ਕਈ ਚੰਗੇ ਮਾਂ-ਪੇ ਨੂੰ ਆਪਣੀ ਇਸ ਨਵੀਂ ਖਿਚ ਵਲ ਕੁਆਪਰੇਟ ਕਰਨ ਅਥਵਾ ਸਾਥ ਦੇਣ ਲਈ ਮਨਾ ਵੀ ਲੈਂਦੇ ਹਨ ਜਾਂ ਉਨ੍ਹਾਂ ਨੂੰ ਮੰਨਣਾ ਪੈਂਦਾ ਹੈ। ਨਵੀਂ ਸਭਿਅਤਾ, ਨਵੀਂ ਰੋਸ਼ਨੀ ਤੇ ਜ਼ਮਾਨੇ ਬਦਲੇ ਨੂੰ ਅਨਭਵ ਕਰਦੇ ਹੋਏ ਮਾਪਿਆਂ ਦਾ ਵੀ ਆਪਣੇ ਜਵਾਨ ਬੱਚੇ ਦੀ ਰੁਚੀ ਵਲ ਸਾਥ-ਦੇਊ ਧਿਆਨ ਦੇਣਾ ਬੜਾ ਜ਼ਰੂਰੀ ਹੈ ਤੇ ਇਹ ਵੀ ਉਨ੍ਹਾਂ ਦਾ ਫਰਜ਼ ਹੈ।

ਵਿਆਹੇ ਹੋਏ ਪੁੱਤਰ ਨੂੰ ਜਿਥੇ ਉਹਨੂੰ ਆਪਣੇ ਨਵੇਂ ਉਮਰ-ਸਾਥੀ ਦੀਆਂ ਰੁਚੀਆਂ, ਆਦਤਾਂ ਤੇ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਉਥੇ ਮਾਪਿਆਂ ਨੂੰ ਵੀ ਇਕ ਓਪਰੇ ਜਿਹੇ ਸਮਝ, ਉਨ੍ਹਾਂ ਨੂੰ ਅਣਗੌਲੇ ਜੇਹਾ ਕਰ ਉਨ੍ਹਾਂ ਦੇ ਹਾਰਦਿਕ ਪਿਆਰ ਨੂੰ ਇਕ ਦਮ ਹੀ ਮਲੀਆਮੇਟ ਕਰ, ਉਨ੍ਹਾਂ ਵਲੋਂ ਅੱਖਾਂ ਮੀਟ, ਉਨ੍ਹਾਂ ਨੂੰ ਯਤੀਮ ਤੇ ਬੇਆਸਰਾ ਜੇਹੇ ਬਣਾ ਉਨ੍ਹਾਂ ਦਾ ਅਪਮਾਨ ਕਰਨਾ ਵੀ ਨੌਜਵਾਨ ਦੀ ਆਪਣੇ ਫਰਜ਼ ਦੀ ਕੋਤਾਹੀ ਹੀ ਆਖਿਆ ਜਾ ਸਕਦਾ ਹੈ। ਓਹਦੀ ਸਿਆਣਪ ਤੇ ਕਬੀਲਦਾਰੀ ਦੀ ਰਾਜਨੀਤੀ ਤਦੇ ਹੀ ਸੁਲਾਹੀ ਜਾ ਸਕਦੀ ਹੈ, ਜੇ ਉਹ ਇਕੋ ਹੀ ਵੇਲੇ, ਚੰਗਾ ਪਤੀ, ਸਿਆਣਾ ਪਿਤਾ ਤੇ ਬੀਬਾ ਹੀ ਪੁਤ ਆਪਣੇ ਆਪ ਨੂੰ ਸਾਬਤ ਕਰੇ ਤੇ ਬੱਚਿਆਂ ਦਾ ਹੱਕ ਬੱਚਿਆਂ ਨੂੰ, ਪਤਨੀ ਦਾ ਹੱਕ ਪਤਨੀ ਨੂੰ ਤੇ ਮਾਪਿਆਂ ਦਾ ਹੱਕ ਮਾਪਿਆਂ ਨੂੰ ਦੇ, ਹਰ ਇਕ ਨੂੰ ਥਾਉਂ ਥਾਈਂ ਖੁਸ਼ ਰੱਖੇ। ਕਬੀਲਦਾਰੀ ਜਾਂ ਰਾਜਨੀਤੀ ਨੂੰ ਸਮਝਣ ਵਾਲੇ ਗੱਭਰੂ ਲਈ ਆਪਣੀ ਔਰਤ ਨੂੰ ਇਹ ਕਨਵਿੰਨਸ ਕਰ ਦੇਣਾ (ਨਿਸਚਾ ਕਰਾਉਣਾ) ਚਾਹੀਦਾ ਹੈ ਕਿ ਜੇ ਅੱਜ ਆਪਾਂ ਇਨ੍ਹਾਂ ਬਜ਼ੁਰਗਾਂ ਵਲੋਂ ਬੇਧਿਆਨ ਹੋ ਅਣਮਨੁਖੀ ਵਰਤਾ ਕਰ ਆਪਣੇ ਫਰਜ਼ ਦੀ ਕੋਤਾਹੀ ਕੀਤੀ ਤਾਂ ਕੱਲ੍ਹ ਨੂੰ ਆਪਣਾ 'ਕਾਲੂ' ਵੀ ਆਪਣੇ ਨਾਲ ਏਸੇ ਤਰ੍ਹਾਂ ਪੇਸ਼ ਆ ਸਕਦਾ ਹੈ, ਸੋ ਆਪਾਂ ਨੂੰ ਆਪਣਾ ਫਰਜ਼ ਪਛਾਨਣ ਦੀ ਚੰਗੀ ਮਸਾਲ ਕਾਇਮ ਕਰਨੀ ਚਾਹੀਦੀ ਹੈ। ਜੇ ਓਹ ਗਭਰੂ-ਪੁੱਤ ਆਪਣੇ ਸਾਥੀ ਨੂੰ ਇਹ ਹੱਕੀ ਗੱਲ ਮਨਾਉਣ ਦੀ ਕੋਸ਼ਿਸ਼ ਹੀ ਨਹੀਂ ਕਰਦਾ ਜਾਂ ਮਨਾ ਸਕਣ ਵਿਚ ਫੇਲ੍ਹ ਹੋ ਜਾਂਦਾ ਹੈ ਤੇ ਓਹ ਆਪਣੇ ਸਾਥੀ ਦੀ ਅਣਮਨੁਖੀ ਤੇ ਘਟੀਆ ਦਲੀਲ ਮਗਰ ਲਗ ਬੁਢੇ ਮਾਪਿਆਂ ਦੀ ਹੋ ਰਹੀ ਦੁਰਦਿਸ਼ਾ ਨੂੰ ਕੇਵਲ, ਬੁਸ ਬੁਸ ਕਰ ਹੰਝੂਆਂ ਦੇ ਡਰਾਮੇ ਨਾਲ ਹੀ ਵਕਤ ਟਪਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਓਹ ਇਕ ਤਕੜਾ ਮੂਰਖ ਤੇ ਬੁਧੂ ਹੋਣ ਦਾ ਸਬੂਤ ਪੇਸ਼ ਕਰਦਾ ਹੈ ਤੇ ਕੋਈ ਵੀ ਓਹਦਾ ਮਿਤਰ ਪਿਆਰਾ ਓਹਦੇ ਏਸ ਕਨਵਿੰਨਸਿੰਗ-ਮਾਨਸਿਕ-ਅਧਰੰਗ ਦੀ ਸਰਹਾਨਾ ਨਹੀਂ ਕਰ ਸਕਦਾ। ਆਪਣੇ ਮਾਪੇ ਜਾਂ ਕਿਸੇ ਪਿਆਰੇ ਬਜ਼ੁਰਗ ਵਲ ਫਰਜ਼ ਦੀ ਕੋਤਾਹੀ ਕਰਦੇ ਹੋਏ ਜੇ ਤੁਸੀਂ ਕੁਝ ਕੌੜੇ ਤੇ ਅਨਪਾਰਲੀਮੈਂਟਰੀ ਸ਼ਬਦ ਓਹਦੀ ਸ਼ਾਨ ਦੇ ਖਿਲਾਫ ਆਖਦੇ ਹੋ ਤੇ ਇਸ ਨੂੰ ਆਪਣੀ ਵਡਿਆਈ ਸਮਝਦੇ ਹੋ ਤਾਂ ਇਹ ਕਦੀ ਨਹੀਂ ਭੁੱਲਣਾ ਕਿ ਇਹ ਬੜੀ ਭੈੜੀ ਮਿਸਾਲ ਹੈ, ਬੜਾ ਘਟੀਆ ਪੂਰਨਾਂ ਹੈ ਜੋ ਤੁਸੀਂ ਪਾ ਰਹੇ ਹੋ ਤੇ ਇਹਦੀ ਅਸਲ ਯਾਦ ਤੁਹਾਨੂੰ ਓਦੋਂ ਆਵੇਗੀ ਜਦ ਤੁਹਾਡਾ ਹੋਣਹਾਰ ਵੀ ਤੁਹਾਡੇ ਨਾਲ ਏਸੇ ਤਰ੍ਹਾਂ (ਰੱਬ ਕਰੇ ਇੰਜ ਨਾ ਹੀ ਹੋਵੇ) ਪੇਸ਼ ਆਵੇਗਾ; ਸੋ ਹਮੇਸ਼ਾ ਆਪਣੇ ਸੰਬੰਧ ਤੇ ਫਰਜ਼ ਨੂੰ ਪਛਾਣਦੇ ਹੋਏ ਚੰਗੀ ਮਿਸਲਾ ਕਾਇਮ ਕਰੋ ਤੇ ਨਦੀ ਵਿਚ ਪਿਉ ਨੂੰ ਸੁੱਟਣ ਗਏ ਪੁੱਤ ਤੇ ਲੱਗੀ ਟਕੋਰ ਕਿ, "ਪੁੱਤਰਾ! ਮੈਨੂੰ ਜ਼ਰਾ ਅਗਾਂਹ ਕਰਕੇ ਸੁਟ, ਏਥੇ ਤੇ ਮੈਂ ਆਪਣਾ ਪਿਉ ਸੁਟਿਆ ਸੀ" ਨੂੰ ਕਦੀ ਨਜ਼ਰ ਅੰਦਾਜ਼ ਨਾ ਕਰੋ।

ਮੁੰਡਾ ਗਭਰੂ ਹੋ ਮਨੁਖ ਬਣ ਜਾਂਦਾ ਹੈ ਤੇ ਕਈ ਪ੍ਰਕਾਰ ਦੀਆਂ ਸੋਸ਼ਲ, ਧਾਰਮਿਕ ਤੇ ਰਾਜਨੀਤਕ ਪਾਰਟੀਆਂ ਦਾ ਮੈਂਬਰ ਤੇਆਗੂ ਬਣ ਜਾਂਦਾ ਹੈ ਜਿਸਦਾ ਮਤਲਬ ਓਹਦੇ ਸਿਰ ਹੁਣ ਨਿਰਾ ਆਪਣੇ ਮਾਪੇ, ਪ੍ਰਵਾਰ ਜਾਂ ਸੰਬੰਧੀਆਂ ਦੀ ਹੀ ਜ਼ਿੰਮੇਵਾਰੀ ਨਹੀਂ ਉਹਦੇ ਸਿਰ ਕਮਿਊਨਿਟੀ, ਭਾਈਚਾਰੇ ਤੇ ਸਮਾਜ ਦੀ ਜ਼ਿੰਮੇਵਾਰੀ ਵੀ ਆ ਪਈ ਹੈ ਕਿਉਂ ਜੋ ਉਹਦਾ ਸੰਬੰਧ ਇਕ ਪਬਲਿਕ ਆਗੂ ਦਾ ਬਣ ਗਿਆ ਹੈ।

ਅਟੇ ਸਟੇ ਹਰ ਮਜ਼੍ਹਬੀ ਸਿਖਸ਼ਾ ਮਨੁਖ ਨੂੰ ਇਕ ਚੰਗਾ, ਬੀਬਾ, ਲੋਕ-ਭਲਾਈ ਦੇ ਕੰਮਾਂ ਵਿਚ ਨਿਸ਼ਕਾਮ ਹੱਥ ਵਟਾਉਣ ਵਾਲਾ, ਦਸਾਂ ਨੌਹਾਂ ਦੀ ਕਿਰਤ ਵਿਚ ਵਿਸ਼ਵਾਸ਼ ਰੱਖਣ ਵਾਲਾ ਤੇ ਖੁਸ਼ੀ ਗਮੀ ਨੂੰ ਇਕ ਸਮਾਨ ਮੰਨਣ ਸਮਝਣ ਵਾਲਾ ਆਦਰਸ਼ਕ ਇਨਸਾਨ ਬਣਾਉਂਦੀ ਹੈ ਪਰ ਜੇ ਕੋਈ ਆਗੂ ਇਨ੍ਹਾਂ ਕਰਤੱਵਾਂ ਦੀ ਅਸਲ ਪਾਲਣਾ ਘੱਟ ਕਰਦਾ ਹੈ ਤੇ ਜੇ ਕਰਦਾ ਹੈ, ਲਗਨ ਨਾਲ ਨਹੀਂ, ਕੇਵਲ ਦਿਖਾਵੇ ਕਾਰਨ ਤੇ ਓਹਦਾ ਅਸਲ ਨਿਸ਼ਾਨਾ ਲੀਡਰ ਬਣੇ ਰਹਿਣਾ ਅਥਵਾ ਕੇਵਲ ਸਵਾਰਥੀ ਹੀ ਹੈ, ਤਾਂ ਇਹ ਉਹਦੀ ਆਪਣੇ ਫਰਜ਼ ਦੀ ਬੜੀ ਤਕੜੀ ਕੋਤਾਹੀ ਹੋਵੇਗੀ ਜਿਸਨੂੰ ਕੌਮ ਨਾਲ ਗਦਾਰੀ ਤੇ ਵਿਸ਼ਵਾਸ਼ ਘਾਤ ਆਖਿਆ ਜਾਵੇਗਾ; ਬੇਸ਼ੱਕ ਥੋੜਾ ਸਮਾਂ ਉਹਦੀ ਇਹ ਚੁਤਰਾਈ ਲੁਕੀ ਰਹਿ ਸਕਦੀ ਹੈ, ਅੰਤ ਇਹਦਾ ਨੰਗਿਆਂ ਹੋਣਾ ਇਕ ਦਿਨ ਕੁਦਰਤੀ ਹੈ। ਆਪਣੀ ਲੀਡਰੀ ਕਾਇਕ ਰਖਣ ਲਈ ਕਈ ਵਿਅਕਤੀ ਗਿਰਗਟ ਵਾਂਗ ਕਈ ਪ੍ਰਕਾਰ ਦੇ ਰੰਗ ਤੇ ਚੋਲੇ ਬਦਲਦੇ ਰਹਿੰਦੇ ਹਨ ਤੇ ਏਸੇ ਤਰ੍ਹਾਂ ਆਪਣੇ ਨਾਹਰੇ ਵੀ, ਕਿਉਂ ਜੋ ਉਨ੍ਹਾਂ ਨੂੰ ਪਤਾ ਹੈ ਕਿ ਜੰਤਾ ਦੀ ਯਾਦ-ਦਾਸ਼ਤ ਬੜੀ ਕਮਜ਼ੋਰ ਹੁੰਦੀ ਹੈ। ਜਿਹੜੇ ਆਗੂ ਸਮੇਂ ਸਮੇਂ ਆਪਣੇ ਨਾਹਰੇ ਦੇ ਸਪੀਚਾਂ ਬਦਲ ਪਬਲਿਕ ਦੇ ਜਜ਼ਬਾਤ ਨੂੰ ਉਭਾਰ ਤੇ ਉਨ੍ਹਾਂ ਨੂੰ ਗੁਮਰਾਹ ਕਰ ਲੀਡਰ ਬਣੇ ਰਹਿਣ ਦੇ ਆਪਣੇ ਨਿਸ਼ਾਨੇ ਦੀ ਪੂਰਤੀ ਵਲ ਮਗਨ ਰਹਿੰਦੇ ਹਨ, ਓਹ ਦਰਅਸਲ ਕੌਮ, ਸਮਾਜ ਤੇ ਦੇਸ਼ ਨਾਲ ਧਰੋਹ ਕਰਦੇ ਹਨ ਤੇ ਇਹ ਨੀਤੀ ਬੜੀ ਘਟੀਆ ਨੀਤੀ ਹੈ।

ਭਾਈਚਾਰੇ, ਕੌਮ ਜਾਂ ਦੇਸ਼ ਵਿਚ ਗੜਬੜ ਉਦੋਂ ਹੁੰਦੀ ਹੈ ਜਦ ਦੇਸ਼ ਤੇ ਕੌਮ ਦੇ ਆਗੂ ਪਬਲਿਕ ਭਲਾਈ ਦੇ ਨਿਸ਼ਾਨੇ ਵਲੋਂ ਅੱਖਾਂ ਮੀਟ, ਗੋਇਆ ਆਪਣੇ ਅਸਲ ਸੰਬੰਧ ਤੇ ਫਰਜ਼ਾਂ ਨੂੰ ਜਾਣਬੁਝ ਕੇ ਭੁਲ ਜਾਂਦੇ ਹਨ ਤੇ ਖੁਦਗਰਜ਼ੀ ਦੇ ਆਪਣੇ ਆਗੂ ਬਣੇ ਰਹਿਣ ਦੇ ਨਿਸ਼ਾਨੇ ਵਲ ਸਾਰਖਰੀ ਤਵੱਜੋਂ ਦੇ ਦਿੰਦੇ ਹਨ। ਜਨਤਾ ਵਿਚ ਬੇਅੰਤ ਲੋਕ-ਭਲਾਈ ਵਾਲੇ ਖਿਆਲਾਂ ਵਾਲੇ ਲੋਕੀ ਵੀ ਹੁੰਦੇ ਹਨ ਤੇ ਓਹ ਕੌਮੀ ਲੀਡਰਾਂ ਨੂੰ ਉਨ੍ਹਾਂ ਦੇ ਅਸਲ ਫਰਜ਼ਾਂ ਵਲੋਂ ਕੋਤਾਹੀ ਦੀ ਜਾਣਕਾਰੀ ਦੇ, ਹਲੂਣਦੇ ਵੀ ਰਹਿੰਦੇ ਹਨ ਪਰ ਲਡੀਰਾਂ ਦੀ ਲੀਡਰ-ਖੁਮਾਰੀ ਤੇ ਉਨ੍ਹਾਂ ਦੇ ਕਾਬੂ ਵਿਚ ਆਇਆ ਪਰੈਸ ਤੇ ਪਲੇਟਫਾਰਮ ਮੀਡੀਆ, ਉਨ੍ਹਾਂ ਨੂੰ ਅਸਲ-ਨਕਲ ਦੇਖਣ ਨਹੀਂ ਦਿੰਦਾ ਤੇ ਉਹ ਸਗੋਂ ਹੋਰ ਵੀ ਜ਼ੋਰ ਨਾਲ ਡਟ ਕੇ ਲੋਕਾਂ ਦੇ ਜਜ਼ਬਾਤ ਨੂੰ ਉਭਾਰ ਆਪਣੇ ਨਾਲ ਚੰਬੇੜੀ ਰਖਣੀ ਦੀ ਕੋਸ਼ਿਸ਼ ਕਰਦੇ ਹਨ ਤੇ ਆਮ ਜਨਤਾ ਨੂੰ ਪਤਾ ਹੀ ਨਹੀਂ ਲੱਗਣ ਦਿੰਦੇ ਕਿ ਉਹ ਉਨ੍ਹਾਂ ਨੂੰ ਕੇਵਲ ਸਵਾਰਥੀ ਨਿਸ਼ਾਨੇ ਵੱਲ ਖਿਚੀ ਲਿਜਾ ਰਹੇ ਹਨ। ਪਾਕਿਸਤਾਨ ਬਣਨ ਵੇਲੇ ਵੀ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ, ਹਿੰਦੂ-ਪਰੈਸ ਦੇ ਗਲਤ ਪ੍ਰਾਪੇਗੰਡੇ ਤੇ ਮੁਸਲਿਮ ਪਰੈਸ ਦੇ, ਨਵੇਂ ਬਣਨ ਵਾਲੇ ਬਹਿਸ਼ਤੀ, ਪਾਕਅਸਥਾਨ ਦੇ ਸਬਜ਼ ਬਾਗਾਂ ਨੇ ਮੁਸਲਿਮ-ਜਨਤਾ ਨੂੰ ਇਕ ਮੁਠ ਕਰ ਦਿਤਾ ਤੇ ਆਖਰ ਪਾਕਿਸਤਾਨ ਬਣ ਹੀ ਗਿਆ ਪਰ ਅਜ ਜੋ ਪਾਕਿਸਤਾਨੀ ਜਨਤਾ ਦੀ ਹਾਲਤ ਹੈ ਓਹ ਕਿਸੇ ਤੋਂ ਲੁਕੀ ਥੋੜੀ ਹੈ?

ਲੋਕ-ਭਲਾਈ ਬੁਧੀਜੀਵੀਆਂ ਨੂੰ ਜਦ ਯਕੀਨ ਹੋ ਜਾਂਦਾ ਹੈ ਕਿ ਮੌਜੂਦਾ ਲੀਡਰ ਪਬਲਿਕ ਨੂੰ ਅਸਲ ਰਾਹ ਤੋਂ ਥਿੜਕਾ ਰਹੇ ਹਨ ਤਾਂ ਓਹ ਆਪਣਾ ਕੋਈ ਹੋਰ ਰਾਹ ਅਪਨਾਉਣ ਲਈ ਮਜਬੂਰ ਹੋ ਜਾਂਦੇ ਹਨ, ਕਿਉਂ ਜੋ ਓਹ ਇੰਜ ਲੋਕਾਂ ਨੂੰ ਗਲਤ ਪਾਸੇ ਖਿਚੇ ਜਾਂਦੇ ਦੇਖ ਬਰਦਾਸ਼ਤ ਨਹੀਂ ਕਰ ਸਕਦੇ ਤੇ ਉਹ ਲੋਕਾਂ ਨੂੰ ਕੋਈ ਪੈਰਲਿਲ ਅਥਵਾ ਸਮਾਨਤ ਰਾਹ ਪੇਸ਼ ਕਰ ਦਿੰਦੇ ਹਨ ਤਾਂ ਕਿ ਜਨਤਾ ਹੌਲੀ ਹੌਲੀ ਅਨਭੁਵ ਕਰ ਚੰਗੇ-ਮੰਦੇ ਰਾਹ ਦੀ ਪਛਾਣ ਕਰ ਆਪਣਾ ਅਸਲ ਰਾਹ ਚੁਣ, ਹੋਣ ਵਾਲੇ ਆਪਣੇ ਤੇ ਆਪਣੀ ਸੰਤਾਨ ਦੇ ਭਵਿਖੀ ਨੁਕਸਾਨ ਤੋਂ ਬਚ ਸਕੇ।

ਮਾਪਿਆਂ ਦਾ ਫਰਜ਼ ਪੁਤ ਵੱਲ ਬਾਲਗ ਹੋਣ ਅਥਵਾ ਵਿਆਹੇ ਜਾਣ ਤਕ ਹੈ, ਉਪਰੰਤ ਸਾਰੀ ਉਮਰ ਹੀ ਪੁਤਰ ਦਾ ਫਰਜ਼ ਬਣਦਾ ਹੈ ਕਿ ਓਹ ਬਿਰਧ ਮਾਪਿਆਂ ਨੂੰ ਹੌਂਸਲਾ ਦਿੰਦਾ ਰਹੇ ਤੇ ਉਨ੍ਹਾਂ ਨੂੰ ਮਿਲ ਕੇ, ਫੋਨ ਤੇ ਜਾਂ ਪਤਰ ਆਦਿ ਦੁਵਾਰਾ ਯਕੀਨ ਦਵਾਉਂਦਾ ਰਹੇ ਕਿ ਉਨ੍ਹਾਂ ਦੇ ਪਿਆਰੇ ਦੇ ਦਿਲ ਵਿਚ ਉਨ੍ਹਾਂ ਲਈ ਇਕ ਵਿਸ਼ੇਸ਼ ਥਾਂ ਹੈ ਤੇ ਉਹ ਉਨ੍ਹਾਂ ਨੂੰ ਬਹੁਤ ਪਿਆਰ ਕਰਦਾ ਹੈ। ਏਹੋ ਜੇਹਾ ਵਤੀਰਾ ਬਿਰਧਾਂ ਲਈ ਮਾਨਸਿਕ ਗਿਜ਼ਾ ਦਾ ਕੰਮ ਕਰਦਾ ਹੋਇਆ ਮਾਪਿਆਂ ਨੂੰ ਨਸ਼ਿਆਈ ਰਖਦਾ ਹੈ ਤੇ ਮਾਪਿਆਂ ਦੇ ਚੇਹਰੇ ਤੇ ਹਰ ਵੇਲੇ ਜਲਾਲ ਟਪਕਦਾ ਰਹਿੰਦਾ ਹੈ। ਮੁੰਡੇ ਜਾਂ ਮੁੰਡੇ ਦੇ ਪਰਵਾਰ ਦਾ ਏਸ ਮਿਠੇ-ਵਰਤਾਓ ਤੇ ਖਰਚ ਕੋਈ ਨਹੀਂ ਆਉਂਦਾ ਪਰ ਜਿਥੇ ਇਹਦਾ ਲਾਭ ਮਾਪਿਆਂ ਨੂੰ ਬੇਹੱਦ ਉਪੜਦਾ ਹੈ ਓਥੇ ਮੁੰਡਾ ਆਪਣੇ ਬੁਢੇਪੇ ਲਈ ਵੀ ਇਕ ਚੰਗਾ ਪੂਰਨਾ ਪਾ ਰਿਹਾ ਹੁੰਦਾ ਹੈ।

ਇਨਸਾਨ ਦਾ ਇਨਸਾਨਾਂ ਅਥਵਾ ਖਲਕਤ ਵਲ ਵੀ ਬੜਾ ਤਕੜਾ ਫਰਜ਼ ਹੈ। ਤੁਸੀਂ ਲੋਕਾਂ ਨਾਲ ਓਹੋ ਜੇਹਾ ਪੇਸ਼ ਆਓ ਜਿਹੋ ਜੇਹਾ ਤੁਸੀਂ ਆਸ ਰਖਦੇ ਹੋ ਕਿ ਲੋਕੀ ਤੁਹਾਡੇ ਨਾਲ ਪੇਸ਼ ਆਉਣ।

ਮਿਤਰ ਦਾ ਮਿਤਰ ਵਲ ਵੀ ਫਰਜ਼ ਹੈ। ਜਿਹਨੂੰ ਇਕ ਵਾਰ ਮਿਤਰ ਆਖ ਦਿੱਤਾ, ਭਾਵੇਂ ਉਹਦੇ ਨਾਲੋਂ ਕਿਸੇ ਕਾਰਨ ਦੂਰ ਵੀ ਹੋ ਗਏ ਹੋ ਤਾਂ ਵੀ ਉਹਦੇ ਬਾਰੇ ਕਦੀ ਮਾੜਾ ਨਾ ਸੋਚੋ। ਕਿਸੇ ਤੀਜੀ ਧਿਰ ਪਾਸੋਂ ਆਪਣੇ ਬਾਰੇ ਮਾੜਾ ਆਖੇ ਦਾ ਵਧੀਆ ਸਬੂਤ, ਉਹਦੇ ਨਾਲ ਅਥਵਾ ਮਿਤਰ ਨਾਲ ਆਪ ਮੂੰਹਰੂਬਰੂ ਗਲ ਕਰੋ, ਇਸ ਤਰ੍ਹਾਂ ਕਈ ਸ਼ੰਕੇ ਨਵਿਰਤ ਹੋ ਜਾਇਆ ਕਰਦੇ ਹਨ।

ਜੇ ਹਰ ਵਿਅਕਤੀ, ਏਕ ਪਿਤਾ ਏਕਸ ਕੇ ਬਾਰਕ ਅਤੇ ਮਾਟੀ ਏਕ ਅਨੇਕ ਭਾਂਤ ਕਰ ਸਾਜੀ ਸਾਜਨਹਾਰੇ, ਮਹਾਂ ਵਾਕ ਤੇ ਈਮਾਨ ਲਿਆਉਂਦਾ ਹੋਇਆ, ਆਪਣੇ ਸੰਬੰਧ ਅਤੇ ਫਰਜ਼ ਨੂੰ ਪਛਾਣਦਾ ਹੋਇਆ ਵਿਚਰੇ, ਤਾਂ ਏਸ ਜ਼ਿੰਦਗੀ ਜਿਹਨੂੰ ਕੰਡਿਆਂ ਦੀ ਛੇਜ ਜਾਂ ਜੰਜ਼ਾਲ ਆਦਿ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ, ਹਰ ਬੰਦਾ ਜ਼ਿੰਦਗੀ ਦਾ ਸਵਾਦ ਮਾਣਦਾ ਹੋਇਆ ਇਸ ਨੂੰ ਸਵਰਗ ਜਾਂ ਰਾਮ ਰਾਜ ਆਖਣ ਲਗ ਜਾਵੇ।

**ਇਕ ਪ੍ਰਸ਼ਨ — ਜੇ ਕੋਈ ਵੀਰ ਜਾਂ ਭੈਣ ਹੇਠ ਲਿਖੇ ਫੋਨ ਤੇ ਦੱਸ ਸਕੇ ਕਿ,**

**"ਭਾਰਤ ਨੂੰ ਫਰੈਨਚਾਈਜ਼ ਅਥਵਾ ਹਰ ਬਾਲਗ ਨੂੰ ਵੋਟ ਦੇਣ ਦਾ ਹੱਕ ਕਿਹੜੇ ਸਾਲ ਮਿਲਿਆ?"**

**ਫੋਨ :- 590-4602. ਰਾਮ ਸਿੰਘ ਢਿੱਲੋਂ**

**ਧੰਨਵਾਦੀ ਹੋਵਾਂਗਾ।**

## "ਬੇਦਰਦ ਜ਼ਮਾਨਾ"

**ਦਰਸ਼ਨ ਸਿੰਘ ਬਾਸੀ, ਵਿਕਟੋਰੀਆ**

ਗੈਰਾਂ ਤੇ ਸ਼ਿਕਾਇਤ ਕੀ, ਆਪਣੇ ਹੀ ਬੇਗਾਨੇ ਨੇ।
ਹਮਦਰਦੀ ਨਹੀਂ ਮਿਲਿਆ, ਬੇਦਰਦ ਜ਼ਮਾਨੇ ਨੇ।

ਮੇਰੀ ਸੋਚ ਗੁਆਚੀ ਏ, ਮੈਂ ਸਪਨੇ ਖੋ ਬੈਠਾ
ਮੇਰੀ ਝੋਲੀ ਖਾਲੀ ਏ, ਮੇਰੇ ਖਾਲੀ ਖਜ਼ਾਨੇ ਨੇ ...ਗੈਰਾਂ ਤੇ...

ਕੋਈ ਸੋਹਣੀ ਸੂਰਤ ਏ, ਅੰਦਰ ਦਿਲ ਪੱਥਰ ਦਾ,
ਇਕ ਜਾਮ ਨਾ ਮਿਲ ਸਕਿਆ, ਖਾਲੀ ਪੈਮਾਨੇ ਨੇ ...ਗੈਰਾਂ ਤੇ....

ਸ਼ਮਾਂ ਰਹੀ ਜਲਦੀ, ਸੰਗ ਰਾਤਾਂ ਜਲੀਆਂ ਨੇ,
ਕੋਈ ਭੀ ਸੜਿਆ ਨਾ, ਝੂਠੇ ਪ੍ਰਵਾਨੇ ਨੇ ...ਗੈਰਾਂ ਤੇ..

ਕੱਲ ਤੱਕ ਜੋ ਜ਼ੁਲਫਾਂ ਦੇ, ਸਾਏ 'ਚ ਛੁਪਾ ਰਖਦੇ
ਅੱਜ ਦੂਰੀ ਕੋਹਾਂ ਦੀ, ਬਦਲੇ ਇਹ ਜ਼ਮਾਨੇ ਨੇ ... ਗੈਰਾਂ ਤੇ....

ਇਹ ਦੁਨੀਆਂ ਡਾਲਰ ਦੀ, ਅਕਲਾਂ ਦਾ ਮੁੱਲ ਕੋਈ ਨਹੀਂ
ਜੇਹਦੀ ਕੋਠੀ ਦਾਣੇ ਨੇ, ਕਮਲੇ ਭੀ ਸਿਆਣੇ ਨੇ ... ਗੈਰਾਂ ਤੇ...

ਕੋਈ ਰੰਜ ਨਹੀਂ ਸਾਨੂੰ, ਕੋਈ ਰੋਸ ਨਹੀਂ ਸਾਨੂੰ
ਲੇਖਾਂ ਦੀਆਂ ਲਿਖੀਆਂ ਨੇ, "ਬਾਸੀ" ਅਫਸਾਨੇ ਨੇ ... ਗੈਰਾਂ ਤੇ...

## ਤਿਆਗ

**ਹਰਭਜਨ ਸਿੰਘ ਦਿਓਲ**

ਤੇਰੇ ਖਤ ਜਲਾਣ ਤੋਂ ਪਿਛੋਂ ਮੈਂ ਹੋਇਆ ਕੰਗਾਲ ਜਿਹਾ,
ਆਪੇ ਆਪਣੀ ਪੂੰਜੀ ਰੋੜ੍ਹੀ, ਹੋਇਆ ਮੈਂ ਬੇਹਾਲ ਜਿਹਾ।

ਕਬਰ ਮੈਂ ਆਪਣੀ।ਆਪੇ ਪੁੱਟੀ, ਆਵੋ ਮੈਨੂੰ ਦਫਨ ਕਰੋ,
ਤੋਰ ਦਿਓ ਰਾਹੀ ਦੇ ਤਾਂਈ, ਛੱਡ ਕੇ ਗਮ ਮਲਾਲ ਜਿਹਾ

ਹਰ ਮੰਜ਼ਲ ਮੈਂ ਜਾ ਕੇ ਡਿੱਠੀ, ਤੇਰੇ ਬਾਝੋਂ ਸੁੰਨੀ ਸੀ,
ਕਿਸ ਮਜ਼ੰਲ ਤੇ ਤੈਨੂੰ ਪਾਵਾਂ, ਇਹੋ ਰਿਹਾ ਸੁਵਾਲ ਜਿਹਾ।

ਪਤਵਾਰ ਬਣੇ ਸਨ ਪੱਤਰ ਤੇਰੇ, ਚੀਰੇ ਮੈਂ ਤੂਫਾਨ ਨੇ ਕਈ,
ਹੁਣ ਪਰ ਬੇੜੀ ਕੌਣ ਬਚਾਵੇ, ਲੰਘੇ ਕਿਵੇਂ ਭੁਚਾਲ ਜਿਹਾ।

ਵਸ ਜਾਂਦੀ ਸੀ ਰੋਮ ਰੋਮ ਵਿਚ, ਤੇਰੇ ਸਾਹਾਂ ਦੀ ਖੁਸ਼ਬੋ
ਸਾਂਭ ਨਾ ਸਕਿਆ ਤੇਰੀ ਅਮਾਨਤ, ਦਿਲ ਦਾ ਪਾਟਾ ਰੁਮਾਲ ਜਿਹਾ।

ਆਵੇਂਗੀ ਤੂੰ ਕਬਰ ਦੇ ਉਤੇ, ਸੁਤਾ ਪਿਆ ਜਗਾਵਣ ਨੂੰ,
ਮਰ ਘਟ ਨੂੰ ਰੁਸ਼ਣਾ ਦੇਵੇਗਾ, ਤੇਰਾ ਹੁਸਨ ਜਮਾਲ ਜਿਹਾ।

ਹੰਝੂ ਕੇਰ ਕੇ ਰੋੜ੍ਹ ਨਾ ਬੈਠੀਂ, ਮੇਰੀ ਕਬਰ ਦੀ ਮਿਟੀ ਨੂੰ,
ਲਾਸ਼ ਮੇਰੀ ਨੂੰ ਖਾ ਜਾਵੇਗਾ, ਹਿਜਰਾਂ ਦਾ ਕੋਈ ਕਾਲ ਜਿਹਾ।

ਨ ਕੋਈ ਫੁਲ ਨਾ ... ਦੀਵਾ ਰੱਖੀਂ, ਮੇਰਾ ਚੈਣ ਗੁਵਾਵੀਂ ਨਾ,
ਸੌਣ ਦੇ ਮੈਨੂੰ ਗੂੜ੍ਹੀ ਨੀਂਦੇ, ਛੱਡ ਕੇ ਸਭ ਜੰਜ਼ਾਲ ਜਿਹਾ।


SUCCESS THROUGH
SERVICE & EXPERIENCE
BUYING, SELLING OR TRADING

* Homes (new or old)
* Investment Properties
* Commercial & Industrial or any other kind of Real Estate Property

Ajaib S. Janda

In Business since 1971

UNITED REALTY LTD.

2443 Kingsway, Vancouver, B.C.



ਘਰ ਅਤੇ ਹੋਰ ਹਰ ਤਰਾਂ ਦੀ ਜਾਇਦਾਦ ਖ੍ਰੀਦਣ ਤੋਂ ਪਹਿਲਾਂ

ਅਜਾਇਬ ਸਿੰਘ ਜੰਡਾ

ਮੁਫਤ ਸਲਾਹ ਲਈ ਮਿਲੋ ਜਾਂ ਫੂਨ ਕਰੋ

PH. BUS. 437-9431
RES. 434-4660

# ਭਾਰਤ ਵਿਚ ਧਰਮ ਅਤੇ ਫਿਰਕਾਪ੍ਰਸਤੀ ਦੀ ਸਮੱਸਿਆ

—ਜਗਜੀਤ ਸਿੰਘ ਬਾਗੀ—

ਮਨੁਖੀ ਸਮਾਜ ਦੇ ਵਿਕਾਸ ਅੰਦਰ ਵੱਖ ਵੱਖ ਧਰਮਾਂ ਦਾ ਪੈਦਾ ਹੋਣਾ ਉਸ ਸਮੇਂ ਦੀ ਲੋੜ ਸੀ। ਇਸ ਨੇ ਕਬਾਇਲੀ ਪ੍ਰਬੰਧ ਤੋਂ ਉਚੇਰੀ ਸਮਾਜਕ ਵਿਵਸਥਾ ਕਾਇਮ ਕਰਨ ਦਾ ਰੋਲ ਅਦਾ ਕੀਤਾ। ਲੋਕਾਂ ਨੇ ਧਰਮ ਨੂੰ ਆਪਣੀ ਮਾਨਸਕ ਅਤੇ ਰੂਹਾਨੀ ਰਾਹਤ ਵਾਸਤੇ ਅਪਨਾਇਆ ਪਰ ਲੋਟੂ ਜਮਾਤਾਂ ਨੂੰ ਹਮੇਸ਼ਾ ਧਰਮ ਦੀ ਵਰਤੋਂ ਆਪਣੇ ਲੋਟੂ ਪ੍ਰਬੰਧ ਦੀ ਰਾਖੀ ਵਾਸਤੇ ਕੀਤੀ। ਇਹ ਜਮਾਤਾਂ ਧਰਮ ਦੀ ਦੁਰਵਰਤੋਂ ਕਰਕੇ ਮਿਹਨਤੀ ਲੋਕਾਂ ਦੇ ਘੋਲ ਨੂੰ ਠੰਡਾ ਕਰਦੀਆਂ, ਉਨ੍ਹਾਂ ਨੂੰ ਪਾੜਦੀਆਂ ਤੇ ਆਪੋ ਵਿਚ ਲੜਾਉਣ ਦਾ ਜਤਨ ਕਰਦੀਆਂ ਹਨ। ਇਸ ਤਰ੍ਹਾਂ ਉਹ ਧਰਮ ਨੂੰ ਫਿਰਕਾਪ੍ਰਸਤੀ ਦੇ ਦਰਜੇ ਉਤੇ ਸੁਟ ਦਿੰਦੀਆਂ ਹਨ।

ਇਸ ਵੇਲੇ ਭਾਰਤ ਅੰਦਰ ਧਰਮ ਦੇ ਆਧਾਰ ਉਤੇ ਲੋਕਾਂ ਵਿਚ ਫਰਕ ਤੇ ਨਫਰਤ ਪੈਦਾ ਕੀਤੀ ਜਾ ਰਹੀ ਹੈ। ਅੰਗਰੇਜ਼ ਸਾਮਰਾਜ ਤੋਂ ਲੈ ਕੇ ਹੁਣ ਤੱਕ ਲੋਕਾਂ ਵਿਚ ਫਿਰਕੇਦਾਰਾਨਾ ਝਗੜੇ ਖੜ੍ਹੇ ਕੀਤੇ ਜਾਂਦੇ ਰਹੇ ਤਾਂ ਜੋ ਲੋਕਾਂ ਦਾ ਧਿਆਨ ਬੁਨਿਆਦੀ, ਆਰਥਕ ਅਤੇ ਰਾਜਨੀਤਕ ਮਸਲਿਆਂ ਤੋਂ ਹਟਾਇਆ ਜਾ ਸਕੇ ਅਤੇ ਸਾਡੀ ਲੋਕ ਲਹਿਰ ਨੂੰ ਕਮਜ਼ੋਰ ਕੀਤਾ ਜਾ ਸਕੇ। ਮਿਸਾਲ ਵਜੋਂ :

1947-48 ਵਿਚ ਭਾਰਤ ਦੀ ਆਜ਼ਾਦੀ ਵੇਲੇ ਅੰਗਰੇਜ਼ ਸਾਮਰਾਜ ਦੇ ਚਲਾਕ ਰੋਲ ਨੇ ਲੋਕਾਂ ਵਿਚ ਮਜ਼ਹਬੀ ਨਫਰਤ ਪੈਦਾ ਕਰਕੇ ਉਜਾੜੇ ਤੇ ਲੁੱਟਮਾਰ ਕਰਵਾਈ। ਹਜ਼ਾਰਾਂ ਨਿਰਦੋਸ਼ ਲੋਕ ਮਾਰੇ ਗਏ, ਮਜ਼ਹਬ ਦੇ ਅਧਾਰ ਉਤੇ ਭਾਰਤ ਦੀ ਵੰਡ ਕਰਕੇ ਪਾਕਿਸਤਾਨ ਬਣਾਇਆ ਜੋ ਸਾਮਰਾਜ ਦੇ ਵਧੀਆ ਅੱਡਾ ਹੈ।

ਜਦੋਂ ਭਾਸ਼ਾ ਦੇ ਅਧਾਰ ਉਤੇ ਸੂਬਿਆਂ ਦੀ ਹੱਦਬੰਦੀ ਦਾ ਸਵਾਲ ਆਇਆ ਤਾਂ ਸੂਬਿਆਂ ਦੀ ਹੱਦਬੰਦੀ ਵਿਚ ਮਜ਼ਹਬ ਦਾ ਦਖਲ ਫਸਾਕੇ ਫਿਰਕਾਦਾਰਾਨਾ ਫਸਾਦ ਕਰਾਉਣ ਦੀ ਕੋਸ਼ਿਸ਼ ਕੀਤੀ ਗਈ — ਜਿਵੇਂ ਕਿ "ਹਿੰਦੀ ਹਿੰਦੂਆਂ ਦੀ" ਅਤੇ "ਪੰਜਾਬੀ ਸਿੱਖਾਂ ਦੀ" ਆਦਿ ਨਾਹਰਿਆਂ ਤੋਂ ਜਾਹਿਰ ਹੈ।

ਸਿਖਸ਼ਾ ਪ੍ਰਣਾਲੀ ਵਿਚ ਵੀ ਮਜ਼ਬ ਨੂੰ ਸਥਾਨ ਦਿੱਤਾ ਗਿਆ। ਇਥੋਂ ਤਕ ਕਿ ਆਰੀਆ, ਸਨਾਤਨ, ਖਾਲਸਹ ਜੈਨ, ਮੁਸਲਿਮ ਸਕੂਲਾਂ ਕਾਲਜਾਂ ਵਿਚ ਤਾਂ ਸਿਧੇ ਤੌਰ ਤੇ ਇਕ ਧਰਮ ਉਤੇ ਵਿਸ਼ੇਸ਼ ਜ਼ੋਰ ਦੇਕੇ ਨਫਰਤ ਦਾ ਬੀਜ ਬੀਜਿਆ ਜਾਂਦਾ ਹੈ।

ਅਕਾਸ਼ਬਾਣੀ ਅਤੇ ਟੀ. ਵੀ. ਉਤੇ ਵੀ ਜ਼ਿਆਦਾ ਟਾਈਮ ਵਖੋ-ਵੱਖ ਧਰਮਾਂ ਅਤੇ ਫਿਰਕਿਆਂ ਦੀਆਂ ਕਥਾ ਕਹਾਣੀਆਂ ਨੂੰ ਦਿੱਤਾ ਜਾਂਦਾ ਹੈ। ਇਸ ਨੂੰ ਪੂੰਜੀਵਾਦੀ ਹੁਕਮਰਾਨ ਜਮਾਤ "ਸੈਕੂਲਿਰਿਜ਼ਮ" ਦਾ ਨਾਂ ਦੇ ਕੇ ਲੋਕਾਂ ਨੂੰ ਭੁਲੇਖੇ ਵਿਚ ਰਖਦੀ ਹੈ।

ਤਾਜ਼ਾ ਹਾਲਤਾਂ ਵਿਚ ਸੋਸ਼ਲਿਜ਼ਮ ਦੇ ਦੁਸ਼ਮਣਾਂ ਨੇ ਸੰਸਾਰ ਸੋਸ਼ਲਿਸਟ ਪ੍ਰਣਾਲੀ ਦੇ ਪ੍ਰਭਾਵ ਅਤੇ ਸਾਡੇ ਦੇਸ਼ ਵਿਚ ਸਮਾਜੀ ਤਬਦੀਲੀ ਲਈ ਘੋਲ ਕਰ ਰਹੀਆਂ ਸ਼ਕਤੀਆਂ ਨੂੰ ਕਮਜ਼ੋਰ ਕਰਨ ਲਈ ਮੁਹਿਮ ਸ਼ੁਰੂ ਕੀਤੀ ਹੋਈ ਹੈ। ਫਿਰਕੂਪੁਣੇ, ਅੱਤਵਾਦ ਅਤੇ ਵੱਖਵਾਦ ਨੂੰ ਸ਼ਹਿ ਦਿੱਤੀ ਹੋਈ ਹੈ ਤਾਂ ਜੋ ਸਾਡੇ ਦੇਸ਼ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਵਿਚ ਰੋਕ ਪਾਈ ਜਾ ਸਕੇ।

ਵਿਗਿਆਨਕ ਸਮਾਜਵਾਦ ਦੇ ਗਿਆਨ ਨਾਲ ਲੈਸ ਇਨਕਲਾਬੀਆਂ ਦਾ ਫਰਜ਼ ਹੈ ਕਿ ਉਹ ਮਜ਼ਦੂਰ ਜਮਾਤ ਅਤੇ ਹੋਰ ਮਿਹਨਤਕਸ਼ਾ ਨੂੰ ਸਰਮਾਏਦਾਰੀ ਲੁੱਟ ਖਸੁੱਟ ਦੇ ਵਿਰੁਧ ਘੋਲ ਵਿਚ ਪਾਉਣ। ਇਸਦੇ ਵਾਸਤੇ ਰੂੜੀਵਾਦੀ ਫਿਰਕੂ ਪਾੜੂ ਵਿਚਾਰਾਂ ਵਿਰੁਧ ਸਿਧਾਂਤਕ ਸੰਘਰਸ਼ ਵੀ ਇਕ ਬਹੁਤ ਜ਼ਰੂਰੀ ਮਸਲਾ ਹੈ। ਵਿਗਿਆਨਕ ਸਮਾਜਵਾਦ ਦੀ ਸਮਝ ਹੀ ਮਿਹਨਕਸ਼ਾਂ ਨੂੰ ਆਪਣੀ ਨਜ਼ਾਤ ਦੇ ਇਨਕਲਾਬੀ ਸੰਘਰਸ਼ ਲਈ ਖੜਾ ਕਰ ਸਕਦੀ ਹੈ। ਵਿਗਿਆਨਕ ਸਮਾਜਵਾਦ ਦੀ ਸਮਝ ਰੱਖਣ ਵਾਲੇ ਇਨਕਲਾਬੀ ਹੀ ਮਜ਼ਹਬੀ ਤਅੱਸਬ ਤੋਂ ਵੱਖ ਹੋ ਕੇ ਸਮਾਜ ਨੂੰ ਬਿਹਤਰ ਜ਼ਿੰਦਗੀ ਦੇਣ ਲਈ ਮਿਹਨਤਕਸ਼ਾਂ ਨੂੰ ਸੰਘਰਸ਼ ਵਿਚ ਪਾਉਂਦੇ ਹਨ। ਮੌਜੂਦਾ ਹਾਲਤਾਂ ਵਿਚ ਸਾਨੂੰ ਇਸ ਗੱਲ ਉਤੇ ਜ਼ੋਰ ਦੇਣਾ ਚਾਹੀਦਾ ਹੈ ਕਿ (1) ਮਜ਼ਹਬ ਨੂੰ ਇਕ ਨਿਜੀ ਮੁਆਮਲਾ ਸਮਝਿਆ ਜਾਏ। (2) ਮਜ਼ਹਬ ਨੂੰ ਰਾਜ ਤੋਂ ਵੱਖ ਰਖਿਆ ਜਾਵੇ। (3) ਫਿਰਕਾਦਾਰਾਨਾ ਏਕਤਾ ਕਾਇਮ ਰੱਖਣ ਲਈ ਉਪਰਾਲਾ ਕੀਤਾ ਜਾਵੇ।

---

ਹਰ ਨਜ਼ਰ ਵਿਚ ਸ਼ਿਕਰਿਆਂ ਦੇ ਅਕਸ ਨੇ ਇਸ ਸ਼ਹਿਰ ਵਿਚ,
ਘੁੱਗੀਆਂ ਜਹੇ ਖ਼ਾਬ ਹੁਣ ਕਿਸ ਅੱਖ ਵਿਚ ਬੀਜਣਗੇ ਉਹ ?

ਸੜਦਿਆਂ ਬਾਗਾਂ ਦੀ ਬਦਬੂ ਹੋਰ ਵੀ ਫੈਲੂ ਸਗੋਂ,
ਕਾਗਜ਼ੀ ਫੁੱਲਾਂ ਤੇ ਭਾਵੇਂ ਅਤਰ ਲਖ ਛਿੜਕਣਗੇ ਉਹ।

'ਦਾਵਾਨਲ' ਨੂੰ ਦੂਰ ਤੋਂ ਅਜ ਤਕ ਤਕ ਹਸਦੇ ਨੇ ਜੋ,
ਝੁਲਸੀਆਂ ਸ਼ਾਖਾਂ ਦੇ ਥੱਲੇ ਬੈਠ ਕੱਲ ਡੁਸਕਣਗੇ ਉਹ।





ਜਲੰਧਰ ਰਾਮਾਮੰਡੀ ਚੌਕ 'ਚ ਧੀਰੋਵਾਲ ਦਾ ਜਥਾ ਪੁਲਸ ਦਾ ਘੇਰਾ ਤੋੜਦਾ ਹੋਇਆ

---

ਇੱਕ ਅਮਰੀਕਨ ਟੂਰਿਸਟ ਪੈਰਿਸ ਘੁੰਮ ਰਿਹਾ ਸੀ. ਵਿਸ਼ਵ ਪ੍ਰਸਿੱਧ ਲੂਵਰ ਦੀ ਇਮਾਰਤ ਦੇ ਬਾਰੇ ਵਿੱਚ ਗਾਈਡ ਨੇ ਉਸ ਨੂੰ ਦਸਿਆ, 'ਇਸ ਨੂੰ ਬਣਨ ਵਿੱਚ 250 ਸਾਲ ਲੱਗੇ ਸਨ.'

'ਅਸੀਂ ਇਸ ਨੂੰ ਪੰਜਾਹ ਸਾਲਾਂ 'ਚ ਬਣਾ ਸੁਟਦੇ.' ਅਮਰੀਕਨ ਨੇ ਗੱਪ ਮਾਰੀ.

ਫਿਰ 'ਨੋਤ੍ਰੇਦਮ' ਦਿਖਾਉਂਦੇ ਹੋਏ ਗਾਈਡ ਦੇ ਦੱਸਣ ਤੇ ਕਿ ਇਸ ਨੂੰ ਬਣਨ ਵਿਚ 150 ਸਾਲ ਲੱਗੇ ਸਨ, ਉਹ ਕਹਿਣ ਲੱਗਿਆ, 'ਵਿਚਾਰੇ! ਅਸੀਂ ਤਾਂ ਇਸ ਨੂੰ ਦਸਾਂ ਸਾਲਾਂ 'ਚ ਹੀ ਬਣਾ ਦਿੰਦੇ.'

ਫਰਾਂਸੀਸੀ ਗਾਈਡ ਨੂੰ ਬੜੀ ਖੁੰਦਕ ਆ ਰਹੀ ਸੀ. ਕੁਝ ਦੇਰ ਬਾਅਦ ਉਹ 'ਆਇਫਲ ਟਾਵਰ' ਦੇ ਕੋਲ ਦੀ ਗੁਜ਼ਰੇ ਤਾਂ ਉਹ ਚੁੱਪ ਰਿਹਾ. ਹੁਣ ਅਮਰੀਕਨ ਤੋਂ ਨਾ ਰਿਹਾ ਗਿਆ, ਉਸ ਨੇ ਪੁੱਛਿਆ, 'ਇਹ ਕੀ ਹੈ?'

ਪਤਾ ਕਰਨਾ ਪਏਗਾ ਸਾਹਿਬ, ਕਲ ਸ਼ਾਮੀਂ ਜਦ ਮੈਂ ਇੱਧਰੋਂ ਗੁਜ਼ਰ ਰਿਹਾ ਸੀ, ਤਦ ਤਾਂ ਇਥੇ ਇਹ ਹੈ ਨਹੀਂ ਸੀ.

---

# ਰੇਲਾਂ ਅਤੇ ਬੱਸਾਂ ਬੰਦ ਰਹੀਆਂ

ਪੰਜਾਬ ਵਿਚ 16 ਜੂਨ ਨੂੰ ਨਾ ਤਾਂ ਰੇਲਾਂ ਹੀ ਚੱਲੀਆਂ ਅਤੇ ਨਾਂ ਹੀ ਬੱਸਾਂ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਰਕਾਰ ਦੇ ਇਸ ਫੈਸਲੇ ਨੂੰ ਅਕਾਲੀ ਦਲ ਦੀ ਇਕ ਸ਼ਾਨਦਾਰ ਜਿੱਤ ਕਰਾਰ ਦਿੱਤਾ ਹੈ। ਮੰਜੀ ਸਾਹਿਬ ਗੁਰਦੁਆਰੇ ਵਿਚ ਜੁੜੀਆਂ ਸਿਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਸੰਤ ਲੌਂਗੋਵਾਲ ਨੇ ਆਖਿਆ ਕਿ "ਸਰਕਾਰ ਡਰ ਗਈ ਹੈ ਅਤੇ 'ਰੇਲ ਰੋਕੋ' ਮੋਰਚਾ ਮੁਅੱਤਲ ਕੀਤਾ ਜਾਂਦਾ ਹੈ।"

---

# "ਮੈਂ ਹਰਦਿਆਲ ਨਹੀਂ, ਉਸਦਾ ਭਰਾ ਹਾਂ"

ਟਰਾਂਟੋ— 29 ਵਰ੍ਹਿਆਂ ਦੇ ਹਰਦਿਆਲ ਬੈਂਸ ਨੂੰ $500 ਜੁਰਮਾਨੇ ਦੀ ਸਜਾ ਸੁਣਾਈ ਗਈ। ਉਸ ਉਤੇ ਕੋਰਟ ਦੀ ਕਾਰਵਾਈ ਵਿਚ ਵਿਘਨ ਪਾਉਣ ਦਾ ਦੋਸ਼ ਸੀ।

22 ਜੂਨ 81 ਨੂੰ ਉਸ ਨੇ ਕੋਰਟ ਵਿਚ ਪੇਸ਼ ਹੋਣਾ ਸੀ ਪਰ ਉਸ ਨੇ ਆਪਣੇ ਕਿਸੇ ਦੋਸਤ ਨੂੰ ਡਾਕਟਰ ਦੀ ਇਕ ਚਿੱਠੀ ਨਾਲ ਕੋਰਟ ਭੇਜਿਆ ਕਿ ਹਰਦਿਆਲ ਕੋਰਟ ਵਿਚ ਨਹੀਂ ਆ ਸਕਦਾ। ਪੁਲੀਸ ਨੇ ਉਸ ਨੂੰ ਕੋਰਟ ਵਿਚੋਂ ਜਾਣ ਸਮੇਂ ਪਛਾਣ ਲਿਆ ਪਰ ਪੁਛੇ ਜਾਣ ਤੇ ਉਸ ਨੇ ਕਿਹਾ ਕਿ ਉਹ ਹਰਦਿਆਲ ਨਹੀਂ ਸਗੋਂ ਉਸਦਾ ਭਰਾ ਹੈ।
('ਟਰਾਂਟੋ ਸਟਾਰ' ਵਿਚੋਂ)

---

# ਪ੍ਰਿਥੀਪਾਲ ਸਿੰਘ ਦੇ ਕਤਲ ਦੇ ਦੋਸ਼ 'ਚ 11 ਬੰਦੇ ਗ੍ਰਿਫਤਾਰ

## ਗੋਲੀ ਮਾਰਨ ਵਾਲੇ ਅਜੇ 2 ਮੁੰਡੇ ਨਹੀਂ ਫੜੇ

ਲੁਧਿਆਣਾ .. (ਹਿੰ. ਸ.)— ਪੁਲਿਸ ਨੇ ਭਾਵੇਂ ਉਲਪੀਅਨ ਪ੍ਰਿਥੀਪਾਲ ਸਿੰਘ ਦੇ ਕਤਲ ਦੇ ਦੋਸ਼ ਵਿਚ ਅਜੇ ਤਕ 11 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਪਰ ਇਨ੍ਹਾਂ ਵਿਚ ਉਹ ਦੋ ਵਿਅਕਤੀ ਸ਼ਾਮਲ ਨਹੀਂ ਹਨ ਜਿਨ੍ਹਾਂ ਨੇ ਬੀਤੀ 20 ਮਈ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕੈਂਪਸ ਵਿਚ ਉਨ੍ਹਾਂ ਨੂੰ ਗੋਲੀ ਮਾਰ ਕੇ ਕਤਲ ਕਰ ਦਿਤਾ ਸੀ।

ਇਕੱਠੀ ਕੀਤੀ ਗਈ ਜਾਣਕਾਰੀ ਦੇ ਅਨੁਸਾਰ ਪੁਲਿਸ ਉਹ ਹਥਿਆਰ (ਪਿਸਤੌਲ) ਵੀ ਬਰਾਮਦ ਨਹੀਂ ਕਰ ਪਾਈ ਜਿਨ੍ਹਾਂ ਨਾਲ ਉਨ੍ਹਾਂ ਦਾ ਕਤਲ ਕੀਤਾ ਗਿਆ ਸੀ।

ਪਰ ਪੁਲਿਸ ਦੀ ਅਪਰਾਧ ਸ਼ਾਖਾ ਦੇ ਕਪਤਾਨ ਅਤੇ ਇਸ ਸਬੰਧ ਵਿਚ ਕਾਇਮ ਕੀਤੀ ਗਈ ਪੁਲਿਸ ਕਮੇਟੀ ਦੇ ਪ੍ਰਮੁਖ ਸ੍ਰੀ ਪੀ. ਐਮ. ਦਾਸ ਨੇ ਹਿੰ: ਸ. ਨੂੰ ਦਸਿਆ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿਚ ਅਜਿਹੇ ਦੋ ਨੌਜਵਾਨ ਜ਼ਰੂਰ ਸ਼ਾਮਲ ਹਨ. ਜਿਨ੍ਹਾਂ ਨੇ ਕਾਤਲਾਂ ਦੀ ਉਸ ਸਮੇਂ ਸਹਾਇਤਾ ਕੀਤੀ ਸੀ ਅਤੇ ਕਤਲ ਦੇ ਸਮੇਂ ਉਹ ਕਾਤਲਾਂ ਦੇ ਬਾਡੀ ਗਾਰਡ ਦੇ ਰੂਪ ਵਿਚ ਕੰਮ ਕਰ ਰਹੇ ਸਨ। ਇਨ੍ਹਾਂ ਵਿਚੋਂ ਇਕ ਦੇ ਸੰਕੇਤ ਤੇ ਹੀ ਦੋ ਨਜਾਇਜ਼ ਪਿਸਤੌਲ ਫੜੇ ਗਏ ਪਰ ਇਹ ਉਹ ਨਹੀਂ ਹਨ ਜਿਨ੍ਹਾਂ ਨਾਲ ਪ੍ਰਿਥੀਪਾਲ ਸਿੰਘ ਦਾ ਕਤਲ ਕੀਤਾ ਗਿਆ।

ਪਰ ਉਨ੍ਹਾਂ ਨੇ ਇਹ ਦਾਅਵਾ ਜ਼ਰੂਰ ਕੀਤਾ ਹੈ ਕਿ ਪੁਲਿਸ ਨੇ ਉਹ ਮੋਟਰ ਸਾਈਕਲ ਜ਼ਰੂਰ ਕਬਜ਼ੇ ਵਿਚ ਲੈ ਲਿਆ ਹੈ ਜਿਸ ਤੇ ਕਾਤਲ ਸਵਾਰ ਹੋ ਕੇ ਫਰਾਰ ਹੋ ਗਏ ਹਨ। ਪਰੰਤੂ ਦੂਜੇ ਪਾਸੇ ਕੋਈ ਵੀ ਵਿਅਕਤੀ ਇਸ ਗਲ ਦੀ ਪੁਸ਼ਟੀ ਨਹੀਂ ਕਰਦਾ ਕਿ ਕਾਤਲ ਮੋਟਰ ਸਾਈਕਲ ਤੇ ਦੌੜੇ ਸਨ।


# ਜਗਦੀਸ਼ ਸਿੰਘ ਨੋਟਰੀ ਪਬਲਿਕ

ਬੀ. ਏ. ਐਲ. ਐਲ. ਬੀ (ਪੀ.ਯੂ.)



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ਼ਰੀਦਣ, ਵੇਚਣ ਲਈ ਜਾਂ ਮੋਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

## ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

7-4857 Kingsway (Opp. Sears) Burnaby, B.C. V5H 2C8

PHONE—Off. 433-8366
Res. 324-4160

ਸਮਾਂ : ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ (ਦਫਤਰ ਸ਼ਨਿਚਰਵਾਰ ਖੁਲ੍ਹਾ ਰਹਿੰਦਾ ਹੈ)



# WILL WHEATON

PONTIAC BUICK GMC LTD.
325-12th St.
NEW WESTMINSTER
FOR

New and used cars, station wagons, new & used truck, van and 4x4 jimmy....for all your driving needs....your well known professional salesman



Kuldip S. Jhand
Grand Salesmaster

Ph. Bus.526-2781 Res.524-4137
Pager 687-7711 #7610

# CLASSIFIED & MATROMONIALS

## ਮੈਟਰੀਮੋਨੀਅਲ

ਲੋੜ ਹੈ ਯੋਗ, ਸੁਘੜ ਅਤੇ ਸੁਚੱਜੀ ਪੜ੍ਹੀ ਲਿਖੀ ਕੰਨਿਆਂ ਦੀ ਇਕ ਚੰਗੇ well setteled ਪੰਜਾਬ ਦੇ B.Sc. ਵਰ ਲਈ। ਆਪਣਾ ਘਰ ਅਤੇ ਬਿਜਨਸ ਹੈ। ਉਮਰ 36 ਸਾਲ ਲੜਕੀ ਕੰਵਾਰੀ ਜਾਂ ਤਲਾਕ ਸ਼ੁਦਾ ਹੋ ਸਕਦੀ ਹੈ। ਵਧੇਰੇ ਜਾਣਕਾਰੀ ਲਈ ਲਿਖੋ :—

P.O.BOx 2372
New Westminister, B.C.
ਜਾਂ ਮਾਰਫਤ ਕੈਨੇਡਾ ਦਰਪਣ ਨੂੰ

## ਵਰ ਦੀ ਲੋੜ

ਇੰਗਲੈਂਡ ਵਿਚ ਵਸਦੀ ਤੀਹ ਕੁ ਸਾਲ ਦੀ, ਚੰਗੀ ਪੜ੍ਹੀ ਲਿਖੀ, ਜੱਟ (ਗਿੱਲ) ਪ੍ਰਵਾਰ ਦੀ ਸੁਘੜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਫੋਟੋ ਅਤੇ ਹੋਰ ਵੇਰਵੇ ਸਮੇਤ ਸੰਪਰਕ ਇਸ ਪਤੇ ਤੇ ਕੀਤਾ ਜਾ ਸਕਦਾ ਹੈ। Mr. Gill, 138 A HOLBROOKE LANE, COVENTRY, CV6, 4BN, ENGLAND.

## ਬੇਸਮਿੰਟ ਕਿਰਾਏ ਲਈ ਖਾਲੀ

ਦੋ ਬੈੱਡਰੂਮ ਦੀ ਬੇਸਮਿੰਟ ਸਵੀਟ ਕਿਰਾਏ ਲਈ ਖਾਲੀ ਹੈ। ਇਹ ਫਰੇਜਰ ਦੇ ਨਜ਼ਦੀਕ ਪ੍ਰਿੰਸ ਐਲਬਰਟ, 30 ਐਵੇਨਿਊ ਤੇ ਹੈ। ਹੋਰ ਜਾਣਕਾਰੀ ਲਈ ਫੋਨ ਕਰੋ —

ਫੋਨ — 873-6830

## ਸ਼ੁਭ ਵਿਆਹ



ਜਸਬੀਰ ਸਿੰਘ ਗਰੇਵਾਲ, ਸਪੁੱਤਰ ਸ. ਬਲਦੇਵ ਸਿੰਘ ਗਰੇਵਾਲ - ਬੀਬੀ ਸ਼ਿੰਦਰਪਾਲ ਰਾਏ ਸਪੁੱਤਰੀ ਲੇਟ ਸ. ਮੇਹਰ ਸਿੰਘ ਰਾਏ ਦਾ ਸ਼ੁਭ ਵਿਆਹ

## ਪਲਾਈ ਵੁਡ ਸ਼ੇਅਰ ਵਿਕਾਊ

ਰਿਚਮੰਡ ਪਲਾਈ ਵੁਡ ਦਾ ਸ਼ੇਅਰ ਵਿਕਾਊ ਹੈ। ਸਾਰਾ ਸਾਲ ਕੰਮ ਕੋਈ ਲੇਆਫ ਨਹੀਂ। 16 ਡਾਲਰ ਘੰਟੇ ਦੀ ਤਨਖਾਹ। ਹੋਰ ਜਾਣਕਾਰੀ ਲਈ ਫੋਨ ਕਰੋ —

ਫੋਨ—270-3862

## ਕੁਲਵੰਤ ਸਿੰਘ ਵਿਰਕ ਰਿਟਾਇਰ ਹੋ ਗਏ

ਲੁਧਿਆਣਾ, 8 ਜੂਨ—ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕੁਮਿਨੀਕੇਸ਼ਨ ਸੈਂਟਰ ਦੇ ਇਨਚਾਰਜ ਸ: ਕੁਲਵੰਤ ਸਿੰਘ ਵਿਰਕ ਰਿਟਾਇਰ ਹੋ ਗਏ ਹਨ। ਸ: ਵਿਰਕ ਨੇ 1970 ਵਿਚ ਇਹ ਅਹੁਦਾ ਸੰਭ ਲਿਆ ਸੀ। ਇਸ ਦੌਰਾਨ ਆਪ ਨੇ ਸਾਬਕ ਮੁਖ ਮੰਤਰੀ ਸ: ਬਾਦਲ ਦੇ ਪ੍ਰੈਸ ਸਕਤਰ ਵਜੋਂ ਵੀ 3 ਸਾਲ ਕੰਮ ਕੀਤਾ ਸੀ।






ਮੰਗਲਵਾਰ ਦੀ ਰਾਤ ਨੂੰ ਚੰਡੀਗੜ੍ਹ 'ਚ ਪੰਜਾਬ ਦੇ ਸਾਬਕਾ ਵਿਤ ਮੰਤਰੀ ਸ੍ਰੀ ਬਲਵੰਤ ਸਿੰਘ ਦੀ ਕੋਠੀ ਦੇ ਲਾਅਨ ਵਿਚ ਬੰਬ ਸੁੱਟਿਆ ਗਿਆ ਥਾਂ 'ਤੇ ਉਲਟੀ ਟੋਕਰੀ ਪਈ ਹੈ।




ਕਰਨੈਲ ਸਿੰਘ 'ਪਾਰਸ' ਉਸਤਾਦ
ਰਾਮੂਵਾਲੀਆ ਭਜੰਗੀ ਪਾਰਟੀ



ਫੋਨ 524-2778 — 524-8861

ਕਲੇਰ ਸਵੀਟ ਸ਼ੌਪ

ਡੈਲਟਾ-ਸਰੀ ਵਿਚ ਮਠਿਆਈ ਦੀ ਦੁਕਾਨ, ਜਿਥੋਂ ਵਿਆਹ ਸ਼ਾਦੀਆਂ ਤੇ ਪਾਰਟੀਆਂ ਲਈ ਵਧੀਆ ਤੇ ਤਾਜੀ ਮਠਿਆਈ ਮਿਲਦੀ ਹੈ —

* ਲੱਡੂ * ਜਲੇਬੀ * ਛੋਲੇ ਭਠੂਰੇ * ਰਸ-ਮਲਾਈ * ਕਬਾਬ * ਗੁਲਾਬ ਜਾਮਨ ਆਦਿ ਹੋਰ ਵੀ ਕਈ ਕਿਸਮ ਦੀਆਂ ਮਠਿਆਈਆਂ ਮਿਲ ਸਕਦੀਆਂ ਹਨ

ਫ਼ੋਨ : 588-5512 ਬਲਬੀਰ ਕਲੇਰ
9371-120th St.(Scott Rd.) Delta, B.C.V4C 6R9

ਰਾਮੂਵਾਲੀਆ ਭਜੰਗੀ ਪਾਰਟੀ ਕਾਕਾ ਹਰਭਜਨ ਸਿੰਘ ਅਤੇ ਕਾਕਾ ਗੁਰਸੇਵਕ ਸਿੰਘ 'ਮਾਨ'। ਸ਼ਗਿਰਦ ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ



ਫੋਨ - 524-2778 — 524-8861

# ਖੇਡ ਦਰਪਣ

## ਨਹਿਰੂ ਫੁਟਬਾਲ ਲਈ ਸੰਸਾਰ ਪ੍ਰਸਿਧ ਟੀਮਾਂ

ਨਵੀਂ ਦਿੱਲੀ— ਅਗਲੇ ਸਾਲ ਜਨਵਰੀ ਵਿਚ ਕਲਕੱਤਾ ਵਿਚ ਹੋਣ ਵਾਲੇ ਤੀਜੇ ਜਵਾਹਰ ਲਾਲ ਨਹਿਰੂ ਕੌਮਾਂਤਰੀ ਫੁਟਬਾਲ ਟੂਰਨਾਮੈਂਟ ਵਿਚ ਅਰਜਨਟਾਈਨਾ, ਯੋਗੋਸਲਵਾਕੀਆ ਵਰਗੀਆਂ ਟੀਮਾਂ ਦੇ ਸੰਸਾਰ ਪ੍ਰਸਿਧ ਖਿਡਾਰੀਆਂ ਦੀ ਖੇਡ ਦੇਖਣ ਨੂੰ ਮਿਲੇਗੀ।

ਕੁਲ ਹਿੰਦ ਫੁਟਬਾਲ ਐਸੋਸੀਏਸ਼ਨ ਦੇ ਸਕੱਤਰ ਅਸ਼ੋਕ ਘੋਸ਼ ਨੇ ਇਥੇ ਪਤਰਕਾਰਾਂ ਨੂੰ ਦਸਿਆ ਕਿ 1978 ਦੇ ਸੰਸਾਰ ਕਪ ਜੇਤੂ ਅਰਜਨਟਾਈਨਾ ਨੇ ਸੱਦਾ ਪ੍ਰਵਾਨ ਕਰ ਲਿਆ ਹੈ ਤੇ ਉਹ ਆਪਣੀ ਟੀਮ ਵਿਚ ਘਟੋ ਘਟ ਚਾਰ ਸੰਸਾਰ ਕਪ ਖਿਡਾਰੀ ਪਾਕੇ ਭੇਜੇਗਾ।

ਯੁਗੋਸਲਵਾਕੀਆ ਤੇ ਚੈਕੋਸਲਵਾਕੀਆ ਸੰਸਾਰ ਕਪ ਵਿਖ ਖੇਡੀਆਂ ਟੀਮਾਂ ਭੇਜਣਗੇ। ਚੀਨ ਤੇ ਦੱਖਣੀ ਕੋਰੀਆ ਨੇ ਵੀ ਆਉਣ ਦੀ ਪੁਸ਼ਟੀ ਕਰ ਦਿੱਤੀ ਹੈ। ਅਫਰੀਕਾ ਚੋਂ ਅਲਜੇਰੀਆ ਜਾਂ ਨਾਈਜੇਰੀਆ ਦੀ ਟੀਮ ਆਏਗੀ।

ਪਹਿਲੇ ਜਵਾਹਰ ਲਾਲ ਕਪ ਟੂਰਨਾਮੈਂਟ ਦਾ ਜੇਤੂ ਉਰੂਗੁਏ ਵੀ ਆ ਰਿਹਾ ਹੈ। ਪੱਛਮੀ ਜਰਮਨੀ, ਇੰਗਲੈਂਡ ਤੇ ਫਰਾਂਸ ਨੂੰ ਵੀ ਸੱਦੇ ਭੇਜੇ ਗਏ ਸੀ ਪਰ ਉਹਨਾਂ ਇਹ ਕਹਿਕੇ ਕਿ "ਟੂਰਨਾਮੈਂਟ ਸਮੇਂ ਦਾ ਮੌਸਮ ਉਹਨਾਂ ਦੇ ਅਨੁਕੂਲ ਨਹੀਂ" ਆਉਣ ਤੋਂ ਨਾਹ ਕਰ ਦਿੱਤੀ।

## ਫੁਟਬਾਲ 'ਚ ਨਵੀਂ 'ਫੂਕ' ਭਰਨ ਦੀ ਕੋਸ਼ਿਸ਼

ਨਵੀਂ ਦਿੱਲੀ—ਭਾਰਤੀ ਫੁਟਬਾਲ 'ਚ ਨਵੀਂ 'ਫੂਕ' ਭਰਨ ਲਈ ਕੁਲ ਹਿੰਦ ਫੁਟਬਾਲ ਫੈਡਰੇਸ਼ਨ ਨੇ ਪ੍ਰੀ-ਉਲੰਪਿਕ ਲਈ ਟੀਮ ਦੀ ਚੋਣ ਵਾਸਤੇ ਖਿਡਾਰੀਆਂ ਦੀ ਸੂਚੀ ਬਣਾ ਕੇ ਦੇਣ ਲਈ ਮਾਹਰਾਂ ਦੀ ਇਕ 9 ਮੈਂਬਰੀ ਕਮੇਟੀ ਬਣਾਈ ਹੈ। ਕਮੇਟੀ ਦੇ ਮੈਂਬਰ ਆਪਣੇ ਵੇਲੇ ਦੇ ਉਘੇ ਖਿਡਾਰੀ ਹਨ।

ਫੈਡਰੇਸ਼ਨ ਦੀ ਵਰਕਿੰਗ ਕਮੇਟੀ ਦੀ ਸਮਾਪਤੀ ਤੋਂ ਬਾਅਦ ਸਕੱਤਰ ਅਸ਼ੋਕ ਘੋਸ਼ ਨੇ ਦੱਸਿਆ ਕਿ ਕਮੇਟੀ ਵਿਚ ਅਰੁਨ ਘੋਸ਼(ਰੇਲਵੇ) ਪ੍ਰਸੰਤਾ ਸਿਨਹਾ (ਭਾਰਤੀ ਫੁਟਬਾਲ ਐਸੋਸੀਏਸ਼ਨ), ਬਰੀਤੋ (ਗੋਆ), ਐਸ. ਏ. ਸਲਾਮ (ਆਂਧਰਾ), ਜਾਨਕੀ ਰਾਮ (ਤਾਮਿਲਨਾਡੂ), ਸਿਮੋਨ ਸੁੰਦਰ ਰਾਜ (ਕੇਰਲਾ), ਅਮਦ ਖਾਨ(ਕਰਨਾਟਕ), ਅਰਜਨ ਸਿੰਘ (ਪੰਜਾਬ) ਅਤੇ ਅਨਵਰ ਯੂਸਫ (ਮਹਾਂਰਾਸ਼ਟਰ) ਸ਼ਾਮਲ ਹਨ। ਇਹਨਾਂ ਨੂੰ ਆਪਣੇ ਆਪਣੇ ਇਨਾਕਿਆਂ ਵਿਚੋਂ ਵਧੀਆ ਖਿਡਾਰੀਆਂ ਦੀ ਸੂਚੀ ਤਿਆਰ ਕਰਕੇ 25 ਜੂਨ ਤੱਕ ਪੇਸ਼ ਕਰਨ ਲਈ ਕਿਹਾ ਹੈ।

* ਵਧੀਆ ਖਿਡਾਰੀਆਂ ਦਾ ਪਤਾ ਲਾਉਣ ਲਈ ਅਰਜਨ ਸਿੰਘ ਤੇ 8 ਹੋਰਾਂ ਦੀ ਡਿਊਟੀ।

* ਸੋਵੀਅਤ ਯੂਨੀਅਨ ਦੇ ਦੌਰੇ ਦਾ ਪ੍ਰੋਗਰਾਮ।

ਹਿੰਦ ਦਾ ਪ੍ਰੀ-ਉਲੰਪਿਕ ਮੈਚ ਸਾਊਦੀ ਅਰਬ ਨਾਲ ਦਿੱਲੀ ਵਿਚ ਹੋਣਾ

ਸ੍ਰੀ ਘੋਸ਼ ਨੇ ਦੱਸਿਆ ਕਿ ਅਰਜਨਟਾਈਨਾ ਨੂੰ ਸਫਰ ਖਰਚਿਆਂ ਤੋਂ ਇਲਾਵਾ ਪ੍ਰਤੀ ਮੈਚ 20 ਹਜ਼ਾਰ ਡਾਲਰ ਦਿਤੇ ਜਾਣਗੇ ਜਦ ਕਿ ਯੂਗੋਸਲਵਾਕੀਆ ਨੂੰ ਪ੍ਰਤੀ ਮੈਚ 10-10 ਹਜ਼ਾਰ ਡਾਲਰ। ਉਰੂਗੁਏ ਪ੍ਰਤੀ ਮੈਚ 20 ਹਜ਼ਾਰ ਡਾਲਰ ਲਏਗਾ।

ਹੈ। ਚੋਣਵੇਂ ਖਿਡਾਰੀਆਂ ਦੀ ਜੁਲਾਈ ਵਿਚ ਬੰਬਈ ਵਿਚ ਐਗਜ਼ੈਕਟਿਵ ਕਮੇਟੀ ਨਾਲ ਇੰਟਰਵਿਊ ਹੋਵੇਗੀ।

ਫੈਡਰੇਸ਼ਨ ਜੁਲਾਈ ਦੇ ਪਹਿਲੇ ਹਫਤੇ ਸ਼ੁਰੂ ਹੋਣ ਵਾਲੇ ਕੋਚਿੰਗ ਕੈਂਪ ਲਈ 30 ਖਿਡਾਰੀ ਚੁਣੇਗੀ। ਫੇਰ ਟੀਮ ਸੋਵੀਅਤ ਯੂਨੀਅਨ ਤੇ ਦੌਰ 'ਤੇ ਜਾਏਗੀ ਜਿਥੇ ਉਹ ਉਸਦੀ ਕੌਮੀ ਟੀਮ ਨਾਲ ਖੇਡੇਗੀ।

ਹਿੰਦ ਦੀ ਟੀਮ ਦਾ ਸੋਵੀਅਤ ਦੌਰਾ ਇਕ ਦਹਾਕੇ ਤੋਂ ਵਧ ਸਮੇਂ ਤੋਂ ਬਾਅਦ ਹੋ ਰਿਹਾ ਹੈ। ਅੰਤਮ ਕੈਂਪ ਸਤੰਬਰ ਦੇ ਦੂਜੇ ਹਫਤੇ ਹੋਵੇਗਾ ਜਿਸ ਵਿਚ ਯੋਗੋਸਲਾਵੀਆ ਦੇ ਕੋਚ ਕੋਚਿੰਗ ਦੇਣਗੇ।

ਸ੍ਰੀ ਘੋਸ਼ ਨੇ ਦੱਸਿਆ ਕਿ ਸਾਊਦੀ ਅਰਬ ਵਿਰੁਧ ਮੈਚ ਨੂੰ ਟੈਲੀਵੀਯਨ ਉਤੇ ਦਿਖਾਉਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਲੰਡਨ ਸਥਿਤ ਇਕ ਇਸ਼ਤਿਹਾਰੀ ਫਰਮ ਮੈਚ ਦਾ ਖਰਚ ਦੇਣ ਲਈ ਸਹਿਮਤ ਹੋ ਗਈ ਹੈ। ਫਰਮ ਦੋ ਲੱਖ ਰੁਪਏ ਦੇ ਬਰਾਬਰ ਦੀ ਬੇਦਸ਼ੀ ਕਰੰਸੀ ਦੇਵੇਗੀ।

## ਸੈਫ ਕਰਤਾਰ ਹੱਥੋਂ ਚਹੁੰ ਮਿੰਟਾਂ'ਚ ਚਿੱਤ



ਜਲੰਧਰ (ਨ ਜ਼. ਸ) ਰੁਸਤਮੇ ਹਿੰਦ ਕਰਤਾਰ ਸਿੰਘ ਨੇ ਕਲ੍ਹ ਬਿਜਨੋਰ (ਯੂ.ਪੀ) ਵਿਖ ਇਕ ਚੈਲਿੰਜ ਮੁਕਾਬਲੇ ਵਿਚ ਪਾਕਿਸਤਾਨ ਦੇ ਮੁਹੰਮਦ ਸੈਫ ਨੂੰ 4 ਮਿੰਟਾਂ ਵਿਚ ਉਲਦ ਦਿਤਾ.

ਇਸ ਦੰਗਲ ਨੂੰ 20 ਹਜ਼ਾਰ ਦੇ ਕਰੀਬ ਦਰਸ਼ਕਾਂ ਨੇ ਦੇਖਿਆ.

ਕਰਤਾਰ ਸਿੰਘ, ਜਿਹੜੇ ਕਿ ਅੱਜ ਕਲ੍ਹ ਪੀ.ਏ.ਪੀ. (ਜਲੰਧਰ) ਵਿਚ ਡੀ. ਐਸ. ਪੀ. ਹਨ, ਨੇ ਪਿਛੇ ਜਿਹੇ ਚੈਲਿੰਜ ਕੀਤਾ ਸੀ ਕਿ ਹਿੰਦ ਦਾ ਕੋਈ ਵੀ ਪਹਿਲਵਾਨ ਉਸ ਨਾਲ ਘੁਲ ਸਕਦਾ ਹੈ. ਸੈਫ ਚੈਲਿੰਜ ਪਰਵਾਨ ਕਰ ਕੇ ਪਾਕਿਸਤਾਨ ਤੇ ਬਿਜਨੋਰ ਪੁਜਾ ਸੀ.


MANN PHOTO STUDIO

6512 MAIN St.(49th AVE)
VANCOUVER, B.C. V5X 1A5




Passport, Citizen, Visa, License Photo
Colour or B/W 5 Minutes Service
We Sell Batteires and 110-220 V. Radio, Taperecorders

Portraits, Parties, Wedding, Family or Group Photos :
Call Gurpal Mann :- 321-6667

Also best quality recorded cassettess
Hindi and Punjabi

Shabad Kirtan, Folksongs, Qwwalies, Hindi old or New Filmi Songs, Disco Songs, etc.

Our Speciality :— We can record your choice of songs on your request
Make a list and mail to

MANN MUSIC & VIDEO
6512 Main St.(Punjabi Market)
Vancouver, B.C. V5X 1A5
Ph: (604)321-6667


## ਛੇ ਛੇ ਡੇਲੀਗੇਟਾਂ ਦਾ ਖਰਚ ਉਲੰਪਿਕ ਕਮੇਟੀ ਸਹੇਗੀ



ਨਵੀਂ ਦਿਲੀ —(ਯੂ. ਐਨ. ਆਈ.) ਕੌਮਾਂਤਰੀ ਉਲੰਪਿਕ ਕਮੇਟੀ ਹਰੇਕ ਕੌਮੀ ਉਲੰਪਿਕ ਕਮੇਟੀ ਦੇ ਛੇ ਡੇਲੀਗੇਟਾਂ (4 ਐਥ-ਲੀਟ ਤੇ ਦੋ ਅਧਿਕਾਰੀ) ਦਾ ਖਰਚ ਸਹਿਨ ਕਰੇਗੀ. ਇਸ ਤੋਂ ਇਲਾਵਾ ਉਹ ਲਾਸਏਂਜਲਜ਼ ਉਲੰਪਿਕ ਲਈ ਸਾਰੇ ਕੌਮਾਂਤਰੀ ਜੱਜਾਂ ਤੇ ਰੈਫਰੀਆਂ ਦੇ ਆਉਣ ਜਾਣ ਤੇ ਰਹਿਣ ਸਹਿਣ ਦੇ ਖਰਚ ਵੀ ਸਹੇਗੀ.

ਕੌਮਾਂਤਰੀ ਉਲੰਪਿਕ ਕਮੇਟੀ ਦੀ ਐਗਜ਼ੈਕਟਿਵ, ਜਿਸ ਨੇ ਲੋਸਾਨਾ ਵਿਚ ਇਸ ਮਹੀਨੇ ਦੀ ਆਪਣੀ ਪਹਿਲੀ ਮੀਟਿੰਗ ਕੀਤੀ, ਨੇ ਤਿੰਨ 'ਉਲੰਪਿਕ ਆਰਡਰ' ਪ੍ਰਵਾਨ ਕੀਤੇ ਅਤੇ ਲਾਸ ਏਂਜਲਸ ਉਲੰਪਿਕ ਖੇਡਾਂ ਦੀ ਜਥੇਬੰਦਕ ਕਮੇਟੀ ਦੀ ਤਿਆਰੀਆਂ ਬਾਰੇ ਰੀਪੋਰਟ ਦਾ ਰੀਵੀਊ ਕੀਤਾ.

ਇਸ ਤੋਂ ਇਲਾਵਾ ਕੌਮਾਂਤਰੀ ਉਲੰਪਿਕ ਕਮੇਟੀ ਦੇ ਪਰਧਾਨ ਕੌਮਾਂਤਰੀ ਜਿਮਨਾਸਟਿਕ ਫੈਡਰੇਸ਼ਨ ਆਨਰੇਰੀ ਮੈਂਬਰ ਚੁਣੇ ਗਏ.

ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਮੈਡੀਕਲ, ਸਪੋਰਟਸ ਅੰਕੜਾ ਬੈਂਕ ਦੀ ਕਾਇਮੀ ਅਤੇ 1988 ਦੀ ਸਿਉਲ ਉਲੰਪਿਕ ਲਈ ਅਧਿਕਾਰੀਆਂ ਤੇ ਜੱਜਾਂ ਦੀ ਟਰੇਨਿੰਗ ਦੇ ਮਾਮਲੇ ਵੀ ਵਿਚਾਰੇ ਗਏ.

ਕਮੇਟੀ 29 ਮਈ 1984 ਨੂੰ ਲੌਸਾਂਕਾ ਵਿਚਲੇ ਆਪਣੇ ਹੈਡ-ਕੁਆਰਟਰ ਵਿਚ ਮੁੜ ਜੁੜੇਗੀ.

## ਅੰਮ੍ਰਿਤਸਰ'ਚਲੇਡੀ ਟੀਚਰਨੇ 3ਬਚਿਆਂ ਸਣੇ:ਖੁਦਕਸ਼ੀ ਕੀਤੀ

ਅੰਮ੍ਰਿਤਸਰ —(ਪੀ. ਟੀ. ਆਈ) ਬੀਤੀ ਰਾਤ ਸ਼ਹਿਰ ਦੇ ਬਾਹਰੀ ਹਿਸੇ ਫਤਹਗੜ ਸ਼ੁਕਰਚਕ ਵ੍ਹਿਚ ਇਕ ਲੇਡੀ ਸਕੂਲ ਟੀਚਰ ਨੇ ਆਪਣੇ ਤਿੰਨ ਬਚਿਆਂ ਸਮੇਤ ਜਿਸ ਵਿਚ ਦੋ ਲੜਕੀਆਂ ਤੇ ਇਕ ਲੜਕਾ ਸ਼ਾਮਲ ਹੈ ਨੂੰ ਅਗ ਲਾ ਕੇ ਖੁਦਕਸ਼ੀ ਕਰ ਲਈ ਪੁਲੀਸ ਰੀਪੋਰਟ ਅਨੁਸਾਰ ਔਰਤ ਨੇ ਆਪਣੇ ਪਤੀ ਨਾਲ ਲੜਕੇ ਕਮਰੇ ਵਿਚ ਬੰਦ ਹੋ ਕੇ ਉਸ ਨੂੰ ਅਗ ਲਾ ਦਿਤੀ।

## ਖਾਲੀ ਸਟੇਡੀਅਮ 'ਚ ਫੁਟਬਾਲ ਨਹੀਂ ਖੇਡਿਆ ਜਾ ਸਕਦਾ

### ਅਮਰੀਕਾ ਨੂੰ ਉੱਤਰ



ਮੈਕਸੀਕੋ, 19 ਜੂਨ—(ਏ.ਪੀ,) ਫੁਟਬਾਲ ਐਸੋਸੀਏਸ਼ਨਾਂ ਦੀ ਕੌਮਾਂਤਰੀ ਫੈਡਰੇਸ਼ਨ (ਫੀਫਾ) ਦੇ ਪ੍ਰਧਾਨ ਨੇ ਕਿਹਾ ਹੈ ਕਿ 1986 ਵਿਚ ਅਮਰੀਕਾ ਵਲੋਂ ਸੰਸਾਰ ਕਪ ਮੁਕਾਬਲਾ ਕਰਾਉਣ ਦੀ ਬੇਨਤੀ ਇਸ ਕਰਕੇ ਰੱਦ ਕੀਤੀ ਗਈ ਕਿਉਂਕ ਅਮਰੀਕੀ ਲੋਕਾਂ ਤੋ ਫੁਟਬਾਲ ਲਈ ਲੋੜੀਂਦੀ ਹਮਾਇਤ ਨਹੀਂ ਮਿਲ ਸਕਦੀ.

ਜੋਆਓ ਹੈਵਲੇਂਜੇ ਨੇ ਕਲ ਇਥੇ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਅਮਰੀਕੀ ਅਧਿਕਾਰੀਆਂ ਨੇ ਸੰਚਾਰ, ਟਰਾਂਸਪੋਰਟ, ਹੋਟਲ, ਟੇਲੀਵੀਜਨ ਵਗੈਰਾ ਸਾਰੀਆਂ ਗਲਾਂ ਦਾ ਦਾਅਵਾ ਕੀਤਾ ਸੀ ਪਰ ਅਮਰੀਕੀ ਫੁਟਬਾਲ ਸਟੇਡੀਅਮ ਨਹੀਂ ਭਰ ਸਕਦੇ."

## ਘਾਨਾ ਵਿਚ ਰਾਜ ਪਲਟੇ ਦਾ ਯਤਨ

ਲੰਡਨ (ਏ. ਪੀ.)— ਘਾਨਾ ਵਿਚ ਫੌਜੀ ਰਾਜ ਪਲਟਾ ਹੋ ਜਾਣ ਦੀ ਖਬਰ ਹੈ,

ਰਾਜ ਪਲਟੇ ਦਾ ਦਾਅਵਾ ਕਰਨ ਵਾਲੀਆਂ ਫੌਜਾਂ ਨੇ ਸਰਕਾਰੀ ਰੇਡੀਓ ਉਤੇ ਕਬਜੇ ਤੋਂ ਬਾਦ ਇਕ ਅਪੀਲ ਵਿਚ ਸਰਕਾਰੀ ਫੌਜਾਂ ਨੂੰ ਹਥਿਆਰ ਸੁਟ ਦੇਣ ਲਈ ਕਿਹਾ ਹੈ.

ਪਰੰਤੂ ਅਕਾਰਾ ਰੇਡੀਓ ਸਟੇਸ਼ਨ ਤੋਂ ਇਕ ਪ੍ਰਸਾਰਨ ਵਿਚ ਕਿਹਾ ਗਿਆ ਹੈ ਕਿ ਸਰਕਾਰੀ ਫੌਜ ਨੇ ਮੁੜ ਤੋਂ ਰੇਡੀਓ ਸਟੇਸ਼ਨ ਉਤੇ ਕਬਜ਼ਾ ਕਰ ਲਿਆ ਹੈ ਅਤੇ ਸਰ-ਕਾਰ ਦਾ ਪੂਰਾ ਕੰਟਰੋਲ ਹੈ.

● ਲੋਕ ਦਲ ਵਲੋਂ ਜਗਜੀਵਨ ਰਾਮ ਦੀ ਅਗਵਾਈ ਵਾਲੀ ਕਾਂਗਰਸ ਨਾਲ ਏਕਤਾ ਲਈ ਜ਼ੋਰਦਾਰ ਯਤਨ.

● ਦੱਖਣ ਪੱਛਮੀ ਮੌਨਸੂਨ ਮਿਜ਼ੋਰਾਮ, ਤ੍ਰੀਪੁਰਾ, ਮਨੀਪੁਰ ਅਤੇ ਦੱਖਣੀ ਆਸਾਮ ਵਿਚ ਦਾਖਲ ਹੋ ਗਈ ਹੈ.



## ਫ਼ਿਲਮ ਦਰਪਣ

# ਪ੍ਰਸਿੱਧ ਐਕਟਰ ਦਲੀਪ ਕੁਮਾਰ ਵੈਨਕੂਵਰ ਵਿਚ



ਫਰੰਟੀਅਰ ਕਲਾਥ ਹਾਊਸ ਦੇ ਸੁਸ਼ੀਲ ਬੱਤਰਾ, ਦਲੀਪ ਕੁਮਾਰ ਆਟੋਗਰਾਫ ਦਿੰਦੇ ਹੋਏ



'ਕੈਨੇਡਾ ਦਰਪਣ' ਦੇ ਮੁਖ ਸੰਪਾਦਕ ਦਰਸ਼ਨ ਗਿੱਲ ਦਲੀਪ ਕੁਮਾਰ ਦੇ ਨਾਲ



'ਕੈਨੇਡਾ ਦਰਪਣ' ਦੇ ਸੰਪਾਦਕ ਹਰਭਜਨ ਸਿੰਘ ਦਿਓਲ ਤੇ ਓਵਰਸੀਜ਼ ਟਾਈਮਜ਼ ਦੇ ਬੇਨ ਸ਼ਰਮਾ ਤੇ ਹੋਰ ਦਰਸ਼ਕ ਦਲੀਪ ਕੁਮਾਰ ਨਾਲ



ਐਡਵਾਂਸ ਡਰਾਈਵਿੰਗ ਸਕੂਲ ਦੇ ਬਾਬੂ ਬਾਂਸਲ ਤੇ ਹੋਰ ਦਰਸ਼ਕ ਦਲੀਪ ਕੁਮਾਰ ਨਾਲ

## ਇਹ ਬੰਬਈ ਹੈ

ਖਬਰ ਹੈ ਕਿ ਹਿੰਦੀ ਫਿਲਮਾਂ ਦੀ ਮਸ਼ਹੂਰ ਹੀਰੋਇਨ ਰੀਨਾ ਰਾਇ ਛੇਤੀ ਹੀ ਫਿਲਮਾਂ ਤੋਂ ਰਿਟਾਇਰ ਹੋ ਰਹੀ ਹੈ ਕਿਉਂਕਿ ਉਹ ਵਿਆਹ ਕਰਵਾ ਕੇ ਆਪਣੇ ਆਦਮੀ ਕੋਲ ਬਦੇਸ਼ ਵਿਚ ਰਹਿਣ ਲਗ ਪਵੇਗੀ, ਨਾਲ ਅਤੇ ਨਾ ਹੀ ਵਿਨੋਦ ਨਾਲ ਵਿਆਹ ਕਰਾਏਗੀ ਸਗੋਂ ਉਸ ਦੀਆਂ ਲਾਵਾਂ ਹੋਣਗੀਆਂ ਤਾਂ ਡੈਨੀ ਡੈਂਜਾਂਗੱਪਾ ਨਾਲ. ਕਿਹਾ ਜਾਂਦਾ ਹੈ ਕਿ ਡੈਨੀ ਤੇ ਰੀਨਾ ਅਜ ਕਲ ਆਮ ਹੀ ਫਿਲਮੀ ਤੇ ਗੈਰ ਫਿਲਮੀ ਨਹੀਂ ਕੀਤਾ. ਭਾਵੇਂ ਕਿ ਕਈ ਫਿਲਮ ਸਟਾਰ ਇਹਨਾਂ ਮੌਕਿਆਂ ਤੇ ਮੌਜੂਦ ਸਨ. ਜਦੋਂ ਕਿ ਮਜ਼ਹਰ ਕੋਲ ਉਸਦੇ ਵਧੀਆ ਮਿੱਤਰਾਂ ਕੁਮਾਰ ਗੌਰਵ (ਗੌਰਵ ਕਾਹਲੀ ਕਾਹਲ ਆਇਆ, ਮਜ਼ਹਰ ਨੂੰ ਮਿਲਿਆ ਤ

# ਸਲਮਾ ਆਗ਼ਾ ਸਿਮੀ ਦੇ ਰਾਸ ਨਾ ਆਈ

ਰੀਨਾ ਕੀਹਦੇ ਨਾਲ ਅਨੰਦ ਕਾਰਜ ਰਚਾਏਗੀ ? ਇਸ ਬਾਰੇ ਕਈ ਚਰਚੇ ਚਲ ਰਹੇ ਹਨ. ਰੀਨਾ ਦੇ ਪ੍ਰੀਵਾਰਕ ਵਸੀਲਿਆਂ ਦਾ ਕਹਿਣਾ ਹੈ ਕਿ ਉਹ ਪਾਕਿਸਤਾਨ ਦੇ ਓਪਨਰ ਸਟਾਰ ਬੈਟਸਮੈਨ ਮੋਹਸਿਨਖਾਨ ਨਾਲ 25 ਜੂਨ ਤੋਂ ਬਾਅਦ ਵਿਆਹ ਕਰਵਾ ਲਏਗੀ ਜਦੋਂ ਮੋਹਸਿਨਖਾਨਸੰਸਾਰ ਕੱਪਕ੍ਰਿਕਟ ਟੂਰਨਾਮੈਂਟ ਖੇਡ ਕੇ ਬਰਤਾਨੀਆਂ ਤੋਂ ਵਾਪਸ ਮੁੜ ਆਏਗਾ. ਕੁਝ ਲੋਕ ਕਹਿੰਦੇ ਹਨ ਕਿ ਰੀਨਾ ਰਾਇ ਅਮਰੀਕਾ 'ਚ ਜਾ ਵਸੇ ਭਾਰਤੀ ਫਿਲਮ ਸਟਾਰ ਵਿਨੋਦ ਖੰਨਾ ਨਾਲ ਬਿਆਹ ਕਰਾਵੇਗੀ ਆਪਣੀ ਦਲੀਲ ਦੀ ਹਮਾਇਤ 'ਚ ਉਹ ਕਹਿੰਦੇ ਹਨ ਕਿ ਜਦੋਂ ਰੀਨਾ ਦੇ ਆਸ਼ਕ ਸ਼ਤਰੂਘਨ ਸਿਨਹਾ ਨੇ ਆਪਣੀ ਪਹਿਲੀ ਪ੍ਰੇਮਕਾ ਪੂਨਮ ਨਾਲ ਵਿਆਹ ਕਰਵਾ ਲਿਆ ਤਾਂ ਇਹ ਵਿਨੋਦਖੰਨਾ ਹੀ ਸੀ, ਜਿਸ ਨੇ ਉਸ ਦੇ ਟੁਟੇ ਦਿਲ ਨੂੰ 'ਹਮਦਰਦੀ' ਤੇ ਪਿਆਰ ਨਾਲ ਮੁੜ ਜੋੜਿਆ ਤੇ ਆਪਣੇ 'ਗੁਰੂ' ਅਚਾਰੀਆ ਰਜਨੀਸ਼ ਕੋਲ ਲਿਜਾ ਕੇ ਉਸ ਨੂੰ ਮਾਨਸਿਕ ਚੈਨ ਦਾ ਰਾਹ ਵਿਖਾਇਆ. ਕੁਝ ਲੋਕ ਤਾਂ ਇਹ ਵੀ ਕਹਿ ਰਹੇ ਹਨ ਰੀਨਾ ਨਾ ਮੋਹਿਸਨ

ਪਾਰਟੀਆਂ ਵਿਚ ਤੇ ਹੋਰਨੀਂ ਥਾਈਂ ਇਕਠੇ ਵੇਖੇ ਜਾਂਦੇ ਹਨ.

—0—

ਬਹੁਤ ਸਮਾਂ ਪਹਿਲਾਂ ਧਰਮਿੰਦਰ ਨੇ ਉਸਤਾਦ ਹਦਾਇਤਕਾਰ ਰਿਸ਼ੀ ਕੇਸ਼ ਮੁਖਰਜੀ ਨੂੰ ਲੈ ਕੇ ਇਕ ਫਿਲਮ ਬਨਾਉਣ ਦੀ ਜੁਰਅਤ ਕੀਤੀ ਸੀ, ਜਿਸ ਦਾ ਨਾਂਅ ਸੀ 'ਸਤਿਆਕਾਮ'. ਇਹ ਫਿਲਮ ਦੇਸ਼ ਦੇ ਹਰ ਸੋਝੀ ਵਾਲੇ ਵਿਅਕਤੀ ਵਲੋਂ ਸਰਾਹੇ ਜਾਣ ਦੇ ਬਾਵਜੂਦ ਫਲਾਪ ਹੋ ਗਈ ਸੀ. ਧਰਮਿੰਦਰ ਨੇ ਉਦੋਂ ਕਿਹਾ ਸੀ, 'ਸਤਿਆਕਾਮ' ਭਾਵੇਂ ਫਲਾਪ ਹੋ ਗਈ ਹੈ, ਪਰ ਜੇ ਸੁਖ ਰਹੀ ਤਾਂ ਉਹ ਜ਼ਰੂਰ ਇਕ ਹੋਰ 'ਸਤਿਆਕਾਮ' ਬਣਾਏਗਾ'. ਹੁਣ, ਕਈਆਂ ਵਰ੍ਹਿਆਂ ਬਾਅਦ ਧਰਮਿੰਦਰ ਨੇ ਅਵਾਰਡ ਜੇਤੂ ਡਾਇਰੈਕਟਰ ਸਾਈਂ ਪ੍ਰਾਂਜਪੇ ਅਤੇ ਹੀਰੋਇਨ ਸ਼ਬਾਨਾ ਆਜ਼ਮੀ ਨੂੰ ਨਾਲ ਲੈ ਕੇ ਇਕ ਫਿਲਮ ਬਨਾਉਣ ਦਾ ਐਲਾਨ ਕੀਤਾ ਹੈ ਜਿਸ ਦਾ ਨਾਂਅ ਹੈ "ਬਿਛੂ". —0—

ਰਾਜ ਕਿਰਨ ਅਤੇ ਮਜ਼ਹਰ ਖਾਨ ਨੇ ਪਿਛਲੇਮਹੀਨੇ ਵਿਆਹ ਕਰਵਾਲਏ ਅਤੇ ਹੈਰਾਨੀ ਦੀ ਗਲ ਹੈ ਕਿ ਉਨ੍ਹਾਂ ਦੋਹਾਂ ਵਿਚੋਂ ਕਿਸੇ ਦੇ ਵਿਆਹ ਨੇ ਵੀ ਬਹੁਤ ਉਤਸ਼ਾਹ ਜਾਂ ਸਮਾਂ ਖੜਾ ਆਪਣੀ ਸਾਬਕ ਮੰਗੇਤਰ ਰੀਮਾ ਕਪੂਰ ਵਲ ਇਕ ਝਾਤ ਪਾਈ ਤੇ ਛੇਤੀ ਛੇਤੀ ਵਾਪਸ ਮੁੜ ਗਿਆ) ਅਤੇ ਰਿਸ਼ੀ ਤੇ ਨੀਤੂ ਕਪੂਰ ਨਾਲ ਖੁਸ਼ ਸੀ, ਰਾਜ ਕਿਰਨ ਦੇ ਵਿਆਹ ਤੇ ਵਡੇ ਵਡੇ ਫਿਲਮ ਸਾਜ਼ ਐਲ-ਵੀ ਪ੍ਰਸਾਦ, ਰਮੇਸ਼ ਸਿਪੀ, ਗੁਲਸ਼ਨ ਰਾਇ ਸ਼ਕਤੀ ਸਮੰਤ ਰਮੇਸ਼ ਬਹਿਲ ਆਦਿ ਮੌਜੂਦ ਸਨ ਤਾਂ ਵੀ ਸੰਜੀਵ ਕਪੂਰ ਤੇ ਸ਼ਬਾਨਾ ਆਜ਼ਮੀ ਦੀ ਹਾਜ਼ਰੀਨਾਲ ਰਾਜ ਮਜ਼ਹਰ ਤੋਂ ਇਕ ਕਦਮ ਅੱਗੇ ਵਧ ਗਿਆ.

—0—

ਰੀਨਾ ਕੀਹਦੇ ਨਾਲ ਲਾਵਾਂ ਲਏਗੀ ★ ਧਰਮਿੰਦਰ 'ਬਿੱਛੂ' ਬਣਾਏਗਾ ★ ਰਾਜ ਕਿਰਨ ਅਤੇ ਮਜ਼ਹਰ ਖਾਨ ਦਾਵਿਆਹ ★ ਰਾਜ ਕੁਮਾਰ ਦਾ ਗੰਜ ਨੰਗਾ ★ ਜ਼ੀਨਤ ਦੇ ਮਤਰੇਏ ਮਾਪੇ ਸਾਇਰਾ ਭਰਾ-ਭਾਬੀ ਨਾਲ ਗੁਸੇ ★ ਸ੍ਰੀ ਦੇਵੀ ਦੀ ਦੂਜੀ ਵੇਰਨ ★ ਅਨੀਤਾ ਰਾਜ ਦੀ ਸਫਾਈ

ਜੇ ਸਲਮਾ ਆਗਾ, ਇੰਜ ਹੀ ਖਰਵੀ ਤੇ ਅੱਖੜ ਬਣੀ ਰਹੀ ਤਾਂ ਛੇਤੀ ਹੀ ਉਸਨੂੰ ਪਤਾ ਲਗ ਜਾਵੇਗਾ, ਉਸ ਦੇ ਅੱਖੜ ਸੁਭਾਅ ਨਾਲ ਉਸ ਦੀ ਪੁਛ-ਪ੍ਰਤੀਤ ਉਹੋ ਜਿਹੀ ਨਹੀਂ ਰਹੇਗੀ. ਸਲਮਾ ਆਗਾ ਨੇ ਸਿਮੀ ਗਰੇਵਾਲ ਦੀ ਡਾਇਰੈਕਸ਼ਨ ਵਿਚ ਬਣਨ ਵਾਲੀ ਪਹਿਲੀ ਫਿਲਮ ਸਬੰਧੀ ਹੀ ਇਹੋ ਜਿਹਾ ਅੱਖੜ ਰਵੱਈਆ ਅਪਣਾਇਆ ਕਿ ਐਕਟਰੈੱਸ-ਡਾਇਰੈਕਟਰ ਆਪਣੇ ਫੈਸਲੇ ਤੇ ਮੁੜ ਸੋਚ-ਵਿਚਾਰ ਕਰਨ ਲਈ ਮਜ਼ਬੂਰ ਹੋ ਗਈ ਅਤੇ ਉਸ ਨੇ ਸਟਾਰ ਕਾਸਟ ਹੀ ਬਦਲ ਕੇ ਸਲਮਾ ਆਗਾ ਨੂੰ ਫਿਲਮ ਵਿਚੋਂ ਕੱਢ ਦਿਤਾ. ਸਿਮੀ ਨੇ ਗੰਭੀਰਤਾ ਨਾਲ ਆਖਿਆ "ਮੈਨੂੰ ਖੁਸ਼ੀ ਹੈ ਕਿ ਮੈਨੂੰ ਐਨ ਸ਼ੁਰੂ ਵਿਚ ਹੀ ਪਤਾ ਲਗ ਗਿਆ ਕਿ ਸਲਮਾ ਨਾਲ ਕੰਮ ਕਰਨਾ ਕਿੰਨਾ ਔਖਾ ਹੈ. ਮੈਂ ਨਹੀਂ ਚਾਹੁੰਦੀ ਕਿ ਜਦੋਂ ਮੇਰੀ ਫਿਲਮ ਇਕ ਵਾਰ ਸ਼ੁਰੂ ਹੋ ਜਾਵੇ ਤਾਂ ਉਸ ਵਿਚ ਕੋਈ ਅੜਿੱਚਣ ਪਵੇ. ਪਰ ਫੇਰ, ਅਜੇ ਸਿਮੀ ਵਲੋਂ ਸਲਮਾ ਦੀ ਥਾਂ ਉਤੇ ਅਨੁਰਾਧਾ ਨੂੰ ਲਿਆਂ ਥੋੜ੍ਹਾ ਚਿਰ ਹੀ ਹੋਇਆ ਸੀ, ਤੇ ਫਿਲਮੀ ਦੁਨੀਆਂ ਵਿਚ ਜਦੋਂ ਇਸ ਫਿਲਮ ਦੀ ਸ਼ਾਨਦਾਰ ਸਕਰਿਪਟ ਅਤੇ ਇਸ ਦੇ ਜਾਨਦਾਰ ਹੀਰੋਜ਼ (ਮਿਥੁਨ ਚਕਰਵਰਤੀ ਅਤੇ ਮਾਰਕ ਜ਼ੁਬੇਰ) ਦੀ ਗੱਲ ਚੱਲੀ, ਤਾਂ ਮਿਸ ਸਲਮਾ ਆਗਾ ਨੇ ਮਿਸ ਗਰੇਵਾਲ ਨੂੰ ਇਕ ਪੱਤਰ ਲਿਖ ਕੇ ਅਫਸੋਸ ਪ੍ਰਗਟ ਕੀਤਾ, ਮੁਆਫੀ ਮੰਗੀ

ਐਕਸੀਡੈਂਟਾਂ ਵਿਚ ਸੱਟਾਂ ਲੱਗਣ ਦੇ ਇਨਸ਼ੋਰੈਂਸ ਦੇ ਕੇਸਾਂ ਲਈ

**ਉਜੱਲ ਦੁਸਾਂਝ ਅਤੇ ਮਹਿਬੂਬ ਪਿਰਾਨੀ**

(ਦੁਸਾਂਝ ਐਂਡ ਪਿਰਾਨੀ) ਵਕੀਲ ਨੂੰ ਮਿਲੋ ਜਾਂ ਫੋਨ ਕਰੋ

**327-6381**

#202-5887 ਵਿਕਟੋਰੀਆ ਡਰਾਈਵ, ਵੈਨਕੂਵਰ

# ਭਿੰਡਰਾਂਵਾਲਾ ਅਮਨ ਨਹੀਂ, ਤਾਕਤ ਹਥਿਆਉਣਾ ਚਾਹੁੰਦਾ ਹੈ

—ਸੀਮਾ ਮੁਸਤਫਾ—

ਸੀਮਾ ਮੁਸਤਫਾ ਨੇ ਪਿਛਲੇ ਦਿਨੀਂ ਸੰਤ ਲੌਂਗੋਵਾਲ, ਭਿੰਡਰਾਂਵਾਲੇ ਤੇ ਬਲਬੀਰ ਸਿੰਘ ਸੰਧੂ ਨਾਲ ਮੁਲਾਕਾਤ ਕੀਤੀ ਸੀ ਜੋ ਕਲਕਤਾ ਦੇ ਰਵੀਵਾਰ ਰਿਸਾਲੇ ਵਿਚ ਛਪੀ ਹੈ. ਅਸੀਂ ਉਸ ਨੂੰ ਏਥੇ ਛਾਪ ਰਹੇ ਹਾਂ. —ਸੰਪਾਦਕ

ਹਰਮੰਦਰ ਸਾਹਿਬ ਦਾ ਸ਼ਹਿਰ ਅੰਮ੍ਰਿਤਸਰ ਜੋ ਹਿੰਦੂਆਂ ਤੇ ਸਿੱਖਾਂ ਦੋਹਾਂ ਦਾ ਧਾਰਮਕ ਕੇਂਦਰ ਮੰਨਿਆ ਜਾਂਦਾ ਹੈ ਅਜ ਖਿਚੋਤਾਣ, ਸਾਜ਼ਸ਼ਾਂ, ਕਤਲਾਂ ਦਾ ਸ਼ਹਿਰ ਸਮਝਿਆ ਜਾਣ ਲੱਗਾ......ਹਰਮੰਦਰ ਸਾਹਿਬ ਜਿਥੇ ਸਾਰੇ ਦੇਸ਼ 'ਚੋਂ ਹਜ਼ਾਰਾਂ ਸ਼ਰਧਾਲੂ ਸੀਸ ਨਿਵੌਣ ਆਉਂਦੇ ਸਨ ਅਕਾਲੀ ਅਤਿਵਾਦੀਆਂ ਦਾ ਕੇਂਦਰ ਬਣ ਗਿਆ ਹੈ. ਹਰਮੰਦਰ ਸਾਹਿਬ ਦੀਆਂ ਹਦਾਂ ਅੰਦਰ ਸਿੱਖ ਅਤਿਵਾਦੀ ਅਤੇ ਗੈਰ-ਸਮਾਜੀ ਅਨਸਰ ਜੋ ਪੁਲਸ ਨੂੰ ਦਰਕਾਰ ਹੈ ਪਨਾਹ ਲਈ ਬੈਠਾ ਹੈ. ਇਕ ਪੁਲਸ ਅਫਸਰ ਅਨੁਸਾਰ ਹਰਮੰਦਰ ਸਾਹਿਬ ਪੰਜਾਬ ਰਾਜ ਅੰਦਰ ਇਕ ਵਖਰਾ ਰਾਜ ਹੈ.

ਅਤਿਵਾਦੀ ਆਪਣੇ ਐਕਸ਼ਨ ਗੁਰੂ ਨਾਨਕ ਨਿਵਾਸ ਦੇ ਅੰਦਰ ਪਲੈਨ ਕਰਦੇ ਹਨ. ਇਹ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਹੈਡ ਕੁਆਟਰ ਵੀ ਹੈ. ਉਹ ਆਪਣੇ ਆਪ ਨੂੰ "ਧਾਰਮਕ ਆਗੂ" ਕਹਿੰਦਾ ਹੈ ਪਰ ਉਸ ਦੇ ਇਰਦ ਗਿਰਦ ਪਵਿੱਤਰ ਗਰੰਥ ਨਹੀਂ ਸਗੋਂ ਪਸਤੌਲ, ਕਾਰਬਾਈਨ ਤੇ ਤਲਵਾਰਾਂ ਨਾਲ ਲੈਸ ਬੰਦੇ ਹਨ. ਸੰਤ ਆਪਣੇ ਪੈਰੋਕਾਰਾਂ ਨੂੰ ਬੇਲਾਇਸੰਸੇ ਹਥਿਆਰ ਰੱਖਣ ਅਤੇ ਲੋੜ ਪੈਣ ਉਤੇ ਵਰਤਣ ਦਾ ਪਰਚਾਰ ਕਰਦਾ ਹੈ.

ਇਸੇ ਗੁਰੂ ਨਾਨਕ ਨਿਵਾਸ ਅੰਦਰ ਬਲਬੀਰ ਸਿੰਘ ਸੰਧੂ ਰਹਿੰਦਾ ਹੈ ਜੋ ਆਪਣੇ ਆਪ ਨੂੰ ਖਾਲਿਸਤਾਨ ਦੀ ਕੌਮੀ ਕੌਂਸਲ ਦਾ ਜਨਰਲ ਸਕੱਤਰ ਆਖਦਾ ਹੈ ਉਹ ਏਥੇ 1981 ਤੋਂ ਕਮਰਾ ਨੰਬਰ 32 ਵਿਚ ਰਹਿੰਦਾ ਹੈ ਜਦ ਉਸ ਨੇ "ਖਾਲਿਸਤਾਨ ਦਾ ਪਾਸਪੋਰਟ ਜਾਰੀ ਕੀਤਾ ਸੀ. ਇਸ ਕਮਰੇ ਦੀ ਇਕ ਕੰਧ ਉਤੇ ਖਾਲਿਸਤਾਨ ਦਾ ਨਕਸ਼ਾ ਲਟਕ ਰਿਹਾ ਹੈ ਜਿਸ ਉਤੇ ਲਿਖਿਆ ਹੈ ਕਿ "ਆਪਣੇ ਆਪ ਕੋਈ ਰਾਜ ਨਹੀਂ ਛਡਦਾ, ਇਹ ਖੋਹਣਾ ਹੀ ਪੈਂਦਾ ਹੈ".

ਗੁਰੂ ਨਾਨਕ ਨਿਵਾਸ ਦੇ ਕਮਰਿਆਂ ਅੰਦਰ ਸਟੈਨਗੰਨਾਂ ਤੇ ਹੋਰ ਮਾਰੂ ਹਥਿਆਰ ਮੰਜਿਆਂ ਉਤੇ ਪਏ ਹਨ ਅਤੇ ਹਰ ਕਮਰੇ ਅੰਦਰ ਪੰਜ ਛੇ ਆਦਮੀ ਰਹਿੰਦੇ ਹਨ. ਜੋ ਬੀਬੀਆਂ ਨਿਵਾਸ ਵਿਚ ਰਹਿੰਦੀਆਂ ਹਨ ਉਹ ਵੀ ਕਿਰਪਾਨ-ਧਾਰੀ ਹਨ.

ਨਿਵਾਸ ਦੇ ਲਾਗੇ ਹੀ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਦਫਤਰ ਵਾਲੀ ਬਿਲਡਿੰਗ ਹੈ. ਇਸੇ ਵਿਚ ਸ਼ਰੋਮਣੀ ਅਕਾਲੀ ਦਲ ਦਾ ਦਫਤਰ ਹੈ ਜਿਸ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਰਹਿੰਦੇ ਹਨ. ਹਰ ਕੋਈ ਦੇਖ ਸਕਦਾ ਹੈ ਕਿ ਲੌਂਗੋਵਾਲ ਤੇ ਭਿੰਡਰਾਂਵਾਲਾ ਦੇ ਪੈਰੋਕਾਰਾਂ ਵਿਚਕਾਰ ਕੁੜਤਨ ਤੇ ਵੈਰ ਭਾਵਨਾ ਮੌਜੂਦ ਹੈ. ਜੋ ਵੀ ਪੱਤਰਕਾਰ ਇਹਨਾਂ 'ਚੋਂ ਇਕ ਸੰਤ ਨੂੰ ਮਿਲਦਾ ਹੈ ਤਾਂ ਉਸ ਉਤੇ ਸਵਾਲ ਹੁੰਦਾ ਹੈ ਕਿ ਕੀ ਦੂਜੇ ਸੰਤ ਨੂੰ ਵੀ ਮਿਲੇ ਹੋ ? ਲੌਂਗੋਵਾਲ ਦੇ ਪੈਰੋਕਾਰ ਇਹ ਕਹਿੰਦੇ ਸੁਣੇ ਗਏ ਹਨ ਕਿ ਜਿਸ ਦਿਨ ਭਿੰਡਰਾਂਵਾਲਾ ਮਰਿਆ ਅਸੀਂ ਮਿਠਿਆਈ ਵੰਡਾਂਗੇ. ਭਿੰਡਰਾਂਵਾਲਾ ਦੇ ਪੈਰੋਕਾਰ ਲੌਂਗੋਵਾਲ ਨੂੰ ਰਾਹੋਂ ਖੁੰਝਾ ਦਸਦੇ ਹਨ. ਉਹਨਾਂ ਨੂੰ ਆਸ ਹੈ ਕਿ ਉਹ ਛੇਤੀ ਸਿਧੇ ਰਸਤੇ ਆ ਜਾਏਗਾ ਅਤੇ ਹਾਲ ਦੀ ਘੜੀ ਉਹ ਉਹਨਾਂ ਦੀ ਸੇਧ ਵਿਚ ਹੀ ਚਲ ਰਿਹਾ ਹੈ.

ਭਿੰਡਰਾਂਵਾਲਾ ਅਕਾਲੀ ਦਲ ਬਾਰੇ ਕੋਈ ਗੱਲ ਕਰਨ ਤੋਂ ਇਨਕਾਰੀ ਹੈ. ਉਸ ਦਾ ਕਹਿਣਾ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਦਾ ਸਿਖ ਹੈ, ਇਸ ਕਰਕੇ ਉਸਨੂੰ ਦਲ ਦੀ ਮੈਂਬਰੀ ਲੈਣ ਦੀ ਕੋਈ ਲੋੜ ਨਹੀਂ. ਉਹ ਅਕਾਲੀ ਦਲ ਤੇ ਕੇਂਦਰ ਵਿਚਕਾਰ ਚਲ ਰਹੀ ਗਲਬਾਤ ਬਾਰੇ ਵੀ ਕਹਿ ਦਿੰਦਾ ਹੈ ਕਿ ਲੌਂਗੋਵਾਲ ਤੋਂ ਪੁਛੋ ਪਿਛੇ ਜਹੇ ਸੰਤ ਭਿੰਡਰਾਂਵਾਲਾ ਨੇ ਕਿਹਾ, "ਮੈਨੂੰ ਪਤਾ ਹੈ ਕਿ ਸਰਕਾਰ ਸਾਡੀਆਂ ਮੰਗਾਂ ਨਹੀਂ ਮੰਨ ਰਹੀ. ਮੈਂ ਟਰਾਂਸਮੀਟਰ ਮੰਗਿਆ ਸੀ ਪਰ ਸਰਕਾਰ ਚੁਪ ਹੈ". ਜਦ ਮੈਂ ਸੰਤ ਜੀ ਨੂੰ ਦਸਿਆ ਕਿ ਸਰਕਾਰ ਆਲ ਇੰਡੀਆ ਰੇਡੀਓ ਤੋਂ ਗੁਰਬਾਣੀ ਰੀਲੇ ਕਰਨ ਦਾ ਫੈਸਲਾ ਕਰ ਚੁਕੀ ਹੈ ਤਾਂ ਉਸ ਨੇ ਕਿਹਾ "ਮੈਨੂੰ ਨਹੀਂ ਪਤਾ, ਮੈਨੂੰ ਤਾਂ ਟਰਾਂਸਮੀਟਰ ਚਾਹੀਦਾ ਹੈ".

ਬਲਬੀਰ ਸੰਧੂ ਵੀ ਅਕਾਲੀ ਮੰਗਾਂ ਬਾਰੇ ਕੁਛ ਨਹੀਂ ਬੋਲਦਾ ਕੇਵਲ ਅਜ਼ਾਦ ਖਾਲਿਸਤਾਨ ਦੀ ਗੱਲ ਕਰਦਾ ਹੈ. ਉਸਦਾ ਕਹਿਣਾ ਹੈ ਕਿ ਇਸਦੇ ਵਾਸਤੇ ਛੇਤੀ ਯੁਧ ਸ਼ੁਰੂ ਹੋਣ ਵਾਲਾ ਹੈ. "ਅਸੀਂ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਚੰਗੀ ਤਰ੍ਹਾਂ ਅੱਖਾਂ ਹੇਠ ਰਖ ਰਹੇ ਹਾਂ ਜਿਸ ਕਿਸੇ ਨੇ ਸਾਨੂੰ ਨੀਵਾਂ ਦਿਖਾਉਣ ਦਾ ਜਤਨ ਕੀਤਾ, ਉਸਨੂੰ ਸੋਧ ਦਿਤਾ ਜਾਏਗਾ. ਜੇ ਕਿਸੇ ਨੇ ਖਾਲਿਸਤਾਨ ਵਿਰੁਧ ਇਕ ਅੱਖਰ ਆਖਿਆ ਤਾਂ ਉਸ ਦੀ ਜੀਭ ਕੱਟ ਦਿਤੀ ਜਾਏਗੀ".

ਸੰਤ ਲੌਂਗੋਵਾਲ ਨੇ ਮੈਨੂੰ ਦਸਿਆ ਕਿ ਉਹ ਖਾਲਿਸਤਾਨ ਦੇ ਵਿਰੁਧ ਹੈ ਅਤੇ ਖਾਲਿਸਤਾਨ ਦੀਆਂ ਗੱਲਾਂ ਕੇਵਲ ਇੰਦਰਾ ਕਾਂਗਰਸ ਕਰਦੀ ਹੈ. ਸੁਣਿਆ ਜਾਂਦਾ ਹੈ ਕਿ ਸੰਤ ਜੀ ਨੇ ਬਲਬੀਰ ਸਿੰਘ ਸੰਧੂ ਦੀ ਰਖਿਆ ਕਰਨ ਦੀ ਹਦਾਇਤ ਦਿਤੀ ਹੈ. ਪਾਰਲੀਮੈਂਟ ਅੰਦਰ ਬਹਿਸ ਦੌਰਾਨ ਸੰਧੂ ਬਾਰੇ ਆਖਿਆ ਗਿਆ ਸੀ ਕਿ ਉਹ ਨਾਨਕ ਨਿਵਾਸ ਅੰਦਰ ਮੌਜੂਦ ਹੈ. ਸੰਤ ਲੌਂਗੋਵਾਲ ਦਾ ਕਹਿਣਾ ਹੈ ਕਿ ਨਿਵਾਸ ਅੰਦਰ ਨਾ ਖਾਲਿਸਤਾਨ ਦਾ ਕੋਈ ਦਫਤਰ ਹੈ ਤੇ ਨਾ ਹੀ ਉਥੇ ਬਲਬੀਰ ਸਿੰਘ ਸੰਧੂ ਰਹਿੰਦਾ ਹੈ, ਜਦ ਕਿ ਮੈਂ ਆਪ ਕਮਰਾ ਨੰਬਰ 32 ਵਿਚ ਜਾਕੇ ਸੰਧੂ ਨਾਲ ਮੁਲਾਕਾਤ ਕੀਤੀ ਸੀ ਅਤੇ ਕਲਕਤੇ ਦੇ ਟੈਲੀਗਰਾਫ ਅਖਬਾਰ ਵਿਚ ਮੇਰੀ ਤੇ ਉਸ ਦੀ ਇਸ ਮੁਲਾਕਾਤ ਵੇਲੇ ਦੀ ਫੋਟੋ ਵੀ ਛਪੀ ਸੀ.

ਇਹ ਸਾਫ ਹੈ ਕਿ ਗੁਰੂ ਨਾਨਕ ਨਿਵਾਸ ਵਿਚ ਰਹਿਣ ਵਾਲੇ ਲੋਕ ਅਕਾਲੀ ਦਲ ਦੀ ਰਾਜਸੀ ਯੁਧ ਨੀਤੀ ਨੂੰ ਬੰਦੂਕ ਦੀ ਨੋਕ ਉਤੇ ਪਲੈਨ ਕਰਦੇ ਹਨ. 'ਮੰਗਾਂ ਬਾਰੇ ਕਿਸੇ ਚੰਗੇ ਸਮਝੌਤੇ ਵਿਚ ਉਹਨਾਂ ਨੂੰ ਕੋਈ ਦਿਲਚਸਪੀ ਨਹੀਂ, ਉਹ ਆਪਣੇ ਘੋਲ ਨੂੰ ਅਗੇ ਲਜਾਣ ਵਾਸਤੇ ਹੀ ਗਲਬਾਤ ਨੂੰ ਵਰਤਦੇ ਹਨ ਉਹਨਾਂ ਦਾ ਆਖਰੀ ਮਕਸਦ ਤਾਕਤ ਹਥਿਉਣਾ ਹੈ. ਨਾਨਕ ਨਿਵਾਸ ਅੰਦਰ ਕੋਈ ਕਾਨੂੰਨ ਲਾਗੂ ਨਹੀਂ, ਉਹਨਾਂ ਦੇ ਆਪਣੇ ਹੀ ਨਿਯਮ ਹਨ. ਨਿਵਾਸ ਅੰਦਰ ਇਕ ਜੇਲ ਵੀ ਹੈ ਜਿਥੇ ਉਹ ਚੋਰੀ ਕਰਨ ਵਾਲੇ ਬੰਦੇ ਨੂੰ ਡਕ ਦਿੰਦੇ ਹਨ. ਇਕ ਗਭਰੂ ਨੇ ਮੈਨੂੰ ਦਸਿਆ ਕਿ 'ਉਹ ਬੇਰਹਿਮੀ ਨਾਲ ਉਹਨਾਂ ਦੀ ਕੁਟਮਾਰ ਕਰਦੇ ਹਨ ਜਦ ਤਕ ਉਹ ਤੋਬਾ ਨਾ ਕਰਨ.' ਜਦ ਮੈਂ ਪੁਛਿਆ ਕਿ ਤੋਬਾ ਨਾ ਕਰਨ ਵਾਲਿਆਂ ਨੂੰ ਤੁਸੀਂ ਕੀ ਕਰਦੇ ਹੋ ਤਾਂ ਉਹ ਗਭਰੂ ਦੜ ਵਟ ਗਿਆ.

ਦੋਵੇਂ ਸੰਤ ਧਮਕੀਆਂ ਦਿੰਦੇ ਹਨ ਕਿ ਜੇ ਪੁਲਸ ਨੇ ਕਦੇ ਹਰਮੰਦਰ ਸਾਹਿਬ ਦੀ ਹਦ ਅੰਦਰ ਪੈਰ ਰਖਿਆ ਤਾਂ ਖੂਨ ਦੀਆਂ ਨਦੀਆਂ ਵਗ ਜਾਣਗੀਆਂ. ਨਾਨਕ ਨਿਵਾਸ ਅੰਦਰ ਦੇ ਸਜਣ ਤਾਂ ਖਾਸ ਕਰਕੇ ਸਰਕਾਰ ਅਤੇ ਪੁਲਸ ਦਾ ਮਖੌਲ ਉਡਾਂਦੇ ਹਨ. ਉਹ ਆਪਣੇ ਸ਼ਸਤਰਾਂ ਉਤੇ ਮਾਣ ਕਰਦੇ ਹਨ.

ਪੰਜਾਬ ਪੁਲਸ ਸਰਕਾਰ ਦੀਆਂ ਦੋ ਹਦਾਇਤਾਂ ਉਤੇ ਈਮਾਨਦਾਰੀ ਨਾਲ ਅਮਲ ਕਰ ਰਹੀ ਹੈ. ਪਹਿਲੀ ਇਹ ਕਿ ਕੋਈ ਪੁਲਸ ਵਾਲਾ ਵਰਦੀ ਨਾਲ ਗੁਰਦੁਆਰੇ ਅੰਦਰ ਦਾਖਲ ਨਹੀਂ ਹੋਵੇਗਾ. ਦੂਜੀ ਕਨਵੈਨਸ਼ਨ ਹੈ ਕਿ ਗੁਰਦੁਆਰੇ ਦੇ ਧਾਰਮਕ ਕੰਮਾਂ ਲਈ ਵਰਤੀਆਂ ਜਾਣ ਵਾਲੀਆਂ ਗਡੀਆਂ ਦੀ ਤਲਾਸ਼ੀ ਨਹੀਂ ਲਈ ਜਾਏਗੀ. ਇਹ ਇਕ ਅਨੋਖੀ ਕਨਵੈਨਸ਼ਨ ਹੈ, ਇਸ ਨਾਲ ਹਰਮੰਦਰ ਸਾਹਿਬ ਦੇ ਬਾਹਰ ਲਾਈ ਹੋਈ ਪੁਲਸ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ. ਇਸ ਕਨਵੈਨਸ਼ਨ ਤੋਂ ਲਾਭ ਉਠਾ ਕੇ ਅੱਤਵਾਦੀ ਅਤੇ ਹਥਿਆਰ ਗੁਰੂ ਨਾਨਕ ਨਿਵਾਸ ਅੰਦਰ ਲਿਜਾਏ ਜਾਂਦੇ ਹਨ. ਕਿਹਾ ਜਾਂਦਾ ਹੈ ਕਿ ਪੁਲਸ ਨਾਲ 16 ਮਾਰਚ ਨੂੰ ਹੋਈ ਟੱਕਰ 'ਚ ਹਿੱਸਾ ਲੈਣ ਵਾਲੇ ਅੱਤਵਾਦੀ ਇਹਨਾਂ ਗੱਡੀਆਂ 'ਚ ਹੀ ਆਏ ਸਨ. ਪੁਲਸ ਜੋ ਲਾਗੇ ਬੰਨੇ ਦੇ ਪਿੰਡਾਂ 'ਚ ਅੱਤਵਾਦੀਆਂ ਦੀ ਭਾਲ ਕਰ ਰਹੀ ਸੀ, ਇਸੇ ਕਰਕੇ ਉਹਨਾਂ ਉਤੇ ਹੱਥ ਨਹੀਂ ਪਾ ਸਕੀ.

ਅਕਾਲੀਆਂ ਨੂੰ ਇਹੋ ਜਹੀਆਂ ਦਿਤੀਆਂ ਰਿਆਇਤਾਂ ਦੇ ਦੂਰ ਰਸ ਸਿਟੇ ਨਿਕਲਣਗੇ, ਇਨ੍ਹਾਂ ਨਾਲ ਪੰਜਾਬ ਅੰਦਰ ਹੀ ਨਹੀਂ ਦੇਸ਼ ਦੇ ਦੂਜੇ ਹਿਸਿਆਂ ਵਿਚ ਵੀ ਹਿੰਦੂ ਸਿਖਾਂ ਵਿਚਕਾਰ ਕੌੜ ਵਧ ਸਕਦੀ ਹੈ. ਭਿੰਡਰਾਂਵਾਲਾ ਤੇ ਸੰਧੂ ਦੀ ਅਗਵਾਈ ਹੇਠ ਕੁਝ ਗੈਰ-ਸਮਾਜੀ ਅੰਸ਼ ਵਖਵਾਦ ਦੇ ਬੀਜ ਬੀਜ ਰਹੇ ਹਨ. ਭਿੰਡਰਾਂਵਾਲੇ ਦੇ ਬਿਆਨ ਖਾਸ ਕਰਕੇ ਇਸ ਲਈ ਜ਼ੁਮੇਂਵਾਰ ਹਨ, ਭਿੰਡਰਾਂਵਾਲੇ ਦੇ ਸਵਾਲ-ਕਿ ਪੁਲਸ ਨੇ ਸਿਖਾਂ ਦੀਆਂ ਪਵਿਤਰ ਪੁਸਤਕਾਂ ਸਾੜੀਆਂ, ਗੀਤਾ ਕਿਉਂ ਨਹੀਂ ? ਜਦ ਹਿੰਦੂਆਂ ਨੂੰ ਜਿਨੇਊ ਪਾ ਕੇ ਹਵਾਈ ਜਹਾਜ ਉਤੇ ਚੜ੍ਹਨ ਦੀ ਆਗਿਆ ਹੈ ਤਾਂ ਸਿਖਾਂ ਨੂੰ ਕਿਰਪਾਨ ਦੀ ਕਿਉਂ ਨਹੀਂ, ਖਿਚਾਓ ਪੈਦਾ ਕਰ ਰਹੇ ਹਨ. ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਜੋ ਲੋਕ ਭਿੰਡਰਾਂਵਾਲੇ ਦੀ ਵਧੇਰੇ ਸੁਣਦੇ ਹਨ ਮਾਸੂਮ ਅਨਪੜ੍ਹ ਪੇਂਡੂ ਹਨ ਜੋ ਭਿੰਡਰਾਂਵਾਲੇ ਦੀ ਇਹ ਸਮਝਕੇ ਪੂਜਾ ਕਰਦੇ ਹਨ ਕਿ ਉਹ ਗੁਰੂ ਗਰੰਥ ਸਾਹਿਬ ਦਾ ਪਰਚਾਰ ਕਰਨ ਵਾਲਾ ਧਾਰਮਿਕ ਆਗੂ ਹੈ.

ਭਿੰਡਰਾਂਵਾਲੇ ਦੇ ਲੈਕਚਰ ਸਿਖ ਗਭਰੂਆਂ ਖਾਸ ਕਰਕੇ ਅਤਿਵਾਦੀਆਂ ਉਤੇ ਬਹੁਤ ਅਸਰ ਕਰਦੇ ਹਨ. ਅਜ ਦੀ ਹਾਲਤ ਵਿਚ ਹਿੰਦੂ ਆਪਣੇ ਆਪ ਨੂੰ ਅਸੁਰਖਿਅਤ ਮਹਿਸੂਸ ਕਰਦੇ ਹਨ. ਧਨੀ ਹਿੰਦੂ ਕਾਰੋਬਾਰੀ ਲੋਕਾਂ ਅਤੇ ਸਨਅਤਕਾਰਾਂ ਨੇ ਜਵਾਬੀ ਤੌਰ ਉਤੇ "ਹਿੰਦੂ ਰਕਸ਼ਾ ਸੰਮਤੀ" ਬਣਾਈ ਹੈ. ਲੋਕੀ ਕਿਸੀ ਟਕਰ ਵੇਲੇ ਵਰਤਨ ਵਾਸਤੇ ਇਟਾਂ ਰੋੜੇ ਜਮਾਂ ਕਰ ਰਹੇ ਹਨ.

ਵਡੇਰੀ ਉਮਰ ਦੇ ਲੋਕ ਅਜ ਦੀ ਹਾਲਤ ਦਾ ਦੇਸ਼ ਦੀ ਵੰਡ ਵੇਲੇ ਦੀ ਹਾਲਤ ਨਾਲ ਮੁਕਾਬਲਾ ਕਰ ਰਹੇ ਹਨ. ਅਗੇ ਹਰਿਮੰਦਰ ਸਾਹਿਬ ਅੰਦਰ ਹਿੰਦੂ ਬਹੁਤ ਵਡੀ ਗਿਣਤੀ ਵਿਚ ਆਇਆ ਕਰਦੇ ਸਨ ਪਰ ਅਜ ਗਿਣਤੀ ਬਹੁਤ ਘਟ ਗਈ ਹੈ.

ਅਕਾਲੀ ਮੋਰਚੇ ਨੇ ਸ਼ਹਿਰ ਅੰਦਰ ਵਪਾਰ ਉਤੇ ਬਹੁਤ ਬੁਰਾ ਅਸਰ ਪਾਇਆ ਹੈ. ਮਹਿਸੂਲ ਚੁੰਗੀਆਂ ਦੀ ਆਮਦਨ ਘਟ ਗਈ ਹੈ. ਹੋਟਲਾਂ ਵਾਲੇ ਵੀ ਰੋ ਰਹੇ ਹਨ. ਇਸ ਸਾਲ ਅੰਮ੍ਰਿਤਸਰ ਦਾ ਪ੍ਰਸਿਧ ਵੈਸਾਖੀ ਮੇਲਾ ਵੀ ਨਹੀਂ ਹੋਇਆ.

ਨਾ ਖਤਮ ਹੋਣ ਵਾਲੇ ਖਿਚਾਉ ਨੇ ਜ਼ਿਲਾ ਤੇ ਪੁਲਸ ਪ੍ਰਬੰਧਕ ਮਸ਼ੀਨਰੀ ਉਤੇ ਵੀ ਡਾਢਾ ਅਸਰ ਪਾਇਆ ਹੈ. ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ੍ਰੀ ਸਰਦਾਰਾ ਸਿੰਘ ਦਾ ਕਹਿਣਾ ਹੈ "ਮੈਂ ਸਵੇਰੇ ਉਠ ਕੇ ਅਰਦਾਸ ਕਰਦਾ ਹਾਂ ਕਿ ਅਜ ਦਾ ਦਿਨ ਸੁਖ ਨਾਲ ਲੰਘ ਜਾਵੇ ਅਤੇ ਰਾਤ ਨੂੰ ਵਾਹਿਗੁਰੂ ਦਾ ਸ਼ੁਕਰ ਕਰਦਾ ਹਾਂ ਕਿ ਦਿਨ ਸੁਖੀਂ ਸਾਂਦੀ ਲੰਘ ਗਿਆ". ਆਮ ਲੋਕੀਂ ਇਸ ਖਿਚੋਤਾਣ ਦਾ ਅੰਤ ਚਾਹੁੰਦੇ ਹਨ.

ਹਲ ਕੀ ਹੈ ? ਮੇਰੇ ਮਨ ਵਿਚ ਪਹਿਲਾ ਹਲ ਹੈ ਕਿ ਕੇਂਦਰ ਨਾਲ ਗਲਬਾਤ ਹੋਵੇ. ਗੁਰੂ ਨਾਨਕ ਨਿਵਾਸ ਅੰਦਰ ਦਾ ਅਤੇ ਭਿੰਡਰਾਂਵਾਲਾ ਤੇ ਸੰਧੂ ਦੇ ਇਰਦ ਗਿਰਦ ਦਾ ਮਹੌਲ ਦਸਦਾ ਹੈ ਕਿ ਅਕਾਲੀ ਮੰਗਾਂ ਮੰਨੀਆਂ ਜਾਣ ਤੋਂ ਬਾਅਦ ਵੀ ਅਮਨ ਸ਼ਾਂਤੀ ਨਹੀਂ ਹੋਣ ਲੱਗੀ.

ਸਾਫ ਦਿਸਦਾ ਹੈ ਕਿ ਉਹ ਅਮਨ ਦੇ ਇਛੁਕ ਨਹੀਂ, ਤਾਕਤ ਹਥਿਆਉਣ ਦਾ ਦਰਿੜ੍ਹ ਸੰਕਲਪ ਰਖਦੇ ਹਨ.





ਨਵੀਂ ਦਿੱਲੀ ਵਿਖੇ ਦਿੱਲੀ ਦੇ ਅਕਾਲੀ ਵਰਕਰ ਪ੍ਰਧਾਨ ਮੰਤਰੀ ਦੀ ਕੋਠੀ ਅੱਗੇ ਪੰਜਾਬ ਵਿਚ ਅਕਾਲੀਆਂ ਵਿਰੁਧ ਕੀਤੀ ਪੁਲੀਸ ਕਾਰਵਾਈ ਦੇ ਖਿਲਾਫ ਰੋਸ ਪ੍ਰਗਟ ਕਰਦੇ ਹੋਏ।

## ਵਿਸ਼ਵ ਪੰਜਾਬੀ ਕਾਨਫਰੰਸ ਦੀ ਤਿਆਰੀ

# ਬੰਬਈ, ਕਲਕੱਤਾ ਤੇ ਲੰਡਨ ਚ ਪੰਜਾਬੀ ਕਨਵੈਨਸ਼ਨਾਂ

ਚੰਡੀਗੜ੍ਹ (ਪੀ. ਟੀ. ਆਈ.)—ਨਵੀਂ ਦਿੱਲੀ 'ਚ ਇਸ ਸਾਲ 27-28 ਦਸੰਬਰ ਤੋਂ ਹੋਣ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਦੀ ਤਿਆਰੀ ਦੇ ਸਿਲਸਿਲੇ 'ਚ ਅਤੇ ਸੰਸਾਰ ਭਰ ਦੇ ਪੰਜਾਬੀਆਂ ਦੀ ਹਮਾਇਤ ਪ੍ਰਾਪਤ ਕਰਨ ਲਈ, ਇਸ ਤੋਂ ਪਹਿਲਾਂ ਦੋ ਤਿਆਰੀ ਕਨਵੈਨਸ਼ਨਾਂ ਕਲਕੱਤਾ ਤੇ ਲੰਡਨ 'ਚ 18 ਤੇ 19 ਜੂਨ ਨੂੰ ਹੋਣਗੀਆਂ।

ਕਾਨਫਰੰਸ ਦੇ ਕਨਵੀਨਰ ਡਾ: ਗੁਰਨਾਮ ਸਿੰਘ ਤੀਰ ਨੇ ਦਸਿਆ ਕਿ ਦਰਜਨ ਦੇ ਲਗਪਗ ਦੇਸ਼ਾਂ ਅਮਰੀਕਾ, ਇਟਲੀ, ਹਾਲੈਂਡ, ਇੰਗਲੈਂਡ, ਕਨੇਡਾ, ਫਰਾਂਸ ਆਦਿ ਦੇ ਪੰਜਾਬੀ ਲੇਖਕਾਂ ਦੀ ਮੀਟਿੰਗ ਲੰਡਨ ਵਿਖੇ ਪ੍ਰਸਿੱਧ ਨਾਵਲਕਾਰ ਜਸਵੰਤ ਸਿਘ ਕੰਵਲ ਦੀ ਪ੍ਰਧਾਨਗੀ ਹੇਠ ਹੋਏਗੀ।

# ਸ਼ਹੀਦ ਕਾਂਸ਼ੀ ਰਾਮ (ਖਜ਼ਾਨਚੀ ਗ਼ਦਰ ਪਾਰਟੀ) ਦੀ ਜਨਮ ਸ਼ਤਾਬਦੀ ਤੇ

## 16 ਤੇ 17 ਜੁਲਾਈ, 83 ਨੂੰ ਟੂਰਨਾਮੈਂਟ

**ਸਿਸਲਰ ਹਾਈ ਸਕੂਲ 1360 ਰੈਡਵੁਡ ਸਟਰੀਟ ਵਿਨੀਪੈਗ ਦੀ ਗਰਾਊਂਡ ਵਿਚ ਹੋਵੇਗਾ**

ਜਿਸ ਵਿਚ ਫੁੱਟਬਾਲ, ਕਬੱਡੀ, ਐਥਲਿਟਕਸ ਆਦਿ ਹੋਰ ਵੀ ਖੇਡਾਂ ਹੋਣਗੀਆਂ

10 ਜੁਲਾਈ ਤੱਕ ਇੰਟਰੀਆਂ ਪਹੁੰਚਣੀਆਂ ਚਾਹੀਦੀਆਂ ਹਨ



ਸ਼ਹੀਦ ਕਾਂਸ਼ੀ ਰਾਮ

ਹੋਰ ਜਾਣਕਾਰੀ ਲਈ ਫੋਨ ਕਰੋ : -

ਰਾਜਿੰਦਰ ਸਿੰਘ ਧਾਲੀਵਾਲ 633-5229
ਹਰਭਜਨ ਸਿੰਘ 633-3130
ਗੁਰਨਾਮ ਧਾਲੀਵਾਲ 633-1754

ਸ਼ਹੀਦ ਕਾਂਸ਼ੀ ਰਾਮ ਜਨਮ ਸ਼ਤਾਬਦੀ ਕਮੇਟੀ ਅਤੇ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ

# INDIA CLOTH HOUSE

6565 Main Street Vancouver, B.C.

ਫ਼ੋਨ : 321-7866
ਜਾਂ 327-1888

ਕੱਪੜੇ ਦੀ
ਸਪੈਸ਼ਲ ਸੇਲ
ਤੋਂ ਲਾਭ ਉਠਾਓ





ਅਸੀਂ ਹੋਲ ਸੇਲ ਵੀ ਕਰਦੇ ਹਾਂ ਦੁਕਾਨਦਾਰ ਭਰਾ ਪਹੁੰਚ ਕਰਨ

ਰੀਟੇਲ ਵਿਚ ਚੀਜ਼ਾਂ ਹੋਲ ਭਾਅ 'ਚ ਖਰੀਦੋ

ਲੱਕੀ ਡ੍ਰਾਅ

ਪਹਿਲਾ ਇਨਾਮ:— ਟੈਲੀਫੋਨ ਸੈਟ ਜਿਸ ਵਿੱਚ am/fm ਕਲਾਕ ਰੇਡੀਓ ਵੀ ਹੈ

ਅਤੇ 10 ਹੋਰ ਵੱਖਰੇ ੨ ਸੁੰਦਰ ਇਨਾਮ

ਗ੍ਰੈਂਡ ਓਪਨਿੰਗ ਸੇਲ ਅਜੇ ਵੀ ਚਾਲੂ ਹੈ

ਸਟੋਰ ਵਿੱਚ ਪਈ ਹਰ ਚੀਜ਼ ਤੇ ਸਪੈਸ਼ਲ

ਸਪੈਸ਼ਲ ਸੇਲ

ਘੜੀ ਵਾਲਾ ਪੈਨ




NOW FOR THE COST OF A FIRST QUALITY PEN YOU CAN HAVE A DIGITAL WATCH AT YOUR FINGERTIPS ... A USEFUL WRITING TOOL OR A GIFT FOR FRIENDS SILVER

per customer



2.99